
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



12ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -12 ISSUE - 20
August 23, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ  ਸੰਪਰਕ : 916-947-8920  ਫੈਕਸ : 916-238-1393  E-mail : deshdoaba@yahoo.com  ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


## ਮੋਦੀ ਨੇ ਦਿੱਤੀ ਵਧਾਈ



ਚੰਦਰਯਾਨ-3 ਦੇ ਸਫਲ ਸਾਫਟ ਲੈਂਡਿੰਗ ਤੋਂ ਬਾਅਦ, ਪ੍ਰਧਾਨ ਮੰਤਰੀ ਮੋਦੀ ਨੇ ਇਸਰੋ ਦੇ ਮੁਖੀ ਐਸ ਸੋਮਨਾਥ ਨਾਲ ਫੋਨ 'ਤੇ ਗੱਲ ਕੀਤੀ। ਪੀਐਮ ਮੋਦੀ ਨੇ ਚੰਦਰਯਾਨ-3 ਦੀ ਸਫਲ ਲੈਂਡਿੰਗ 'ਤੇ ਇਸਰੋ ਮੁਖੀ ਨੂੰ ਵਧਾਈ ਦਿੱਤੀ ਹੈ। ਸ੍ਰੀ ਮੋਦੀ ਨੇ ਕਿਹਾ, "ਤੁਹਾਡਾ ਨਾਮ ਸੋਮਨਾਥ ਹੈ ਅਤੇ ਸੋਮਨਾਥ ਚੰਦ ਨਾਲ ਜੁੜਿਆ ਹੋਇਆ ਹੈ ਅਤੇ ਇਸ ਲਈ ਤੁਹਾਡੇ ਪਰਿਵਾਰ ਦੇ ਮੈਂਬਰ ਵੀ ਅੱਜ ਬਹੁਤ ਖੁਸ਼ ਹੋਣਗੇ।" ਪੀਐਮ ਮੋਦੀ ਨੇ ਅੱਗੇ ਕਿਹਾ, "ਮੇਰੇ ਵੱਲੋਂ ਤੁਹਾਡੀ ਪੂਰੀ ਟੀਮ ਨੂੰ ਬਹੁਤ-ਬਹੁਤ ਵਧਾਈਆਂ ਅਤੇ ਸਮੂਹ ਭਾਰਤ ਦੇ ਵਾਸੀਆਂ ਨੂੰ ਵਧਾਈ। ਨਾਲ ਹੀ, ਪੀਐਮ ਮੋਦੀ ਨੇ ਕਿਹਾ ਕਿ ਮੈਂ ਬੈਂਗਲੁਰੂ ਵਿੱਚ ਵੀ ਤੁਹਾਨੂੰ ਸਾਰਿਆਂ ਨੂੰ ਵਧਾਈ ਦੇਵਾਂਗਾ।

## ਚੰਦਰਯਾਨ ਮਿਸ਼ਨ ਆਰੰਭ ਕਰਨ ਵਾਲੇ ਵਿਗਿਆਨੀ ਖੁਸ਼

**ਨਵੀ ਦਿੱਲੀ-** 7 ਸਤੰਬਰ, 2019 ਦਾ ਦਿਨ, ਜਦੋਂ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਤਤਕਾਲੀ ਮੁਖੀ ਕੇ. ਸਿਵਾਨ ਦੀ ਪ੍ਰਧਾਨਗੀ 'ਚ ਕੁਝ ਤਕਨੀਕੀ ਖਾਮੀਆਂ ਕਾਰਨ ਚੰਦਰਯਾਨ-2 ਸਫਲ ਨਹੀਂ ਹੋ ਸਕਿਆ।



ਉਸ ਦਿਨ ਤੋਂ ਉਸ ਦੀਆਂ ਅੱਖਾਂ ਆਪਣੇ ਅਧੂਰੇ ਸੁਪਨੇ ਦੇ ਸਾਕਾਰ ਹੋਣ ਦੀ ਉਡੀਕ ਕਰ ਰਹੀਆਂ ਸਨ। 23 ਅਗਸਤ 2023 (ਬੁੱਧਵਾਰ) ਨੂੰ ਸਾਰੇ ਦੇਸ਼ ਵਾਸੀਆਂ ਨਾਲ ਕੇ ਸਿਵਨ ਲਈ ਬਹੁਤ ਖਾਸ ਹੈ। ਇਸਰੋ ਦੇ ਸਾਬਕਾ ਮੁਖੀ ਕੇ ਸਿਵਨ ਨੇ ਇਸਰੋ ਦੇ ਤੀਜੇ ਚੰਦਰ ਮਿਸ਼ਨ ਚੰਦਰਯਾਨ-3 ਨੂੰ ਚੰਦਰਮਾ 'ਤੇ ਸਫਲ ਲੈਂਡਿੰਗ 'ਤੇ ਵਧਾਈ ਦਿੱਤੀ ਹੈ। ਇਸ ਮੌਕੇ ਉਨ੍ਹਾਂ ਕਿਹਾ, "ਅਸੀਂ ਸੱਚਮੁੱਚ ਉਤਸ਼ਾਹਿਤ ਹਾਂ... ਅਸੀਂ ਲੰਬੇ ਸਮੇਂ ਤੋਂ ਇਸ ਪਲ ਦੀ ਉਡੀਕ ਕਰ ਰਹੇ ਹਾਂ। ਮੈਂ ਬਹੁਤ ਖੁਸ਼ ਹਾਂ।" ਚੰਦਰਯਾਨ-3 ਦੀ ਸਫਲਤਾ 'ਤੇ ਖੁਸ਼ੀ ਜ਼ਾਹਰ ਕਰਦੇ ਹੋਏ, ਇਸਰੋ ਦੇ ਸਾਬਕਾ ਚੇਅਰਮੈਨ ਨੇ ਵੀ ਪ੍ਰੋਗਰਾਮ ਨੂੰ ਸਮਰਥਨ ਦੇਣ ਲਈ ਸਰਕਾਰ ਨੂੰ ਵਧਾਈ ਦਿੱਤੀ।

# ਚੰਦਰਮਾ ਦੇ ਦੱਖਣੀ ਧਰੁਵ 'ਤੇ ਲੈਂਡਿੰਗ ਕਰਕੇ ਭਾਰਤ ਨੇ ਰਚਿਆ ਇਤਿਹਾਸ



**ਬੰਗਲੌਰ (ਬਿਊਰੋ)-** ਭਾਰਤ ਨੇ ਬੁੱਧਵਾਰ ਨੂੰ ਆਪਣੇ ਚੰਦ ਮਿਸ਼ਨ ਚੰਦਰਯਾਨ-3 ਦੇ ਚੰਦਰਮਾ ਦੀ ਸਤ੍ਹਾ 'ਤੇ ਉਤਰਨ ਤੋਂ ਬਾਅਦ ਇਤਿਹਾਸ ਰਚ ਦਿੱਤਾ। ਇਸਰੋ ਨੇ ਆਪਣੇ ਲਾਈਵ ਪ੍ਰਸਾਰਣ ਵਿੱਚ ਇਸ ਦੀ ਜਾਣਕਾਰੀ ਦਿੱਤੀ ਹੈ। ਇਸ ਨਾਲ ਭਾਰਤ ਚੰਦਰਮਾ ਦੇ ਦੱਖਣੀ ਧਰੁਵ 'ਤੇ ਉਤਰਨ ਵਾਲਾ ਪਹਿਲਾ ਦੇਸ਼ ਬਣ ਗਿਆ ਹੈ। ਇੰਡੀਅਨ ਸਪੇਸ ਰਿਸਰਚ ਆਰਗੇਨਾਈਜ਼ੇਸ਼ਨ (ਇਸਰੋ) ਦੇ ਚੰਦਰਯਾਨ-3 ਨੂੰ ਆਂਧਰਾ ਪ੍ਰਦੇਸ਼ ਦੇ ਸ਼੍ਰੀਹਰੀਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਤੋਂ 14 ਜੁਲਾਈ ਨੂੰ ਚੰਦਰਮਾ 'ਤੇ ਸਾਫਟ ਲੈਂਡਿੰਗ ਨੂੰ ਨਿਸ਼ਾਨਾ ਬਣਾਉਂਦੇ ਹੋਏ ਲਾਂਚ ਕੀਤਾ ਗਿਆ ਸੀ। ਚੰਦਰ ਦੇ ਦੱਖਣੀ ਧਰੁਵ ਨੂੰ ਲੈਂਡਿੰਗ ਸਾਈਟ ਵਜੋਂ ਚੁਣਿਆ ਗਿਆ ਸੀ ਕਿਉਂਕਿ ਇਸ ਵਿੱਚ ਪਰਛਾਵੇਂ ਵਾਲੇ ਟੋਇਆਂ ਦੇ ਅੰਦਰ ਪਾਣੀ ਅਤੇ ਬਰਫ਼ ਦੀ ਮੌਜੂਦਗੀ ਹੈ। ਚੰਦਰਯਾਨ 3 ਦੀ ਲੈਂਡਿੰਗ ਤੋਂ ਬਾਅਦ, ਵਿਕਰਮ ਲੈਂਡਰ ਚੰਦਰਮਾ ਦੀ ਸਤਹ ਦੀ ਬਣਤਰ, ਚੰਦਰਮਾ ਦੀ ਮਿੱਟੀ ਵਿੱਚ ਪਾਣੀ ਦੀ ਬਰਫ਼ ਦੀ ਮੌਜੂਦਗੀ, ਚੰਦਰਮਾ ਦੇ ਪ੍ਰਭਾਵਾਂ ਦੇ ਇਤਿਹਾਸ ਅਤੇ ਸਮੇਂ ਦੇ ਨਾਲ ਚੰਦਰਮਾ ਦਾ ਵਾਯੂਮੰਡਲ ਕਿਵੇਂ ਵਿਕਸਿਤ ਹੋਇਆ ਹੈ ਬਾਰੇ ਡੂੰਘਾਈ ਨਾਲ ਜਾਣਕਾਰੀ ਪ੍ਰਦਾਨ ਕਰੇਗਾ। ਇਸਰੋ ਦੇ ਇਸ ਮਿਸ਼ਨ ਦੀ ਸਫਲਤਾ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸਰੋ ਨੂੰ ਵਧਾਈ ਦਿੰਦੇ ਹੋਏ ਖੁਸ਼ੀ ਜ਼ਾਹਰ ਕੀਤੀ ਹੈ। ਇਸ ਦੌਰਾਨ ਉਨ੍ਹਾਂ ਆਪਣੇ ਇੱਕ ਸੰਬੋਧਨ ਵਿੱਚ ਕਿਹਾ ਕਿ ਇਸ ਮਿਸ਼ਨ ਤੋਂ ਬਾਅਦ ਹਰ ਭਾਰਤੀ ਦਾ ਸੀਨਾ ਮਾਣ ਨਾਲ ਉੱਚਾ ਹੋ ਗਿਆ ਹੈ।

**ਕਈ ਲੱਖ ਲੋਕਾਂ ਨੇ ਵੇਖੀ ਚੰਦਰਯਾਨ-3 ਦੀ ਲੈਂਡਿੰਗ, ਬਣਾਇਆ ਰਿਕਾਰਡ**

ਚੰਦਰਯਾਨ-3 ਨੇ ਵਿਸ਼ਵ ਰਿਕਾਰਡ ਬਣਾਇਆ ਹੈ। 3.4 ਮਿਲੀਅਨ ਲੋਕਾਂ ਨੇ ਇੱਕ ਸਮੇਂ ਵਿੱਚ ਇਸ ਮਿਸ਼ਨ ਨੂੰ ਦੇਖ ਕੇ ਵਿਸ਼ਵ ਰਿਕਾਰਡ ਬਣਾਇਆ ਹੈ। ਦੱਸ ਦੇਈਏ ਕਿ ਚੰਦਰਯਾਨ-3 ਦੇ ਸਫਲ ਲੈਂਡਿੰਗ ਨਾਲ ਭਾਰਤ ਅਮਰੀਕਾ, ਚੀਨ ਅਤੇ ਸੋਵੀਅਤ ਸੰਘ ਤੋਂ ਬਾਅਦ ਅਜਿਹਾ ਕਰਨ ਵਾਲਾ ਚੌਥਾ ਦੇਸ਼ ਬਣ ਗਿਆ ਹੈ। ਨਾਲ ਹੀ, ਭਾਰਤ ਧਰਤੀ ਦੇ ਇਕਲੌਤੇ ਕੁਦਰਤੀ ਉਪਗ੍ਰਹਿ ਦੇ ਅਣਚਾਹੇ ਦੱਖਣੀ ਧਰੁਵ ਤੱਕ ਪਹੁੰਚਣ ਵਾਲਾ ਪਹਿਲਾ ਦੇਸ਼ ਬਣ ਗਿਆ ਹੈ। ਜੇਕਰ ਮਿਸ਼ਨ ਸਫਲ ਹੋ ਜਾਂਦਾ ਹੈ, ਤਾਂ ਵਿਕਰਮ ਲੈਂਡਰ ਅਤੇ ਰੋਵਰ ਇੱਕ ਚੰਦਰ ਦਿਨ, ਜੋ ਕਿ ਧਰਤੀ 'ਤੇ 14 ਦਿਨਾਂ ਦੇ ਬਰਾਬਰ ਰਹੇਗਾ।


Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

ਸੋਹੰ

ਹਰਿ

# SRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਗੁਰੂ ਪਿਆਰੀ ਸਾਧ ਸੰਗਤ ਜੀਓ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

**ਅਗਸਤ 27, 2023**

ਸੁਖਮਨੀ ਸਾਹਿਬ ਜੀ ਦੇ ਪਾਠ ਦੀ ਸੇਵਾ ਸ੍ਰੀ ਇੰਦਰਪਾਲ ਸਿੰਘ ਜੀ ਦੇ ਪਰਿਵਾਰ ਵੱਲੋਂ ਕਰਵਾਈ ਜਾਵੇਗੀ।

**ਸਤੰਬਰ 8-9-10, 2023**

ਸ੍ਰੀ ਅਖੰਡ ਪਾਠ ਸਾਹਿਬ ਜੀ 8 ਸਤੰਬਰ ਨੂੰ ਆਰੰਭ ਹੋਣਗੇ, ਜਿਹਨਾਂ ਦੇ ਭੋਗ 10 ਸਤੰਬਰ, 2023 ਦਿਨ ਐਤਵਾਰ ਨੂੰ ਪਾਏ ਜਾਣਗੇ। ਪਾਠ ਦੀ ਸੇਵਾ ਕੁਲਦੀਪ ਸਿੰਘ ਸੈਣੀ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਲਈ ਗਈ ਹੈ ਜੀ।

Sangat Sewadars www.sriguruuravidasstemple.com

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |


# SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਅਮਰੀਕਨ ਪੰਜਾਬੀ ਕਾਰੋਬਾਰੀ ਮਾਲਕਾਂ ਨੇ ਬਿੱਲ SB553 ਨੂੰ ਲੈ ਕੇ ਸੈਕਰਾਮੈਂਟੋ ਕੈਪੀਟਲ ਵਿਖੇ ਵਿਰੋਧ ਪ੍ਰਦਰਸ਼ਨ ਕੀਤਾ

## ਇਸ ਬਿੱਲ ਪਾਸ ਹੋਣ ਨਾਲ ਕੋਈ ਵੀ ਚੋਰ ਸਟੋਰ ਤੋਂ 950 ਡਾਲਰ ਦੀ ਚੋਰੀ ਕਰ ਸਕਦਾ ਹੈ







**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਕੈਲੀਫੋਰਨਆ ਦੀ ਰਾਜਧਾਨੀ ਸੈਕਰਾਮੈਂਟੋ ਦੀ ਕੈਪੀਟਲ ਅੱਗੇ ਸੈਂਕੜੇ ਛੋਟੇ ਸਟੋਰ ਮਾਲਕਾਂਤੇ ਗੈਸ ਸਟੇਸ਼ਨਾਂ ਦੇ ਮਾਲਕਾਂ ਨੇ ਬਿੱਲ ਂਭ553 ਦੇ ਖਿਲਾਫ ਭਰਵਾਂ ਮੁਜਾਹਰਾ ਕੀਤਾ ਇਹ ਬਿੱਲ ਚੋਰਾਂ ਵਲੋਂ ਸਟੋਰਾਂ ਹੁੰਦੀ ਚੋਰੀ ਨੂੰ ਵੱਧ ਉਤਸ਼ਾਹਿਤ ਕਰੇਗਾ ਜਿਸ ਨੂੰ ਸਟੋਰ ਮਾਲਕ ਚਹੁੰਦਿਆਂ ਹੋਇਆਂ ਵੀ ਰੋਕ ਨਹੀਂ ਸਕਦਾ। ਵੱਖ ਵੱਖ ਖੇਤਰਾਂ ਚੋਂ ਇੱਕੱਤਰ ਹੋਏ ਛੋਟੇ ਕਾਰੋਬਾਰੀ ਮਾਲਕਾਂ ਦਾ ਕਹਿਣਾ ਹੈ ਕਿ ਇਹ ਬਿੱਲ ਉਹਨਾਂ ਨੂੰ ਕਾਰੋਬਾਰ ਤੋਂ ਬਾਹਰ ਕਰ ਦੇਵੇਗਾ। ਛੋਟੇ ਕਾਰੋਬਾਰੀਆਂ ਨੂੰ ਚਿੰਤਾ ਹੈ ਕਿ ਬਿੱਲ ਪਾਸ ਹੋਣ ਨਾਲ ਦੁਕਾਨਾਂ ਦੀ ਚੋਰੀ ਵਧੇਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸੁਰੱਖਿਆ ਗਾਰਡਾਂ ਨੂੰ ਨਿਯੁਕਤ ਕਰਨਾ ਬਹੁਤ ਮਹਿੰਗਾ ਹੋਵੇਗਾ। ਅਮਰੀਕੀ ਪੈਟਰੋਲੀਅਮ ਅਤੇ ਸੁਵਿਧਾ ਸਟੋਰ ਐਸੋਸੀਏਸ਼ਨ ਦੇ ਮੈਂਬਰ ਹਰਮਿੰਦਰ ਸਿੰਘ ਨੇ ਕਿਹਾ, ਇਸ ਬਿੱਲ ਨੂੰ ਪਰਚੂਨ ਕਾਰੋਬਾਰੀ ਕਿਲਰ ਐਸਬੀ 553 ਕਿਹਾ ਜਾਣਾ ਚਾਹੀਦਾ ਹੈ। ਇਹ ਬਿੱਲ ਇਸ ਬਾਰੇ ਕੁਝ ਨਹੀਂ ਕਹਿੰਦਾ ਕਿ ਅਸੀਂ ਦੁਕਾਨਦਾਰਾਂ ਅਤੇ ਕਾਰੋਬਾਰ ਅਤੇ ਲੁਟੇਰਿਆਂ ਤੋਂ ਸਪਲਾਈ ਕਿਵੇਂ ਸੁਰੱਖਿਅਤ ਰੱਖਾਂਗੇ। ਬਿਲ ਵਿੱਚੋਂ ਇਹ ਦੋ ਚੀਜ਼ਾਂ ਗਾਇਬ ਹਨ। ਇਸ ਲਈ ਅਸੀਂ ਇਸ ਬਿੱਲ ਦਾ ਵਿਰੋਧ ਕਰਦੇ ਹਾਂ। ਇਸ ਮੌਕੇ ਸਟੇਟ ਸੈਨੇਟਰ ਡੇਵ ਕੋਰਟੀਜ਼ ਜਿਸ ਦੁਆਰਾ ਇਹ ਬਿੱਲ ਲਿਆਂਦਾ ਗਿਆ ਸੀ ਨੇ ਸਟੋਰ ਮਾਲਕਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਇਸ ਬਿੱਲ ਦਾ ਉਦੇਸ਼ ਕੰਮ ਵਾਲੀ ਥਾਂ 'ਤੇ ਹਿੰਸਾ ਨੂੰ ਰੋਕਣਾ ਹੈ। ਉਨਾਂ ਕਈ ਸਵਾਲਾਂ ਦੇ ਜਵਾਬ ਵੀ ਦਿੱਤੇ ਪਰ ਕਾਰੋਬਾਰੀਆਂ ਨੂੰ ਸੰਤੁਸ਼ਟ ਨਹੀਂ ਕਰ ਸਕੇ। ਜਦੋਂ ਕਈ ਕਾਰੋਬਾਰੀ ਉਤੇਜਿਤ ਵੀ ਹੋਏ ਇਸ ਦੌਰਾਨ ਸੇਨੇਟਰ ਨੂੰ ਸਕਿਉਰਿਟੀ ਨੇ ਘੇਰੇ 'ਚ ਲੈ ਲਿਆ। ਇਸ ਮੌਕੇ ਜਸਕਰਨ ਸਹੋਤਾ ਨੇ ਵੱਖ ਵੱਖ ਬੁਲਾਰਿਆਂ ਨੂੰ ਵਿਚਾਰ ਦੇਣ ਲਈ ਮਾਈਕ ਤੇ ਬੁਲਾਇਆ ਇਹਨਾਂ ਬੁਲਾਰਿਆਂ ਵਿੱਚ ਹਰਮਿੰਦਰ ਸਿੰਘ, ਜੇਮਜ ਗੇਲੇਗਰ ਅਸੈਂਬਲੀਮੈਂਨ ਯੂਬਾ ਸਿਟੀ, ਬਰਾਇਨ ਡਾਹਲੀ ਰਿਪਬਲਿਕਨ ਗਵਰਨਰ ਸੁਮਨਜੀਤ ਸਹੋਤਾ, ਪਰਮਜੀਤ ਖੈਰਾ ਰੋਜਵਿਲ, ਮਿਸਟਰ ਸਕੌਟ, ਜਸਵਿੰਦਰ ਸਿੰਘ ਯੂਬਾ ਸਿਟੀ, ਰਾਜ ਕਰਨਵੀਰ ਸਿੰਘ ਆਦਿ ਨੇ ਸੰਬੋਧਿਨ ਕੀਤਾ ਬਾਕੀ ਖਾਸ ਸ਼ਾਮਿਲ ਹੋਣ ਵਾਲਿਆਂ ਵਿੱਚ ਹਰਜੋਤ ਸਿੰਘ ਖਾਲਸਾ, ਕਰਮਦੀਪ ਸਿੰਘ ਬੈਂਸ ਕਾਉਂਟੀ ਸੁਪਰਵੀਜਰ ਯੂਬਾ ਸਿਟੀ, ਕੁਲਵੰਤ ਸਿੰਘ ਖਹਿਰਾ, ਬਿੱਲਾ ਸੰਘੇੜਾ, ਗੁਰਜਤਿੰਦਰ ਸਿੰਘ ਰੰਧਾਵਾ, ਐਂਡੀ ਛਿਕਾਰਾ, ਗੁਰਦੇਵ ਸਿੰਘ ਤੂਰ, ਗੁਰਮੀਤ ਸਿੰਘ ਵੜੈਚ, ਕਸ਼ਮੀਰ ਸਿੰਘ, ਬੌਬੀ ਸਿੰਘ ਐਲਨ ਮੇਅਰ ਐਲਕ ਗਰੋਵ ਅਦਿ ਨੇ ਸਮੂਲਿਅਤ ਕੀਤੀ। ਮੁਜਾਹਰੇ ਚ ਸ਼ਾਮਿਲ ਇਕ ਕਾਰੋਬਾਰੀ ਹਰਜੋਤ ਸਿੰਘ ਖਾਲਸਾ ਨੇ ਕਿਹਾ ਕਿ ਪਿਛਲੇ ਸਾਲ, ਰੋਜ਼ਵਿਲ ਗੈਲਰੀਆ ਵਿੱਚ ਇੱਕ ਗਹਿਣਿਆਂ ਦੀ ਦੁਕਾਨ ਵਿੱਚ ਇੱਕ ਤੋੜ-ਫੜ ਕੇ ਚੋਰੀ ਹੋਈ ਸੀ, ਅਤੇ ਕੁਝ ਹਫ਼ਤੇ ਪਹਿਲਾਂ, ਇੱਕ ਵਿਅਕਤੀ ਸਟਾਕਟਨ ਵਿੱਚ ਇੱਕ 7-ਓਲਵਵਨ ਤੋਂ ਸਿਗਰਟਾਂ ਚੋਰੀ ਕਰਨ ਦੀ ਕੋਸ਼ਿਸ਼ ਕਰਦੇ ਹੋਏ ਕੈਮਰੇ 'ਤੇ ਫੜਿਆ ਗਿਆ ਸੀ, ਜਿੱਥੇ ਵੀਡੀਓ ਵਿੱਚ ਵਰਕਰਾਂ ਨੂੰ ਉਸ ਚੋਰ ਨਾਲ ਹੱਥੋਪਾਈ ਹੁੰਦੇ ਹੋਏ ਦਿਖਾਇਆ ਗਿਆ ਸੀ। ਇਸ ਤਰਾਂ ਦੀਆਂ ਚੋਰੀ ਦੀਆਂ ਅਨੇਕਾਂ ਘਟਨਾਵਾਂ ਹਨ ਜਿਨਾਂ ਨੂੰ ਰੋਕਣ ਲਈ ਇਸ ਬਿੱਲ ਵਿੱਚ ਕੁਝ ਵੀ ਨਹੀਂ ਹੈ।

ਬਿੱਲ ਨੂੰ ਯੂਨਾਈਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ਼ ਲੇਬਰ ਯੂਨੀਅਨ ਤੋਂ ਸਮਰਥਨ ਮਿਲਿਆ। ਦੱਸਣਯੋਗ ਹੈ ਕਿ ਬਿੱਲ ਸੈਨੇਟ ਨੇ ਪਾਸ ਕਰ ਲਿਆ ਹੈ ਅਤੇ 1 ਸਤੰਬਰ ਨੂੰ ਸੁਣਵਾਈ ਲਈ ਅਸੈਂਬਲੀ ਅਪਰੋਪ੍ਰੀਏਸ਼ਨ ਕਮੇਟੀ ਕੋਲ ਜਾਵੇਗਾ। ਉਥੇ ਵੀ ਕਾਰੋਬਾਰੀਆਂ ਵਲੋਂ ਇੱਕਠ ਕਰਕੇ ਬਿੱਲ ਖਿਲਾਫ ਮੁਜਾਹਰਾ ਕਰਨ ਦੀ ਯੋਜਨਾ ਹੈ।

# 26/11 ਮੁੰਬਈ ਹਮਲਿਆਂ ਦੇ ਦੋਸ਼ੀ ਤਹੱਵੁਰ ਰਾਣਾ ਦੀ ਹਵਾਲਗੀ 'ਤੇ ਅਮਰੀਕੀ ਅਦਾਲਤ ਨੇ ਲਾਈ ਰੋਕ

**ਕੈਲੀਫੋਰਨੀਆ-** ਅਮਰੀਕਾ ਦੀ ਇਕ ਜ਼ਿਲ੍ਹਾ ਅਦਾਲਤ ਨੇ ਭਾਰਤ ਨੂੰ ਵੱਡਾ ਝਟਕਾ ਦਿੰਦਿਆਂ 26/11 ਦੇ ਮੁੰਬਈ ਅੱਤਵਾਦੀ ਹਮਲਿਆਂ ਵਿੱਚ ਕਥਿਤ ਸ਼ਮੂਲੀਅਤ ਦੇ ਮਾਮਲੇ ਵਿੱਚ ਤਹੱਵੁਰ ਹੁਸੈਨ ਰਾਣਾ ਦੀ ਭਾਰਤ ਹਵਾਲਗੀ 'ਤੇ ਰੋਕ ਲਾ ਦਿੱਤੀ ਹੈ। ਅਮਰੀਕਾ ਦੀ ਇੱਕ ਜ਼ਿਲ੍ਹਾ ਅਦਾਲਤ ਨੇ 26/11 ਦੇ ਮੁੰਬਈ ਅੱਤਵਾਦੀ ਹਮਲਿਆਂ ਵਿੱਚ ਕਥਿਤ ਸ਼ਮੂਲੀਅਤ ਦੇ ਮਾਮਲੇ ਵਿੱਚ ਮੁਕੱਦਮੇ ਦਾ ਸਾਹਮਣਾ ਕਰਨ ਲਈ ਤਹੱਵੁਰ ਹੁਸੈਨ ਰਾਣਾ ਦੀ ਭਾਰਤ ਹਵਾਲਗੀ ਨੂੰ ਮਨਜ਼ੂਰੀ ਦੇਣ ਵਾਲੇ ਅਦਾਲਤ ਦੇ ਪੁਰਾਣੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਹੈ। ਕੇਂਦਰੀ ਕੈਲੀਫੋਰਨੀਆ ਵਿੱਚ ਯੂਐਸ ਜ਼ਿਲ੍ਹਾ ਅਦਾਲਤ ਦੇ ਜ਼ਿਲ੍ਹਾ ਜੱਜ ਡੇਲ ਐਸ ਫਿਸ਼ਰ ਨੇ ਰਾਸ਼ਟਰਪਤੀ ਜੋਅ ਬਿਡੇਨ ਦੇ ਪ੍ਰਸ਼ਾਸਨ ਦੁਆਰਾ 62 ਸਾਲਾ ਵਿਅਕਤੀ ਦੀ ਹਵਾਲਗੀ 'ਤੇ ਰੋਕ ਨਾ ਲਗਾਉਣ ਦੀ ਸਿਫਾਰਿਸ਼ ਨੂੰ ਰੱਦ ਕਰਦੇ ਹੋਏ ਇਹ ਆਦੇਸ਼ ਦਿੱਤਾ। ਹਵਾਲਗੀ ਸੰਧੀ ਦੇ ਅਨੁਛੇਦ 6(1) ਵਿਚ 'ਅਪਰਾਧ' ਦਾ ਸਹੀ ਅਰਥ ਸਪੱਸ਼ਟ ਨਹੀਂ ਹੈ ਅਤੇ ਵੱਖ-ਵੱਖ ਨਿਆਂਕਾਰ ਵੱਖੋ-ਵੱਖਰੇ ਸਿੱਟੇ 'ਤੇ ਪਹੁੰਚ ਸਕਦੇ ਹਨ। ਰਾਣਾ ਦੀ ਸਥਿਤੀ ਨਿਸ਼ਚਿਤ ਤੌਰ 'ਤੇ ਰੰਗੀਨ ਹੈ ਅਤੇ ਅਪੀਲ 'ਤੇ ਉਸ ਨੂੰ ਸਹੀ ਪਾਇਆ ਜਾ ਸਕਦਾ ਹੈ। ਜੱਜ ਦੇ 18 ਅਗਸਤ ਦੇ ਹੁਕਮ ਅਨੁਸਾਰ। ਜ਼ਿਕਰਯੋਗ ਹੈ ਕਿ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ ਦੇ ਹਾਲ ਹੀ ਵਿੱਚ ਸਮਾਪਤ ਹੋਏ ਮਾਨਸੂਨ ਸੈਸ਼ਨ ਦੌਰਾਨ ਕਿਹਾ ਸੀ ਕਿ ਤਹੱਵੁਰ ਰਾਣਾ "ਜਲਦੀ ਹੀ ਭਾਰਤੀ ਨਿਆਂਪਾਲਿਕਾ ਦਾ ਸਾਹਮਣਾ ਕਰੇਗਾ"। 2008 ਵਿੱਚ 166 ਲੋਕਾਂ ਦੀ ਜਾਨ ਲੈਣ ਵਾਲੇ ਅੱਤਵਾਦੀ ਹਮਲਿਆਂ ਦੇ ਮੁੱਖ ਮੁਲਜ਼ਮਾਂ ਵਿੱਚੋਂ ਇੱਕ ਰਾਣਾ ਨੇ ਜ਼ਿਲ੍ਹਾ ਅਦਾਲਤ ਦੀ ਜੱਜ ਜੈਕਲੀਨ ਚੁਲਜਿਅਨ ਦੇ 16 ਮਈ ਦੇ ਹੁਕਮ ਨੂੰ ਚੁਣੌਤੀ ਦਿੱਤੀ ਸੀ।



# ਜਨਤਕ ਅਦਾਰੇ ਖਤਮ ਕਰਨ ਦੇ ਰਾਹ ਤੁਰੀ ਕੇਂਦਰ ਸਰਕਾਰ

## ਭਾਰਤ ਵਿਚ ਲੋਕਤੰਤਰ ਖ਼ਤਰੇ ਵਿਚ - ਸੁਸ਼ੀਲ ਰਿੰਕੂ





**ਜਲੰਧਰ-** ਵਰਤਮਾਨ ਕੇਂਦਰ ਸਰਕਾਰ ਭਾਰਤੀ ਲੋਕਤੰਤਰ ਨੂੰ ਖਤਮ ਕਰਕੇ ਇਥੇ ਡਿਕਟੇਟਰਸ਼ਿਪ ਲਾਗੂ ਕਰਨ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਵੱਲੋਂ ਸਖ਼ਤ ਮੇਹਨਤ ਨਾਲ ਬਣਾਏ ਗਏ ਸਮਤਾ, ਸੁਤੰਤਰਤਾ ਅਤੇ ਭਾਈਚਾਰਕ ਸਾਂਝ ਤੇ ਅਧਾਰਿਤ ਭਾਰਤੀ ਸੰਵਿਧਾਨ ਨੂੰ ਮੁਕੰਮਲ ਤੌਰ ਤੇ ਸਮਾਪਤ ਕਰਨ ਦੇ ਰਾਹ ਤੁਰ ਪਈ ਹੈ. ਇਹ ਸ਼ਬਦ ਜਲੰਧਰ ਤੋਂ ਲੋਕ ਸਭਾ ਦੇ ਮੇਂਬਰ ਸ਼੍ਰੀ ਸੁਸ਼ੀਲ ਰਿੰਕੂ ਨੇ ਪੰਜਾਬ ਵਿਚ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਅਕਤੂਬਰ 1951 ਦੀ ਇਤਿਹਾਸਕ ਯਾਤਰਾ ਨਾਲ ਜੁੜੇ ਸਥਾਨ ਅੰਬੇਡਕਰ ਭਵਨ ਵਿਖੇ ਆਪਣੀ ਸਦਭਾਵਨਾ ਫੇਰੀ ਦੌਰਾਨ ਅੰਬੇਡਕਰ ਭਵਨ ਟਰੱਸਟ, ਅੰਬੇਡਕਰ ਮਿਸ਼ਨ ਸੋਸਾਇਟੀ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਭਾਰਤ ਵਿਚ ਅੱਜ ਲੋਕਤੰਤਰ ਖ਼ਤਰੇ ਵਿਚ ਹੈ। ਰੇਲਵੇ, ਏਅਰਪੋਰਟ, ਹਵਾਈ ਕੰਪਨੀਆਂ, ਕੋਲੇ ਦੀਆਂ ਖਾਨਾਂ, ਸਰਕਾਰੀ ਉਦਯੋਗ, ਸੜਕਾਂ, ਪਾਣੀ, ਬਿਜਲੀ, ਸਿਖਿਆ, ਸਿਹਤ, ਸੰਚਾਰ, ਸਿੰਚਾਈ, ਮੀਡੀਆ, ਬੈਂਕਾਂ, ਬੀਮਾ ਆਦਿ ਸਾਰੇ ਸਰਕਾਰੀ ਅਦਾਰਿਆਂ ਦਾ ਨਿਜੀਕਰਨ ਕੀਤਾ ਜਾ ਰਿਹਾ ਹੈ। ਅਰਥਾਤ ਪਬਲਿਕ ਸੈਕਟਰ ਦੇ ਸਮੁੱਚੇ ਅਦਾਰਿਆਂ ਨੂੰ ਕੇਵਲ ਗਿਣਤੀ ਦੇ ਕੁੱਝ ਇੱਕ ਲੋਕਾਂ ਨੂੰ ਔਣੇ-ਪੌਣੇ ਮੁੱਲ ਤੇ ਵੇਚਿਆ ਜਾ ਰਿਹਾ ਹੈ। ਸੁਸ਼ੀਲ ਰਿੰਕੂ ਨੇ ਕਿਹਾ ਕਿ ਸਰਕਾਰ ਦੇ ਇਸ ਤਾਨਾਸ਼ਾਹੀ ਵਤੀਰੇ ਵਿਰੁੱਧ ਸੰਸਦ ਵਿਚ ਆਵਾਜ਼ ਬੁਲੰਦ ਕਰਨ ਵਾਲੇ ਸੰਸਦ ਮੈਂਬਰਾਂ ਨੂੰ ਮੁਅੱਤਲ ਕਰਕੇ ਸਰਕਾਰ ਲੋਕਾਂ ਦੀ ਆਵਾਜ਼ ਨੂੰ ਦਬਾ ਰਹੀ ਹੈ।

ਸਰਕਾਰੀ ਏਜੇਂਸੀਆਂ ਦੁਆਰਾ ਵਿਰੋਧੀ ਮੈਂਬਰਾਂ ਅਤੇ ਆਜ਼ਾਦ ਪੱਤਰਕਾਰਾਂ ਤੇ ਛਾਪੇ ਪੁਆਕੇ ਕੇਂਦਰ ਸਰਕਾਰ ਨੇ ਦੇਸ਼ ਵਿਚ ਡਰ ਦਾ ਅਜਿਹਾ ਮਾਹੌਲ ਪੈਦਾ ਕਰ ਦਿੱਤਾ ਹੈ ਕਿ ਸਰਕਾਰ ਚਲਾ ਰਹੀ ਪਾਰਟੀ ਦੇ ਮੈਂਬਰ ਚਾਹੁੰਦੇ ਹੋਏ ਵੀ ਇਸ ਤਾਨਾਸ਼ਾਹੀ ਵਿਰੁੱਧ ਮੂੰਹ ਖੋਲਣ ਤੋਂ ਘਬਰਾਉਂਦੇ ਹਨ।

ਅੰਬੇਡਕਰ ਭਵਨ ਦੇ ਸੀਨੀਅਰ ਟਰੱਸਟੀ ਡਾ. ਰਾਮ ਲਾਲ ਜੱਸੀ ਨੇ ਸੁਸ਼ੀਲ ਰਿੰਕੂ ਅਤੇ ਬਾਕੀ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਮੁਖੀ ਬਿਬੇਕ ਦੇਬਰਾਏ ਨੇ ਜੋ 'ਨਵੇਂ ਸੰਵਿਧਾਨ' ਦੀ ਮੰਗ ਕੀਤੀ ਹੈ, ਇਹ ਬਹੁਤ ਮੰਦਭਾਗਾ ਹੈ। ਇਸ 'ਤੇ ਬਹਿਸ ਅਤੇ ਸੈਮੀਨਾਰ ਹੋਣੇ ਚਾਹੀਦੇ ਹਨ। ਇਸ ਸਮਾਗਮ ਵਿਚ ਚਰਨ ਦਾਸ ਸੰਧੂ ਦੀ ਕਲਮ ਤੋਂ ਸਤਿਕਾਰਯੋਗ ਲਾਹੌਰੀ ਰਾਮ ਬਾਲੀ ਜੀ ਦੇ ਪ੍ਰੀਨਿਰਵਾਣ ਤੇ ਲਿਖੀ ਹੋਈ ਅਤੇ ਫ਼ਿਲਮੀ ਸਿੰਗਰ ਸਨੀ ਸਲੀਮ ਦੁਆਰਾ ਆਵਾਜ਼ ਦਿੱਤੀ ਹੋਈ ਗ਼ਜ਼ਲ 'ਕੰਮੀਆਂ ਦਾ ਸੂਰਜ' ਵੀ ਮੈਂਬਰ ਪਾਰਲੀਮੈਂਟ ਸੁਸ਼ੀਲ ਰਿੰਕੂ ਦੁਆਰਾ ਰਿਲੀਜ਼ ਕੀਤੀ ਗਈ।

ਟਰੱਸਟ ਦੇ ਜਨਰਲ ਸਕੱਤਰ ਡਾ. ਜੀ ਸੀ ਕੌਲ ਨੇ ਸਭ ਨੂੰ ਜੀ ਆਇਆਂ ਕਿਹਾ ਤੇ ਮੰਚ ਸੰਚਾਲਨ ਬਾਖੂਬੀ ਕੀਤਾ। ਇਸ ਮੌਕੇ ਮੈਡਮ ਸੁਦੇਸ਼ ਕਲਿਆਣ, ਚਰਨ ਦਾਸ ਸੰਧੂ, ਹਰਮੇਸ਼ ਜੱਸਲ, ਬਲਦੇਵ ਰਾਜ ਭਾਰਦਵਾਜ, ਡਾ. ਮਹਿੰਦਰ ਸੰਧੂ, ਹਰਭਜਨ ਨਿਮਤਾ, ਰਾਮ ਸਰੂਪ ਬਾਲੀ, ਨਿਰਮਲ ਬਿੰਜੀ, ਵਿਨੋਦ ਕਲੇਰ, ਡਾ. ਚਰਨ-ਜੀਤ ਸਿੰਘ, ਕ੍ਰਿਸ਼ਨ ਕਲਿਆਣ, ਮਦਨ ਲਾਲ, ਚਰਨਜੀਤ ਸਿੰਘ ਮੱਟੂ, ਸਰਪੰਚ ਪਰਮਜੀਤ ਜੱਸਲ, ਲੇਖ ਰਾਜ ਜੱਸਲ, ਮਲਕੀਤ ਸਿੰਘ, ਸੇਵਾ ਸਿੰਘ, ਮਾਸਟਰ ਅਜੀਤ ਰਾਮ, ਪਰਮਜੀਤ ਮਹੇ, ਅੰਬੈਸਡਰ ਰਮੇਸ਼ ਚੰਦਰ, ਮਨੋਹਰ ਲਾਲ ਮਹੇ, ਹਰੀ ਸਿੰਘ ਥਿੰਦ, ਹਰਬੰਸ ਸਿੰਘ ਚਮਿਆਰਾ, ਅਜੈ ਯਾਦਵ, ਗੁਰਦਿਆਲ ਜੱਸਲ, ਰਾਮ ਲਾਲ ਦਾਸ, ਦੇਵ ਰਾਜ ਆਦਿ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈੱਸ ਨੋਟ ਰਾਹੀਂ ਦਿੱਤੀ।

# ਲੱਖਾਂ ਕਿਊਸਿਕ ਪਾਣੀ ਜਮ੍ਹਾਂ ਕਰ ਕੇ ਪੰਜਾਬ ਨੂੰ ਹੜ੍ਹਾਂ ਤੋਂ ਬਚਾਅ ਰਿਹੈ ਭਾਖੜਾ ਡੈਮ

ਨੰਗਲ- ਇਸ ਸਾਲ ਹਿਮਾਚਲ ਪ੍ਰਦੇਸ਼ ਵਿਚ ਪਈ ਭਾਰੀ ਬਰਸਾਤ ਕਾਰਨ ਜਿੱਥੇ ਹਿਮਾਚਲ ਪ੍ਰਦੇਸ਼ ਦੇ ਨਾਲ-ਨਾਲ ਪੰਜਾਬ ਵਿਚ ਵੀ ਵਿਆਪਕ ਤਬਾਹੀ ਹੋਈ ਹੈ, ਉਥੇ ਵਿਸ਼ਵ ਪ੍ਰਸਿੱਧ ਭਾਖੜਾ ਡੈਮ ਨੇ ਲੱਖਾਂ ਕਿਊਸਿਕ ਪਾਣੀ ਜਮ੍ਹਾਂ ਕਰ ਕੇ ਪੰਜਾਬ ਨੂੰ ਹੜ੍ਹਾਂ ਤੋਂ ਬਚਾਉਣ ਲਈ ਅਹਿਮ ਰੋਲ ਨਿਭਾਇਆ ਹੈ। ਜ਼ਿਕਰਯੋਗ ਹੈ ਕਿ ਭਾਖੜਾ ਡੈਮ ਦੇ ਪਿੱਛੇ ਬਣੀ ਗੋਬਿੰਦ ਸਾਗਰ ਝੀਲ ਵਿਚ 1680 ਫੁੱਟ ਤੱਕ ਪਾਣੀ ਜਮ੍ਹਾਂ ਕੀਤਾ ਜਾ ਸਕਦਾ ਹੈ। ਭਾਖੜਾ ਡੈਮ ਦੇ ਫਲੱਡ ਗੇਟਾਂ ਦਾ ਲੈਵਲ 1645 ਫੁੱਟ ਹੈ ਪਰ ਬੀਬੀਐੱਮਬੀ ਵੱਲੋਂ ਇਸ ਸਾਲ ਭਾਖੜਾ ਡੈਮ ਵਿਚ 1675 ਫੁੱਟ ਤੱਕ ਪਹੁੰਚ ਜਾਣ ਕਾਰਨ 13 ਅਗਸਤ ਨੂੰ ਭਾਖੜਾ ਡੈਮ ਦੇ ਫਲੱਡ ਗੇਟ ਖੋਲ੍ਹੇ ਗਏ ਸਨ ਜੋ ਕਿ ਅੱਜ ਨੌਵੇਂ ਦਿਨ ਵੀ ਖੁੱਲੇ ਰਹੇ। ਬੇਸ਼ੱਕ ਭਾਖੜਾ ਡੈਮ ਦੇ ਫਲੱਡ ਗੇਟ ਖੋਲ੍ਹਣ ਪਿੱਛੋਂ ਪੰਜਾਬ ਵਿਚ ਮੁੜ ਆਏ ਹੜ੍ਹਾਂ ਨਾਲ ਵੀ ਕਾਫ਼ੀ ਨੁਕਸਾਨ ਹੋਇਆ ਹੈ ਪਰ ਇਹ ਵੀ ਸੱਚ ਹੈ ਕਿ ਭਾਖੜਾ ਡੈਮ ਕਾਰਨ ਹੀ ਹੋਰ ਵੱਡੀ ਤਬਾਹੀ ਤੋਂ ਬਚਾਅ ਹੋ ਗਿਆ।



ਜ਼ਿਕਰਯੋਗ ਹੈ ਕਿ ਬੇਸ਼ੱਕ ਹੁਣ ਭਾਖੜਾ ਡੈਮ ਬਿਜਲੀ ਦਾ ਉਤਪਾਦਨ ਕਰ ਕੇ ਦੇਸ਼ ਵਿਚ ਹਰੀ ਤੇ ਉਦਯੋਗਿਕ ਕ੍ਰਾਂਤੀ ਵਿਚ ਅਹਿਮ ਰੋਲ ਨਿਭਾਅ ਰਿਹਾ ਹੈ ਪਰ ਸ਼ੁਰੂ ਵਿਚ ਇਸ ਡੈਮ ਦਾ ਨਿਰਮਾਣ ਸਿਰਫ਼ ਸਿੰਚਾਈ ਲਈ ਪਾਣੀ ਇਕੱਠਾ ਕਰਨ ਲਈ ਡੈਮ ਬਣਾਉਣਾ ਹੀ ਸੀ ਪਰ ਬਾਅਦ ਵਿਚ ਇਸ ਪ੍ਰੋਜੈਕਟ ਨੂੰ ਬਹੁਮੰਤਵੀ ਬਣਾ ਦਿੱਤਾ ਗਿਆ। 1948 ਤੋਂ 1963 ਵਿਚਕਾਰ ਬਣ ਕੇ ਤਿਆਰ ਹੋਏ ਇਸ ਸੰਸਾਰ ਦੇ ਸਭ ਤੋਂ ਉੱਚੇ ਕੰਕਰੀਟ ਦੇ ਠੋਸ ਬੰਨ੍ਹਾਂ ਵਿੱਚੋਂ ਇਕ ਇਸ ਭਾਖੜਾ ਡੈਮ ਦੀ ਉਚਾਈ 225.55 ਮੀਟਰ (740 ਫੁੱਟ) ਹੈ ਜੋ ਕਿ ਦਿੱਲੀ ਦੇ ਮਸ਼ਹੂਰ ਕੁਤਬ ਮੀਨਾਰ ਤੋਂ ਤਿੰਨ ਗੁਣਾ ਜ਼ਿਆਦਾ ਹੈ। ਭਾਖੜਾ ਡੈਮ ਦੇ ਪਿੱਛੇ ਬਣੀ 96.56 ਕਿਲੋਮੀਟਰ ਲੰਬੀ ਅਤੇ 168.35 ਵਰਗ ਕਿਲੋਮੀਟਰ (65 ਵਰਗ ਮੀਲ) ਵਿਚ ਫੈਲੀ ਗੋਬਿੰਦ ਸਾਗਰ ਝੀਲ ਦਾ ਨਾਂ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉਪਰ ਰੱਖਿਆ ਗਿਆ ਹੈ। ਇਸ ਝੀਲ ਵਿਚ 9621 ਮਿਲੀਅਨ ਘਣ ਮੀਟਰ ਪਾਣੀ ਸਮਾ ਸਕਦਾ ਹੈ। ਗਰਮੀਆਂ ਦੇ ਮੌਸਮ ਵਿਚ ਮਾਨ ਸਰੋਵਰ ਝੀਲ, ਰਸਤੇ ਵਿਚ ਬਰਫ਼ ਦਾ ਪਿਘਲਿਆ ਪਾਣੀ ਅਤੇ ਬਾਰਿਸ਼ ਦੀ ਰੁੱਤ ਵਿਚ ਆਉਣ ਵਾਲੇ ਪਾਣੀ ਨੂੰ ਇਸ ਕੈਚਮੈਂਟ ਏਰੀਏ ਵਿਚ ਜਮ੍ਹਾਂ ਕਰ ਲਿਆ ਜਾਂਦਾ ਹੈ ਜਿਸ ਨਾਲ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਆਉਣ ਵਾਲੇ ਹੜ੍ਹਾਂ ਦੀ ਮਾਰ ਤੋਂ ਬਚਾਉਣ ਵਿਚ ਵੀ ਇਸ ਡੈਮ ਦਾ ਵੱਡਾ ਯੋਗਦਾਨ ਹੈ।







# ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵਲੋਂ ਤਿੰਨ ਰੋਜ਼ਾ ਸਿਮਪੋਜ਼ੀਅਮ ਕੈਰੋਲੀਨਾ ਦੇ ਸ਼ਹਿਰ ਗੁਰਦੁਆਰਾ ਸਾਹਿਬ ਸ਼ਾਰਲੈਟ ਵਿਖੇ ਆਯੋਜਿਤ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)**- ਬੀਤੇ ਦਿਨੀਂ ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵਲੋਂ ਕਰਵਾਏ ਜਾਂਦੇ ਸਲਾਨਾ ਤਿੰਨ ਰੋਜ਼ਾ ਸਲਾਨਾ ਇੰਟਰਨੈਸ਼ਨਲ ਸਿੱਖ ਯੂਥ ਸਿਮਪੋਜ਼ੀਅਮ 2023 ਸੰਬੰਧੀ ਮੁਕਾਬਲੇ ਅਮਰੀਕਾ ਦੇ ਸੂਬੇ ਨੋਰਥ ਕੈਰੋਲੀਨਾ ਦੇ ਸ਼ਹਿਰ ਸ਼ਾਰਲੈਟ ਵਿਖੇ ਆਯੋਜਿਤ ਕੀਤੇ ਗਏ। ਗੁਰਦੁਆਰਾ ਸਾਹਿਬ ਸ਼ਾਰਲੈਟ ਵਿਖੇ ਹੋਏ ਪ੍ਰੋਗਰਾਮਾਂ ਵਿਚ ਅਮਰੀਕਾ ਅਤੇ ਕੈਨੇਡਾ ਤੋਂ ਆਏ 6 ਸਾਲ ਤੋਂ ਲੈ ਕੇ 22 ਸਾਲਾਂ ਤੱਕ ਦੇ 60 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ। ਸਿਮਪੋਜ਼ੀਅਮ ਅਤੇ ਸੰਸਥਾ ਦੇ ਰਾਸ਼ਟਰੀ ਕਨਵੀਨਰ ਕੁਲਦੀਪ ਸਿੰਘ ਨੇ ਦੱਸਿਆ ਕਿ ਸਿਆਨਾ ਸੰਸਥਾ ਵਲੋਂ ਇਹ ਸਮਾਗਮ ਸਾਲ 2000 ਤੋਂ ਹਰ ਸਾਲ ਮਾਰਚ-ਅਪਰੈਲ ਦੇ ਮਹੀਨੇ ਵਿੱਚ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ, ਫਿਰ ਰਾਜ ਪੱਧਰੀ ਤੇ ਅੰਤ ਵਿਚ ਅਗਸਤ ਦੇ ਮਹੀਨੇ ਵਿਚ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ, ਪਹਿਲੇ ਦਿਨ ਗਰੁੱਪ ਇੱਕ ਤੋਂ ਤਿੰਨ ਤੱਕ ਦੇ ਫਾਈਨਲ ਵਿਚ ਪਹੁੰਚੇ ਬੱਚਿਆਂ ਦੇ ਭਾਸ਼ਨ ਹੋਏ। ਦੂਜੇ ਦਿਨ ਚੋਥੇ ਗਰੁੱਪ ਦੇ ਭਾਸ਼ਣ ਉਪਰੰਤ ਪੰਜਵੇਂ ਗਰੁੱਪ ਵਿਚ ਭਾਗ ਲੈਣ ਵਾਲੇ 16 ਤੋਂ 22 ਸਾਲਾਂ ਦੇ 9 ਨੌਜਵਾਨ ਮੁੱਡੇ ਅਤੇ ਕੁੜੀਆਂ ਨੇ "ਸਿੱਖ ਜੀਵਨ ਜਾਚ / ਸਿੱਖ ਰਹਿਤ ਮਰਿਆਦਾ ਅਤੇ ਗੁਰਬਾਣੀ" ਸੰਬੰਧੀ ਡਿਬੇਟ ਵਿਚ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ। ਇਹ ਡਿਬੇਟ ਲਗਭਗ ਤਿੰਨ ਘੰਟੇ ਤੱਕ ਚੱਲੀ ਅਤੇ ਇਸ ਵਿੱਚ ਸ਼ੁਰੂਆਤੀ ਬਿਆਨ, ਪੁੱਛੇ ਗਏ ਪ੍ਰਸ਼ਨਾਂ ਅਤੇ ਜਵਾਬ ਦੇ ਨਾਲ ਸੰਬੰਧਤ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਅਤੇ ਸਮਾਪਤੀ ਦਾ ਬਿਆਨ ਸ਼ਾਮਲ ਸਨ। ਡਿਬੇਟ ਦੇ ਸੰਚਾਲਕ ਨਿਉਯਾਰਕ ਤੋਂ ਡਾ. ਸਤਪਾਲ ਸਿੰਘ ਸਨ, ਜਿਨ੍ਹਾਂ ਨੇ ਵਿਚਾਰ ਵਟਾਂਦਰੇ ਨੂੰ ਬਹੁਤ ਵਧੀਆ ਤਰੀਕੇ ਨਾਲ ਨੇਪਰੇ ਚਾੜਿਆ। ਇਹਨਾਂ ਸਲਾਨਾ ਫਾਈਨਲ ਮੁਕਾਬਲਿਆਂ ਦਾ ਇਕ ਹੋਰ ਮੁੱਖ ਆਕਰਸ਼ਨ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਸ਼ਾਮ ਦਾ ਇਕ ਵਿਸ਼ੇਸ਼ ਪ੍ਰੋਗਰਾਮ ਹੈ ਜਿਸ ਵਿਚ ਸਾਰੇ ਬੁਲਾਰਿਆਂ ਦਾ ਸਨਮਾਨ ਕੀਤਾ ਜਾਂਦਾ ਹੈ ਅਤੇ ਉਹਨਾਂ ਬਾਰੇ ਆਏ ਹੋਏ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ।



ਇਸ ਸਾਲ ਇਹ ਵਿਸ਼ੇਸ਼ ਪ੍ਰੋਗਰਾਮ ਸ਼ਾਰਲੈਟ ਡਾਉਨਟਾਉਨ ਸਥਿਤ ਡਿਸਕਵਰੀ ਸਾਇੰਸ ਮਿਉਜ਼ੀਅਮ ਦੇ ਆਡੀਟੋਰੀਅਮ ਵਿਖੇ ਆਯੋਜਿਤ ਕੀਤਾ ਗਿਆ ਜਿੱਥੇ ਬੱਚਿਆਂ ਨੇ ਪਰਿਵਾਰਾਂ ਸਮੇਤ ਮਿਉਜ਼ੀਅਮ ਵਿੱਚ ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਖੇਡਾਂ ਦਾ ਵੀ ਆਨੰਦ ਮਾਣਿਆ। ਗੁਰਮੀਤ ਕੌਰ ਦੁਆਰਾ ਲਿਖੀਆਂ ਕਹਾਣੀਆਂ ਦੀਆਂ ਪੁਸਤਕਾਂ ਵਿੱਚੋਂ "ਚਿੜੀ ਤੇ ਪਿੱਪਲ" ਕਹਾਣੀ 'ਤੇ ਆਧਾਰਿਤ ਸ਼ਾਰਲੈਂਪ ਦੇ ਬੱਚਿਆਂ ਵੱਲੋਂ ਖੇਡੇ ਗਏ ਨਾਟਕ ਦਾ ਵੀ ਸਭਨਾਂ ਨੇ ਆਨੰਦ ਮਾਣਿਆ। ਸਿਮਪੋਜ਼ੀਅਮ ਦੇ ਅਖੀਰਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਉਪਰੰਤ ਨਤੀਜਿਆਂ ਦਾ ਐਲਾਨ ਕੀਤਾ ਗਿਆ। ਭਾਸ਼ਨ ਪ੍ਰਤੀਯੋਗਤਾ ਵਿਚ ਪਹਿਲੇ ਗਰੁੱਪ ਵਿਚ ਮਿਸੀਸਾਗਾ ਤੋਂ ਕੇਸਰ ਸਿੰਘ, ਦੂਜੇ ਵਿਚ ਨਿਉਜਰਸੀ ਤੋਂ ਪਾਹੁਲ ਕੌਰ, ਤੀਜੇ ਵਿਚ ਟੈਕਸਾਸ ਤੋਂ ਤੇਜਸ ਸਿੰਘ, ਚੌਥੇ ਵਿਚ ਸਾਂਝਾ ਪਹਿਲਾ ਸਥਾਨ ਸਿਆਟਲ ਤੋਂ ਅਮਾਨਤ ਕੌਰ ਤੇ ਮਿਸੀਸਾਗਾ ਤੋਂ ਜਸਲੀਨ ਕੌਰ ਅਤੇ ਪੰਜਵੇਂ ਗਰੁੱਪ ਵਿਚ ਹੈਮਿਲਟਨ ਤੋਂ ਸਹਿਜ ਸਿੰਘ ਪਹਿਲੇ ਸਥਾਨ 'ਤੇ ਰਹੇ। ਭਾਸ਼ਨ ਪ੍ਰਤੀਯੋਗਤਾ ਵਿਚ ਜੇਤੂਆਂ ਤੋਂ ਇਲਾਵਾ ਬਾਕੀ ਦੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਵਿਸ਼ੇਸ਼ ਪੁਰਸਕਾਰ "ਡਿਸਟਿਗਯੂਟਿਸ਼ਡ ਸਪੀਕਰ ਅਵਾਰਡ" ਦਿੱਤਾ ਗਿਆ।

# ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿਲ ਵਿਖੇ ਬਾਬਾ ਨਿਧਾਨ ਸਿੰਘ ਜੀ ਅਤੇ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸਮਾਗਮ ਅਯੋਜਿਤ

## ਗਿਆਨੀ ਜਗਤਾਰ ਸਿੰਘ ਅਤੇ ਡਾ. ਪਰਮਜੀਤ ਸਿੰਘ ਸਰੋਆ ਵਿਸ਼ੇਸ਼ ਸੱਦੇ 'ਤੇ ਪਹੁੰਚੇ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)**- ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿਕਸਵਿਲ ਵਿਖੇ ਸਿੱਖੀ ਪ੍ਰਚਾਰ-ਪ੍ਰਸਾਰ ਵਿੱਚ ਮਿਸਾਲੀ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਬਾਬਾ ਨਿਧਾਨ ਸਿੰਘ ਜੀ ਅਤੇ ਭਗਤ ਪੂਰਨ ਸਿੰਘ ਜੀ ਦੀ ਸਾਲਾਨਾ ਯਾਦ ਮਨਾਈ ਗਈ। ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨਾਂ ਦੀ ਸ਼ੁਰੂਆਤ ਹੋਈ। ਭਾਈ ਚਮਨ ਸਿੰਘ ਅਤੇ ਭਾਈ ਮਹਿੰਦਰ ਸਿੰਘ ਖਾਦਮ ਕਥਾਵਾਚਕ ਦੋਨਾਂ ਨੇ ਮਹਾਂਪੁਰਸ਼ਾਂ ਦੇ ਜੀਵਨ ਅਤੇ ਕਾਰਜਾਂ ਤੇ ਚਾਨਣਾ ਪਾਇਆ। ਭਾਈ ਮੋਹਣ ਸਿੰਘ ਬਡਾਨਾਂ ਦੇ ਢਾਡੀ ਜੱਥੇ ਵੱਲੋਂ ਸੰਗਤਾਂ ਨੂੰ ਢਾਡੀ ਵਾਰਾਂ ਰਾਹੀਂ ਨਿਹਾਲ ਕੀਤਾ ਗਿਆ। ਭਾਈ ਜੈਮਲ ਸਿੰਘ ਜੀ ਦੇ ਕੀਰਤਨੀ ਜਥੇ ਵੱਲੋਂ ਸੰਗਤਾਂ ਨੂੰ ਗੁਰਬਾਣੀ ਦਾ ਮਨੋਹਰ ਕੀਰਤਨ ਕਰਕੇ ਨਿਹਾਲ ਕੀਤਾ ਗਿਆ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਡਾ. ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਬਾਬਾ ਨਿਧਾਨ ਸਿੰਘ ਜੀ ਅਤੇ ਭਗਤ ਪੂਰਨ ਸਿੰਘ ਜੀ ਨੇ ਸੇਵਾ-ਸਿਮਰਨ ਰਾਹੀਂ ਸੰਸਾਰ ਭਰ ਵਿਚ ਵੱਸਦੀ ਲੋਕਾਈ ਨੂੰ ਪ੍ਰਭਾਵਿਤ ਕੀਤਾ ਅਤੇ ਦੁਨੀਆਂ ਵਿੱਚ ਸਿੱਖੀ ਦਾ ਨਾਮ ਰੋਸ਼ਨ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਖ਼ਸੀਅਤਾਂ ਦਾ ਸੇਵਾ ਦੇ ਖੇਤਰ ਵਿਚ ਮਿਸਾਲੀ ਯੋਗਦਾਨ ਹੈ। ਅਜਿਹੀਆਂ ਸ਼ਖ਼ਸੀਅਤਾਂ ਦਾ ਜੀਵਨ ਸਮਾਜ ਲਈ ਪ੍ਰੇਰਨਾ ਸਰੋਤ ਹੁੰਦਾ ਹੈ ਤਾਂ ਹੀ ਇਨ੍ਹਾਂ ਦੀਆਂ ਯਾਦਾਂ ਮਨਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਸੇਵਾ ਦਾ ਖੇਤਰ ਭਾਸ਼ਾਵਾਂ ਦੀਆਂ ਵੱਲਗਣਾਂ ਤੋਂ ਉੱਪਰ ਹੈ। ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜੋਕੇ ਸਮਾਜ ਨੂੰ ਅੱਜ ਇਨ੍ਹਾਂ ਤੋਂ ਪ੍ਰੇਰਨਾ ਲੈਣ ਦੀ ਸਖ਼ਤ ਲੋੜ ਹੈ। ਸਟੇਜ ਸਕੱਤਰ ਦੀ ਸੇਵਾ ਹਰਚਰਨ ਸਿੰਘ ਗੁਲਾਟੀ ਨੇ ਬਾਖ਼ੂਬੀ ਨਿਭਾਈ। ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਪ੍ਰੇਮ ਸਿੰਘ ਨੇ ਅਰਦਾਸ ਕੀਤੀ ਅਤੇ ਹੁਕਮਨਾਮਾ ਲਿਆ ਗਿਆ।



ਸਮਾਗਮ ਦੇ ਆਯੋਜਨ ਮੌਕੇ ਸੁਰਿੰਦਰ ਸਿੰਘ ਮਿਨਹਾਸ ਅਤੇ ਪ੍ਰਬੰਧਕ ਬਲਬੀਰ ਸਿੰਘ ਪ੍ਰਧਾਨ ਦੀ ਅਗਵਾਈ ਵਿੱਚ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ ਡਾ. ਪਰਮਜੀਤ ਸਿੰਘ ਸਰੋਆ ਦਾ ਸਨਮਾਨ ਵੀ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਪਲਵਿੰਦਰ ਸਿੰਘ ਢਿੱਲੋਂ, ਪ੍ਰਿਤਪਾਲ ਸਿੰਘ ਦਿਹਾਣਾ, ਜੋਗਾ ਸਿੰਘ ਜਸਵਾਲ, ਮਲਕੀਅਤ ਸਿੰਘ ਮਾਹਣਾ, ਕਰਨਲ ਰਾਜਾ ਰਾਠੌਰ, ਗੁਰਦਿਆਲ ਸਿੰਘ ਕਾਲਾ, ਕਸ਼ਮੀਰਾ ਸਿੰਘ ਮਨਸੂਰਪੁਰ ਅਤੇ ਗੁਰੂ ਘਰ ਦਾ ਸਟਾਫ਼ ਵੀ ਹਾਜਰ ਸੀ। ਗਿਆਨੀ ਕੁਲਦੀਪ ਸਿੰਘ ਹੈਡ-ਗ੍ਰੰਥੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।


NSB Insurance
for Insurance Call:
NIRMAL SINGH BADHAN
707-228-2020



Lic #0144676
NIRMAL SINGH BADHAN
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
www.nsbinsures.com
1519 Gary CT., Rohnert Park, CA 94928

RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



ਦੇਸ਼ ਦੁਆਬਾ

# ਇਸਰੋ ਨੂੰ ਵਧਾਈਆਂ

ਭਾਰਤ ਦੀ ਪੁਲਾੜ ਏਜੰਸੀ ਇੰਡੀਅਨ ਸਪੇਸ ਰਿਸਰਚ ਏਜੰਸੀ ਨੇ ਅੱਜ ਪੂਰੀ ਦੁਨੀਆ ਵਿਚ ਆਪਣੀ ਤਾਕਤ ਦਾ ਲੋਹਾ ਮਨਵਾਉਂਦਿਆਂ ਚੰਦਰਮਾ ਦੇ ਦੱਖਣੀ ਧਰੁਵ ’ਤੇ ਆਪਣਾ ਚੰਦਰਯਾਨ-3 ਉਤਾਰ ਦਿੱਤਾ ਹੈ। ਇਸ ਨਾਲ ਭਾਰਤ ਪੂਰੀ ਦੁਨੀਆ ਵਿਚ ਅਜਿਹਾ ਕਰਨ ਵਾਲਾ ਪਹਿਲਾ ਮੁਲਕ ਬਣ ਗਿਆ ਹੈ। ਭਾਰਤੀ ਸਪੇਸ ਏਜੰਸੀ (ਇਸਰੋ) ਇਕ ਅਜਿਹੀ ਸਪੇਸ ਸੰਸਥਾ ਹੈ, ਜਿਸ ਨੇ ਕਦਮ-ਕਦਮ ’ਤੇ ਤਮਾਮ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਹੈ। ਇਸ ਏਜੰਸੀ ਦੇ ਸੰਸਥਾਪਕ ਡਾ. ਵਿਕਰਮ ਸਾਰਾਬਾਈ ਇੰਗਲੈਂਡ ਦੀ ਪ੍ਰਸਿੱਧ ਯੂਨੀਵਰਸਿਟੀ ਤੋਂ ਪੜ੍ਹ ਕੇ ਭਾਰਤ ਆਏ ਸਨ। ਉਸ ਵਕਤ ਡਾ. ਜਵਾਹਰ ਲਾਲ ਨਹਿਰੂ ਦੀ ਸਰਕਾਰ ਸੀ। ਉਹਨਾਂ ਨੂੰ ਅਹਿਮ ਅਹੁਦੇ ਤੇ ਨਿਯੁਕਤੀ ਮਿਲੀ ਅਤੇ ਉਹਨਾਂ ਨੇ ਭਾਰਤੀ ਪੁਲਾੜ ਏਜੰਸੀ ਨੂੰ ਸਥਾਪਿਤ ਕੀਤਾ। ਡਾ. ਵਿਕਰਮ ਸਾਹਿਬ ਨੇ ਭਾਰਤੀ ਦੀ ਪੁਲਾੜ ਯਾਤਰਾ ਲਈ ਬਹੁਤ ਯਤਨ ਕੀਤੇ ਪਰ ਫੰਡਾਂ ਦੀ ਘਾਟ ਕਾਰਨ ਉਹਨਾਂ ਨੂੰ ਹਰ ਵਾਰ ਆਪਣੇ ਸੁਪਨੇ ਤਿਆਗਣੇ ਪਏ। ਉਹਨਾਂ ਦਾ ਸੁਪਨਾ ਉਸ ਵਕਤ ਸਾਕਾਰ ਹੋਇਆ ਜਦੋਂ ਸ੍ਰੀ ਲਾਲ ਬਹਾਦਰ ਸ਼ਾਸਤਰ ਭਾਰਤ ਦੇ ਪ੍ਰਧਾਨ ਮੰਤਰੀ ਬਣੇ। ਡਾ. ਸ਼ਾਸਤਰੀ ਜੀ ਨੇ ਉਹਨਾਂ ਨੂੰ ਉਤਸ਼ਾਹਿਤ ਕੀਤਾ ਅਤੇ ਉਹਨਾਂ ਨੇ ਭਾਰਤ ਦੀ ਪੁਲਾੜ ਯਾਤਰਾ ਦਾ ਵੱਡਾ ਖਾਕਾ ਪੇਸ਼ ਕੀਤਾ। ਇਸ ਤੋਂ ਬਾਅਦ ਸ੍ਰੀ ਰਾਜੀਵ ਗਾਂਧੀ ਦੀ ਸਰਕਾਰ ਆਈ ਅਤੇ ਇਸ ਸਰਕਾਰ ਨੇ ਭਾਰਤੀ ਪੁਲਾੜ ਏਜੰਸੀ ਨੂੰ ਆਧੁਨਿਕ ਤਕਨੀਕ ਨਾਲ ਜੋੜਨ ਦੀ ਸ਼ੁਰੂਆਤ ਕੀਤੀ ਅਤੇ ਇਸ ਏਜੰਸੀ ਨੂੰ ਕਾਫੀ ਉਤਸ਼ਾਹਿਤ ਕੀਤਾ। ਇਸ ਤੋਂ ਬਾਅਦ ਭਾਰਤ ਵਿਚ ਰਾਜਨੀਤਿਕ ਅਸਥਿਰਤਾ ਦਾ ਦੌਰ ਚੱਲਿਆ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਸਿਮਾ ਰਾਓ ਆਏ, ਜੋ ਰਾਜਨੀਤਿਕ ਮੁਸ਼ਕਿਲਾਂ ਵਿਚ ਘਿਰੇ ਰਹੇ। ਸ੍ਰੀ ਨਰਸਿਮਾ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਸ੍ਰੀ ਅਟਲ ਬਿਹਾਰੀ ਵਾਜਪਾਈ, ਉਹਨਾਂ ਨੇ ਭਾਰਤੀ ਪੁਲਾੜ ਏਜੰਸੀ ਨੂੰ ਬਹੁਤ ਹੌਸਲਾ ਅਤੇ ਫੰਡ ਦਿੱਤਾ। ਇਸੇ ਦਰਮਿਆਨ ਹੀ ਇਸਰੋ ਨੇ ਚੰਦਰਮਾ ਮਿਸ਼ਨ ਆਰੰਭ ਕੀਤਾ। ਇਸ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਇਸਰੋ ਨੂੰ ਪੂਰੀ ਤਾਕਤ ਅਤੇ ਸਮਰਥਨ ਦਿੱਤਾ। ਇਸ ਦਰਮਿਆਨ ਹੀ ਚੰਦਰਮਾ ਦੀ ਜਾਂਚ ਲਈ ਮਿਸ਼ਨ ਚੰਦਰਮਾ 2 ਆਰੰਭ ਹੋਇਆ। ਇਸ ਤੋਂ ਬਾਅਦ ਕੇਂਦਰ ਵਿਚ ਮੋਦੀ ਸਰਕਾਰ ਆ ਗਈ ਅਤੇ ਚੰਦਰਮਾ 2 ਮਿਸ਼ਨ ਅਸਫਲ ਹੋ ਗਿਆ। ਪਰ ਮੌਜੂਦਾ ਮੋਦੀ ਸਰਕਾਰ ਨੇ ਇਸਰੋ ਨੂੰ ਪੂਰੀ ਹੱਲਾਸ਼ੇਰੀ ਦਿੱਤੀ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਅਮਰੀਕਾ, ਰੂਸ ਅਤੇ ਚੀਨ ਤੋਂ ਬਾਅਦ ਪਰ ਭਾਰਤ ਚੰਦਰਮਾ ਦੇ ਦੱਖਣੀ ਧਰੁੱਵ ਤੇ ਪਹੁੰਚਣ ਵਾਲਾ ਦੁਨੀਆ ਦਾ ਪਹਿਲਾ ਮੁਲਕ ਬਣ ਗਿਆ ਹੈ। ਇਸ ਪ੍ਰਾਪਤੀ ਦੇ ਲਈ ਅਦਾਰਾ ‘ਦੇਸ਼ ਦੁਆਬਾ’ ਸਾਰੇ ਭਾਰਤੀ ਅਤੇ ਭਾਰਤੀ ਮੂਲ ਦੇ ਪੂਰੀ ਦੁਨੀਆ ਵਿਚ ਵੱਸੇ ਭਾਰਤੀਆਂ ਨੂੰ ਵਧਾਈ ਦਿੰਦਾ ਹੈ।

# ਪਰਵਾਸ ਦੇ ਚਾਂਦੀ ਰੰਗੇ ਸੁਪਨੇ



ਗੁਰਬਚਨ ਜਗਤ

ਕੁਝ ਸਮੇਂ ਤੋਂ ਮੇਰੇ ਮਨ ਅੰਦਰ ਪੰਜਾਬ ਦੇ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਪਰਵਾਸ ਨਾਲ ਸਵਾਲ ਉੱਠਦੇ ਰਹੇ ਹਨ। ਕਦੇ ਕਦੇ ਮਨ ਭਰ ਜਾਂਦਾ ਹੈ ਤੇ ਕਦੇ ਕਦੇ ਹੁਲਾਸ ਵੀ ਬਹੁਤ ਹੁੰਦਾ ਤੇ ਫਿਰ ਕਦੇ ਕਦੇ ਮੈਂ ਸੁੰਨ ਹੋ ਜਾਂਦਾ ਹਾਂ। ਮੈਂ ਸੋਚਦਾ ਹਾਂ, ਕੀ ਇਹ ਪੰਜਾਬ ਲਈ ਚੰਗਾ ਹੈ? ਕੀ ਇਹ ਨੌਜਵਾਨਾਂ ਲਈ ਸਵੱਲਾ ਹੈ? ਕੀ ਇਹ ਪਰਿਵਾਰਾਂ ਲਈ ਸਹਾਈ ਹੈ? ਇਹ ਸਵਾਲ ਅਤੇ ਇਨ੍ਹਾਂ ਦੇ ਜਵਾਬ ਮੈਨੂੰ ਪ੍ਰੇਸ਼ਾਨ ਕਰਦੇ ਹਨ। ਬੜੇ ਚਿਰਾਂ ਬਾਅਦ ਮੇਰਾ ਇਕ ਪੁਰਾਣਾ ਮਿੱਤਰ ਲੰਡਨ ਤੋਂ ਮੈਨੂੰ ਮਿਲਣ ਲਈ ਆਇਆ ਸੀ। ਅਸੀਂ ਕੁਝ ਹੋਰਨਾਂ ਦੋਸਤਾਂ ਬਾਰੇ ਗੱਲਾਂ ਕੀਤੀਆਂ ਜਿਨ੍ਹਾਂ ਵਿਚੋਂ ਕੁਝ ਇੱਥੇ ਹੀ ਟਿਕੇ ਰਹਿ ਗਏ ਸਨ ਅਤੇ ਕੁਝ ਹੋਰ ਦੂਜੇ ਦੇਸ਼ਾਂ ਵੱਲ ਪਰਵਾਸ ਕਰ ਗਏ ਸਨ। ਪੁਰਾਣੇ ਦਿਨਾਂ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਤਾਜ਼ਾ ਹੋ ਗਈਆਂ।

ਘੁੰਮ ਫਿਰ ਕੇ ਚਰਚਾ ਪੰਜਾਬ ਤੋਂ ਹੋ ਰਹੇ ਪਰਵਾਸ ’ਤੇ ਕੇਂਦਰਤ ਹੋ ਗਈ ਤੇ ਉਸ ਨੇ ਮੈਨੂੰ ਬਰਤਾਨੀਆ ਵਿਚ ਆਪਣੇ ਪਰਵਾਸ ਦੀ ਕਹਾਣੀ ਸੁਣਾਈ। ਉਨ੍ਹਾਂ ਦਾ ਪਿੰਡ ਬਿਆਸ ਕਸਬੇ ਦੇ ਲਾਗੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦਾ ਹੈ। ਖੇਤੀਬਾੜੀ ਕਰਨ ਵਾਲਾ ਪਰਿਵਾਰ ਸੀ ਅਤੇ ਉਨ੍ਹਾਂ ਦੇ ਪਿਤਾ ਜੀ ਹੁਰੀਂ ਚਾਰ ਭਰਾ ਸਨ। ਸਭ ਤੋਂ ਛੋਟੇ ਉਨ੍ਹਾਂ ਦੇ ਪਿਤਾ ਜੀ ਘਰ ਦੇ ਡੰਗਰ ਪਸ਼ੂ ਸਾਂਭਦੇ ਸਨ। ਉਨ੍ਹਾਂ ਦਾ ਇਕ ਰਿਸ਼ਤੇਦਾਰ ਮਲਾਇਆ ਰਹਿੰਦਾ ਸੀ ਜਿਸ ਦੀਆਂ ਚਿੱਠੀਆਂ ਪੜ੍ਹ ਕੇ ਉਨ੍ਹਾਂ ਦੇ ਪਿਤਾ ਨੇ ਵੀ ਵਿਦੇਸ਼ ਜਾਣ ਦੇ ਸੁਪਨੇ ਦੇਖਣੇ ਸ਼ੁਰੂ ਕਰ ਦਿੱਤੇ ਸਨ। ਇਕ ਕੋਠੇ ਵਿਚ ਉਹ ਪਸ਼ੂਆਂ ਲਈ ਤੂੜੀ ਪਾਉਂਦੇ ਸਨ। ਇਕ ਦਿਨ ਉਹ ਤੰਗਲੀ ਨਾਲ ਤੂੜੀ ਕੱਢ ਰਹੇ ਸਨ ਕਿ ਅਚਨਚੇਤ ਕੋਠੇ ਦੀ ਛੱਤ ਦੇ ਇਕ ਬਾਲੇ ਕੋਲੋਂ ਕਿਸੇ ਚੀਜ਼ ਦੇ ਖਣਕਣ ਦੀ ਆਵਾਜ਼ ਆਈ। ਕੱਪੜੇ ਵਿਚ ਚਾਂਦੀ ਦੇ ਸਿੱਕੇ ਬੰਨ੍ਹ ਕੇ ਰੱਖੇ ਹੋਏ ਸਨ। ਜਦੋਂ ਉਨ੍ਹਾਂ ਗਿਣੇ ਤਾਂ ਅੱਸੀ ਸਿੱਕੇ ਨਿੱਕਲੇ। ਉਨ੍ਹਾਂ ਦੀ ਤਾਂ ਜਿਵੇਂ ਕਿਸਮਤ ਖੁੱਲ੍ਹ ਗਈ। ਇਹ 1940ਵਿਆਂ ਦੇ ਸ਼ੁਰੂ ਦੀ ਗੱਲ ਸੀ। ਸੋ, ਉਨ੍ਹਾਂ ਫ਼ੈਸਲਾ ਕਰ ਲਿਆ ਕਿ ਕਿਸਮਤ ਨੇ ਉਨ੍ਹਾਂ ਨੂੰ ਮੌਕਾ ਦਿੱਤਾ ਹੈ ਅਤੇ ਉਨ੍ਹਾਂ ਸਿੱਕਿਆਂ ਦੀ ਭਿਣਕ ਆਪਣੀ ਪਤਨੀ ਨੂੰ ਵੀ ਨਾ ਪੈਣ ਦਿੱਤੀ, ਮਤੇ ਉਹ ਉਨ੍ਹਾਂ ਨੂੰ ਮਲਾਇਆ ਜਾਣ ਤੋਂ ਨਾ ਰੋਕ ਲਵੇ।



ਉਦੋਂ ਅੰਮ੍ਰਿਤਸਰ ਤੋਂ ਕਲਕੱਤੇ (ਹੁਣ ਕੋਲਕਾਤਾ) ਲਈ ਹਾਵੜਾ ਐਕਸਪ੍ਰੈੱਸ ਰੇਲ ਗੱਡੀ ਚਲਦੀ ਸੀ। ਉਨ੍ਹਾਂ ਰੇਲ ਗੱਡੀ ਫੜੀ ਤੇ ਕਲਕੱਤਾ ਪਹੁੰਚ ਗਏ ਤੇ ਕੁਝ ਦਿਨ ਉੱਥੇ ਗੁਰਦੁਆਰੇ ਵਿਚ ਠਹਿਰੇ ਅਤੇ ਫਿਰ ਉੱਥੋਂ ਸਮੁੰਦਰੀ ਜਹਾਜ਼ ਚੜ੍ਹ ਕੇ ਮਲਾਇਆ ਪਹੁੰਚ ਗਏ। ਜਦੋਂ ਉਨ੍ਹਾਂ ਦਾ ਜਹਾਜ਼ ਮਲਾਇਆ ਬੰਦਰਗਾਹ ’ਤੇ ਪਹੁੰਚਿਆ ਤਾਂ ਉਦੋਂ ਤੱਕ ਜਪਾਨੀ ਫ਼ੌਜ ਬਰਤਾਨਵੀਆਂ ਨੂੰ ਪਛਾੜ ਕੇ ਸਿੰਗਾਪੁਰ ਅਤੇ ਮਲਾਇਆ ਉਪਰ ਕਾਬਜ਼ ਹੋ ਗਈ ਸੀ। ਉਨ੍ਹਾਂ ਦਾ ਉਹ ਰਿਸ਼ਤੇਦਾਰ ਉੱਥੋਂ ਜਾ ਚੁੱਕਿਆ ਸੀ ਅਤੇ ਹੁਣ ਉਹ ਨਵੇਂ ਹਾਕਮਾਂ ਦੀ ਕਿਰਪਾ ਦੇ ਮੁਥਾਜ ਹੋ ਕੇ ਰਹਿ ਗਏ ਸਨ। ਇਸ ਤੋਂ ਬਾਅਦ ਉਨ੍ਹਾਂ ਦਾ ਲੰਮਾ ਸੰਘਰਸ਼ ਸ਼ੁਰੂ ਹੋਇਆ ਅਤੇ ਕਰੀਬ ਦਸ ਸਾਲਾਂ ਮਗਰੋਂ ਉਨ੍ਹਾਂ ਆਪਣੀ ਪਤਨੀ ਤੇ ਬੱਚਿਆਂ ਨੂੰ ਸਿੰਗਾਪੁਰ ਸੱਦ ਲਿਆ ਜੋ ਮੁੜ ਬਰਤਾਨਵੀ ਰਾਜ ਅਧੀਨ ਆ ਚੁੱਕਿਆ ਸੀ। ਦਸ ਸਾਲਾਂ ਬਾਅਦ ਪਿਤਾ ਨੇ ਆਪਣੇ ਬੱਚਿਆਂ ਨੂੰ ਕਲਾਵੇ ਵਿਚ ਲਿਆ ਤੇ ਇਵੇਂ ਪਰਿਵਾਰ ਸਿੰਗਾਪੁਰ ਵਿਚ ਵਸ ਗਿਆ। ਮੇਰਾ ਮਿੱਤਰ ਪੰਜਾਬ ਦੇ ਛੋਟੇ ਜਿਹੇ ਪਿੰਡ ਤੋਂ ਉਠ ਕੇ ਯਕਦਮ ਵੱਡੇ ਸ਼ਹਿਰ ਵਿਚ ਚਲਾ ਗਿਆ। 1950ਵਿਆਂ ਦੇ ਅਖੀਰ ਵਿਚ ਇਕ ਦਿਨ ਉਹ ਵੀ ਪਾਣੀ ਵਾਲੇ ਜਹਾਜ਼ ਵਿਚ ਚੜ੍ਹ ਗਿਆ ਜੋ ਫਰਾਂਸ ਦੇ ਸ਼ਹਿਰ ਮਾਰਸੇਲਜ਼ ਜਾ ਕੇ ਰੁਕਿਆ ਅਤੇ ਉੱਥੋਂ ਕਲਾਸ, ਡੋਵਰ ਹੁੰਦਾ ਹੋਇਆ ਲੰਡਨ ਪਹੁੰਚਿਆ। ਉੱਥੇ ਪਹੁੰਚ ਕੇ ਉਸ ਨੇ ਇਕ ਗੁਰਦੁਆਰੇ ਵਿਚ ਸ਼ਰਨ ਲਈ। ਇਕ ਮਿਹਰਬਾਨ ਬਜ਼ੁਰਗ ਸਿੱਖ ਨੇ ਉਸ ਨੂੰ ਜੈਕਟ, ਪੈਂਟ ਤੇ ਜੁੱਤੇ ਲਿਆ ਕੇ ਦਿੱਤੇ ਅਤੇ ਉਸ ਲਈ ਕੰਮ ਲੱਭਿਆ। ਇਹ ਬੜੀ ਲੰਮੀ ਕਹਾਣੀ ਹੈ ਜਿਸ ਦੀ ਹੋਰ ਚਰਚਾ ਕਿਸੇ ਹੋਰ ਦਿਨ ਕਰਾਂਗਾ ਪਰ ਇੰਨਾ ਦੱਸਣਾ ਜ਼ਰੂਰੀ ਹੈ ਕਿ ਮੇਰਾ ਉਹ ਦੋਸਤ ਕਈ ਪਾਪੜ ਵੇਲਦਾ ਆਖ਼ਰ ਫਰੀ ਸਟਾਈਲ ਰੈਸਲਿੰਗ ਕਰਨ ਲੱਗ ਪਿਆ ਤੇ ਇਸ ਤੋਂ ਮਿਲੇ ਪੈਸਿਆਂ ਨੂੰ ਸੂਝ ਬੂਝ ਨਾਲ ਨਿਵੇਸ਼ ਕਰਨ ਸਦਕਾ ਅੱਜ ਉਹ ਬੜੇ ਆਰਾਮ ਨਾਲ ਆਪਣੇ ਬੁਢਾਪੇ ਦੇ ਦਿਨ ਗੁਜ਼ਾਰ ਰਿਹਾ ਹੈ। ਉਸ ਦੇ ਬੱਚੇ ਤੇ ਪੋਤੇ ਪੋਤਰੀਆਂ ਨੇ ਚੰਗੀ ਪੜ੍ਹਾਈ ਹਾਸਲ ਕਰ ਕੇ ਚੰਗੇ ਕਾਰੋਬਾਰ ਸਥਾਪਤ ਕਰ ਲਏ।

ਉਸ ਨੇ ਉੱਥੇ ਆਪਣੇ ਨਾਲ ਹੋਏ ਵਿਤਕਰਿਆਂ ਦੀ ਕਹਾਣੀ ਵੀ ਸੁਣਾਈ ਕਿ ਕਿਵੇਂ ਭਾਰਤੀਆਂ ਨੂੰ ਪੱਬਾਂ ਅਤੇ ਹੋਰਨਾਂ ਜਨਤਕ ਅਦਾਰਿਆਂ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਜਾਂਦਾ ਸੀ। ਫਿਰ ਭਾਰਤੀ ਕਾਮਿਆਂ ਦੀ ਜਥੇਬੰਦੀ ਨੂੰ ਬਰਾਬਰ ਹੱਕਾਂ ਦੀ ਲੜਾਈ ਲੜਨੀ ਪਈ ਸੀ। ਇਹੋ ਜਿਹੀਆਂ ਕਿੰਨੀਆਂ ਕਹਾਣੀਆਂ, ਕਿੰਨੀਆਂ ਔਕੜਾਂ ਹਨ, ਫਿਰ ਵੀ ਹਜ਼ਾਰਾਂ ਦੀ ਤਾਦਾਦ ਵਿਚ ਲੋਕ ਬਰਤਾਨੀਆ ਵੱਲ ਵਹੀਰਾਂ ਘੱਤ ਕੇ ਜਾਂਦੇ ਰਹੇ। ਅੱਜ ਪਰਵਾਸੀ, ਬਰਤਾਨੀਆ ਦਾ ਬਹੁਤ ਵੱਡਾ ਤੇ ਖ਼ੁਸ਼ਹਾਲ ਵਰਗ ਬਣ ਚੁੱਕੇ ਹਨ। ਇਹ ਚਾਂਦੀ ਦੇ ਅੱਸੀ ਸਿੱਕੇ ਲੈ ਕੇ ਕਿਸੇ ਅਣਜਾਣ ਮੁਲਕ ਵਿਚ ਜਾ ਕੇ ਵਸਣ ਵਾਲੇ ਕਿਸੇ ਇਕ ਸ਼ਖ਼ਸ ਦੀ ਕਹਾਣੀ ਨਹੀਂ ਹੈ ਸਗੋਂ ਉਨ੍ਹਾਂ ਲੱਖਾਂ ਪੰਜਾਬੀਆਂ ਦੀ ਕਹਾਣੀ ਹੈ ਜੋ ਪੂਰੀ ਵੀਹਵੀਂ ਸਦੀ ਵਿਚ ਅਤੇ ਹਾਲੇ ਤੱਕ ਵੀ ਵਿਦੇਸ਼ੀ ਮੁਲਕਾਂ ਵਿਚ ਆਪਣਾ ਭਵਿੱਖ ਸਿਰਜਣ ਦੇ ਆਸਵੰਦ ਰਹੇ ਹਨ। ਬਰਤਾਨੀਆ, ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਇਟਲੀ, ਯੂਨਾਨ (ਗ੍ਰੀਸ) ਜਾਂ ਤੁਸੀਂ ਕਿਸੇ ਦੇਸ਼ ਦਾ ਨਾਂ ਲਓ, ਉਹ ਤੁਹਾਨੂੰ ਉੱਥੇ ਮਿਲ ਜਾਣਗੇ। ਇਨ੍ਹਾਂ ’ਚੋਂ ਜ਼ਿਆਦਾਤਰ ਪਰਵਾਸੀਆਂ ਨੂੰ ਮੇਰੇ ਦੋਸਤ ਤੇ ਉਨ੍ਹਾਂ ਦੇ ਪਿਤਾ ਵਾਂਗ ਔਕੜਾਂ ਦਾ ਸਾਹਮਣਾ ਕਰਨਾ ਪਿਆ ਪਰ ਉਹ ਸਾਬਤਕਦਮੀਂ ਆਪਣੀ ਮੰਜ਼ਲ ਵੱਲ ਤੁਰਦੇ ਗਏ। ਉਹ ਜਿੱਥੇ ਵੀ ਗਏ ਪੰਜਾਬੀਅਤ ਦੀ ਭਾਵਨਾ ਨੂੰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਅਤੇ ਸੰਤ ਕਬੀਰ, ਬਾਬਾ ਫ਼ਰੀਦ ਦੀ ਬਾਣੀ ਤੇ ਉਪਦੇਸ਼ਾਂ ਨੂੰ ਉਨ੍ਹਾਂ ਕਦੇ ਵਿਸਰਨ ਨਹੀਂ ਦਿੱਤਾ। ਤੁਸੀਂ ਦੇਖੋਗੇ ਕਿ ਉਹ ਡਾਕਟਰ, ਵਿਦਵਾਨ, ਇੰਜਨੀਅਰ, ਅਧਿਆਪਕ, ਕਾਰੋਬਾਰੀ, ਸਿਆਸਤਦਾਨ ਹੁੰਦੇ ਹੋਏ ਆਪਣੇ ਭਾਈਚਾਰਿਆਂ ਨਾਲ ਕਿਵੇਂ ਰਚੇ ਮਿਚੇ ਹੋਏ ਹਨ ਅਤੇ ਮਿਹਨਤ ਨਾਲ ਕਮਾਈ ਕਰ ਰਹੇ ਹਨ। ਇਨ੍ਹਾਂ ਮੁਲਕਾਂ ਨੇ ਉਨ੍ਹਾਂ ਨੂੰ ਵਧਣ ਫੁੱਲਣ ਦਾ ਮੰਚ ਦਿੱਤਾ ਹੈ। ਪਰਵਾਸੀਆਂ ਨੇ ਉੱਥੇ ਖ਼ੂਬ ਨਾਂ ਕਮਾਇਆ ਅਤੇ ਉਹ ਉਨ੍ਹਾਂ ਦੇ ਭਾਈਚਾਰਿਆਂ ਦਾ ਮੁੱਲਵਾਨ ਹਿੱਸਾ ਬਣ ਗਏ ਹਨ। ਜ਼ਿਆਦਾਤਰ ਪਰਵਾਸੀ ਉੱਥੇ ਸਥਾਪਤ ਹੋ ਗਏ ਹਨ ਅਤੇ ਹੁਣ ਉਨ੍ਹਾਂ ਦੀ ਦੂਜੀ ਤੇ ਤੀਜੀ ਪੀੜ੍ਹੀ ਉੱਥੋਂ ਦੀ ਮੁੱਖਧਾਰਾ ਦਾ ਅੰਗ ਬਣ ਗਈ ਹੈ।

ਪੰਜਾਬੀਆਂ ਦੇ ਪਰਵਾਸ ਦਾ ਮੂਲ ਕਾਰਨ ਕੀ ਸੀ? ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਤਿੰਨ ਲੜਾਈਆਂ ਹੋਈਆਂ ਸਨ ਤੇ ਇਸ ਤੋਂ ਬਾਅਦ ਇਕ ਵੱਡਾ ਰਾਜ ਅਤੇ ਇਸ ਦੀ ਲੋਕਾਈ ਲਾਵਾਰਸ ਹੋ ਗਏ। ਕੀ ਇਸ ਪਿੱਛੇ ਪੰਜਾਬ ’ਤੇ ਅੰਗਰੇਜ਼ਾਂ ਦੀ ਜਿੱਤ ਜ਼ਿੰਮੇਵਾਰ ਸੀ? ਕੀ ਇਹ ਇਸ ਕਰ ਕੇ ਹੋਇਆ ਕਿ ਅੰਗਰੇਜ਼ਾਂ ਨੇ ਪੁਰਾਣੇ ਰਾਜ ਦੀ ਫ਼ੌਜ ਦੇ ਵੱਡੇ ਹਿੱਸੇ ਨੂੰ ਆਪਣੀਆਂ ਸਫ਼ਾਂ ਵਿਚ ਸ਼ਾਮਲ ਕਰ ਲਿਆ ਸੀ ਅਤੇ ਫਿਰ ਪੰਜਾਬੀਆਂ ਦੀ ਹੋਰ ਜ਼ਿਆਦਾ ਭਰਤੀ ਕਰ ਕੇ ਕਈ ਦੇਸ਼ਾਂ ਵਿਚ ਆਪਣੀਆਂ ਲੜਾਈਆਂ ਲੜੀਆਂ ਸਨ? ਕੀ ਇਹ ਵੰਡ ਵੇਲੇ ਹੋਏ ਕਤਲੇਆਮ ਅਤੇ ਉਜਾੜੇ ਦਾ ਸਿੱਟਾ ਸੀ? ਮੇਰੇ ਦੋਸਤ ਨੇ ਇਨ੍ਹਾਂ ਮੋਹਰੀ ਪਰਵਾਸੀਆਂ ਦੀਆਂ ਜ਼ਿੰਦਗੀਆਂ ਦੀਆਂ ਜੋ ਕਹਾਣੀਆਂ ਸੁਣਾ ਕੇ ਮੇਰੀਆਂ ਅੱਖਾਂ ਖੋਲ੍ਹੀਆਂ ਹਨ, ਉਸ ਲਈ ਮੈਂ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ ਤੇ ਉਨ੍ਹਾਂ ਨੇ ਉੱਥੇ ਪਹੁੰਚ ਕੇ ਜੋ ਮੱਲਾਂ ਮਾਰੀਆਂ ਹਨ, ਉਨ੍ਹਾਂ ਬਾਰੇ ਇੱਥੇ ਰਹਿ ਕੇ ਸੋਚਿਆ ਵੀ ਨਹੀਂ ਜਾ ਸਕਦਾ ਸੀ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਮੈਂ ਕਦੇ ਵੀ ਨਹੀਂ ਛੁਟਿਆ ਸਕਾਂਗਾ। ਲੋਕਾਂ ਨੂੰ ਜ਼ਮੀਨ ਜਾਇਦਾਦ ਨਹੀਂ ਸਗੋਂ ਉਨ੍ਹਾਂ ਦਾ ਸੰਘਰਸ਼, ਉਨ੍ਹਾਂ ਦੇ ਆਗੂ ਅਤੇ ਅਧਿਆਪਕ ਤਰਾਸ਼ਦੇ ਹਨ। ਬੁਰੀ ਤਰ੍ਹਾਂ ਛਾਂਗਿਆ ਹੋਇਆ ਅਜੋਕਾ ਪੰਜਾਬ ਆਪਣੇ ਸਭ ਤੋਂ ਬੇਸ਼ਕੀਮਤੀ ਸਰੋਤ (ਜ਼ਮੀਨ ਜਾਂ ਪਾਣੀ ਨਹੀਂ), ਭਾਵ ਮਾਨਵੀ ਸਰੋਤ ਦੇ ਇਕ ਹਿੱਸੇ ਤੋਂ ਵਾਂਝਾ ਹੋ ਗਿਆ ਹੈ। ਉਹ ਜਿੱਥੇ ਵੀ ਕਿਤੇ ਹੋਣਗੇ, ਪੰਜਾਬ ਅਤੇ ਪੰਜਾਬੀਅਤ ਦੀ ਭਾਵਨਾ ਉਨ੍ਹਾਂ ਦੇ ਨਾਲ ਰਹੇਗੀ। ਪਰਵਾਸ ਦੇ ਸੁਪਨੇ ਸੰਜੋਣ ਵਾਲੇ ਨੌਜਵਾਨਾਂ ਨੂੰ ਮੈਂ ਬਸ ਇਹੀ ਕਹਾਂਗਾ ਕਿ ਉਨ੍ਹਾਂ ਦੀ ਇਸ ਯਾਤਰਾ ਵਿਚ ਰੱਬ ਉਨ੍ਹਾਂ ’ਤੇ ਮਿਹਰ ਦਾ ਹੱਥ ਰੱਖੇ।

# ਰੂਸ ਦੇ ਚੰਦਰਮਾ ਮਿਸ਼ਨ ਦੀ ਅਸਫਲਤਾ ਦਾ ਮੁੱਖ ਕਾਰਨ ਕੀ ਸੀ

ਰੂਸੀ ਪੁਲਾੜ ਯਾਨ 'ਲੂਨਾ 25' ਦੇ ਹਾਦਸਾਗ੍ਰਸਤ ਹੋਣ ਨਾਲ ਰੂਸ ਦਾ ਚੰਦਰਮਾ ਮਿਸ਼ਨ ਵੀ ਅਸਫਲ ਹੋ ਗਿਆ ਹੈ। ਹੁਣ ਰੂਸ ਦੀ ਪੁਲਾੜ ਏਜੰਸੀ ਰੋਸਕੋਸਮੌਸ ਦੇ ਮਿਸ਼ਨ 'ਲੂਨਾ 25' ਦੇ ਕਰੈਸ਼ ਹੋਣ ਤੋਂ ਬਾਅਦ ਇਸ ਨੂੰ ਚੰਦਰਮਾ ਮਿਸ਼ਨ 'ਤੇ ਬਣੇ ਰਹਿਣ ਦੀ ਗੱਲ ਕਹੀ ਗਈ ਹੈ। ਇਸ ਦੇ ਨਾਲ ਹੀ ਏਜੰਸੀ ਦੇ ਮੁਖੀ ਨੇ ਮਿਸ਼ਨ ਦੀ ਅਸਫਲਤਾ ਦਾ ਕਾਰਨ ਵੀ ਦੱਸਿਆ ਹੈ।



**'ਮੂਨ ਮਿਸ਼ਨ ਨੂੰ ਰੋਕਣਾ ਸਭ ਤੋਂ ਮਾੜਾ ਫੈਸਲਾ ਹੋਵੇਗਾ'**

ਇੱਕ ਰੂਸੀ ਟੀਵੀ ਚੈਨਲ ਨੂੰ ਇੱਕ ਇੰਟਰਵਿਊ ਵਿੱਚ, ਏਜੰਸੀ ਦੇ ਮੁਖੀ, ਯੂਰੀ ਬੋਰੀਸੋਵ ਨੇ ਕਿਹਾ ਕਿ ਕਿਸੇ ਵੀ ਸਥਿਤੀ ਵਿੱਚ ਚੰਦਰਮਾ ਮਿਸ਼ਨ ਵਿੱਚ ਰੁਕਾਵਟ ਨਹੀਂ ਆਉਣੀ ਚਾਹੀਦੀ, ਇਹ ਸਭ ਤੋਂ ਮਾੜਾ ਫੈਸਲਾ ਹੋਵੇਗਾ।

**ਰੋਸਕੋਸਮੌਸ ਦੇ ਮੁਖੀ ਨੇ ਕੀ ਕਿਹਾ**

ਇਸ ਦੇ ਨਾਲ ਹੀ ਬੋਰੀਸੋਵ ਨੇ ਲੂਨਾ 25 ਦੇ ਕਰੈਸ਼ ਹੋਣ ਦਾ ਕਾਰਨ ਵੀ ਦੱਸਿਆ। ਉਨ੍ਹਾਂ ਨੇ ਮਿਸ਼ਨ ਦੀ ਅਸਫਲਤਾ ਲਈ ਚੰਦਰ ਦੀ ਖੋਜ 'ਤੇ ਦੇਸ਼ ਦੇ ਦਹਾਕਿਆਂ ਦੇ ਵਿਰਾਮ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਨੇ ਕਿਹਾ, ਮੁੱਖ ਕਾਰਨ ਲੂਨਾ 25 ਦੀ ਅਸਫਲਤਾ ਹੈ, ਜੋ ਲਗਭਗ 50 ਸਾਲਾਂ ਤੋਂ ਚੰਦਰਮਾ ਮਿਸ਼ਨਾਂ ਵਿੱਚ ਰੁਕਾਵਟ ਹੈ। ਸਾਡੇ ਪੂਰਵਜਾਂ ਨੇ 1960 ਤੇ 1970 ਦੇ ਦਹਾਕੇ ਵਿੱਚ ਜੋ ਅਨਮੋਲ ਅਨੁਭਵ ਹਾਸਲ ਕੀਤਾ ਸੀ, ਉਹ ਪ੍ਰੋਗਰਾਮ ਦੀ ਰੁਕਾਵਟ ਦੌਰਾਨ ਵਿਵਹਾਰਕ ਤੌਰ 'ਤੇ ਗੁਆਚ ਗਿਆ ਸੀ। ਮਿਸ਼ਨ ਦੇ ਸ਼ੁਰੂਆਤੀ ਵਿਸ਼ਲੇਸ਼ਣ ਤੋਂ ਪਤਾ ਲੱਗਾ ਹੈ ਕਿ ਔਰਬਿਟ ਨੂੰ ਬਦਲਦੇ ਸਮੇਂ ਅਸਲ ਤੇ ਗਣਨਾ ਕੀਤੇ ਮਾਪਦੰਡਾਂ ਵਿੱਚ ਅੰਤਰ ਦੇ ਕਾਰਨ ਪੁਲਾੜ ਯਾਨ ਇੱਕ ਅਚਾਨਕ ਹੋਰ ਔਰਬਿਟ ਵਿੱਚ ਦਾਖਲ ਹੋਇਆ, ਨਤੀਜੇ ਵਜੋਂ ਚੰਦਰਮਾ ਦੀ ਸਤ੍ਹਾ ਨਾਲ ਟਕਰਾਅ ਤੇ ਕਰੈਸ਼ ਹੋ ਗਿਆ। ਇੰਜਣ ਜਿਸ ਨੇ ਪੁਲਾੜ ਯਾਨ ਨੂੰ ਲੈਂਡਿੰਗ ਤੋਂ ਪਹਿਲਾਂ ਔਰਬਿਟ ਵਿੱਚ ਪਾਉਣਾ ਸੀ, ਨੇ ਯੋਜਨਾਬੱਧ 84 ਸਕਿੰਟਾਂ ਦੀ ਬਜਾਏ 127 ਸਕਿੰਟਾਂ ਲਈ ਕੰਮ ਕੀਤਾ। ਇਹ ਮੁੱਖ ਕਾਰਨ ਸੀ। ਰੋਸਕੋਸਮੌਸ ਨੇ ਸੋਵੀਅਤ ਸੰਘ-ਯੁੱਗ ਦੇ ਚੰਦਰ ਖੋਜ ਮਿਸ਼ਨਾਂ ਨੂੰ ਮੁੜ ਸੁਰਜੀਤ ਕਰਦੇ ਹੋਏ, 10 ਅਗਸਤ ਨੂੰ ਚੰਦਰਮਾ ਦੇ ਦੱਖਣੀ ਧਰੁਵ 'ਤੇ ਆਪਣਾ ਚੰਦਰਮਾ ਮਿਸ਼ਨ ਲੂਨਾ 25 ਲਾਂਚ ਕੀਤਾ। ਮਿਸ਼ਨ ਦਾ ਉਦੇਸ਼ ਚੰਦਰ ਧਰੁਵੀ ਰੇਗੋਲਿਥ (ਸਤਹੀ ਸਮੱਗਰੀ) ਤੇ ਚੰਦਰ ਧਰੁਵੀ ਐਕਸੋਸਫੀਅਰ ਦੇ ਪਲਾਜ਼ਮਾ ਤੇ ਚੰਦਰ ਦੀ ਸਤਹ ਦੀ ਮਿੱਟੀ ਦੀ ਰਚਨਾ ਦਾ ਅਧਿਐਨ ਕਰਨਾ ਸੀ। ਲੂਨਾ ਨੇ ਭਾਰਤ ਦੇ ਚੰਦਰਯਾਨ 3 ਤੋਂ ਪਹਿਲਾਂ 21 ਅਗਸਤ ਨੂੰ ਚੰਦਰਮਾ 'ਤੇ ਉਤਰਨ ਦੀ ਕੋਸ਼ਿਸ਼ ਕਰਨੀ ਸੀ। ਹਾਲਾਂਕਿ, ਇਹ 21 ਅਗਸਤ ਤੋਂ ਪਹਿਲਾਂ ਕਰੈਸ਼ ਹੋ ਗਿਆ ਸੀ।

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਅਮਰੀਕਾ ਦੇ ਮਾਊਈ ਟਾਪੂ 'ਤੇ ਲੱਗੀ ਭਿਆਨਕ ਜੰਗਲੀ ਅੱਗ ਦੇ 10 ਦਿਨਾਂ ਬਾਅਦ ਐਮਰਜੰਸੀ ਮੈਨੇਜਮੈਂਟ ਏਜੰਸੀ ਦੇ ਪ੍ਰਸ਼ਾਸਕ ਨੇ ਦਿੱਤਾ ਅਸਤੀਫਾ , ਮੌਤਾਂ ਦੀ ਗਿਣਤੀ ਵਧਣ ਦਾ ਖਦਸ਼ਾ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਹਵਾਈ ਸੂਬੇ ਦੇ ਮਾਊਈ ਟਾਪੂ ਉਪਰ ਲੱਗੀ ਭਿਆਨਕ ਜੰਗਲੀ ਅੱਗ ਦੇ 10 ਦਿਨਾਂ ਬਾਅਦ ਐਮਰਜੰਸੀ ਮੈਨੇਜਮੈਂਟ ਏਜੰਸੀ ਦੇ ਪ੍ਰਸ਼ਾਸਕ ਨੇ ਆਪਣਾ ਅਸਤੀਫਾ ਦੇ ਦਿੱਤਾ ਹੈ। ਪ੍ਰਸ਼ਾਸਕ ਹਰਮਨ ਅੰਦਾਇਆ ਦਾ ਅਸਤੀਫਾ ਤੁਰੰਤ ਪ੍ਰਵਾਨ ਕਰ ਲਿਆ ਗਿਆ ਹੈ। ਹਾਲਾਂ ਕਿ ਉਸ ਨੇ ਅਸਤੀਫੇ ਦਾ ਕਾਰਨ ਸਿਹਤ ਨਾ ਠੀਕ ਹੋਣ ਨੂੰ ਦਸਿਆ ਹੈ ਪਰੰਤੂ ਹਾਲਾਤ ਨੂੰ ਠੀਕ ਤਰਾਂ ਨਾ ਨਜਿੱਠਣ ਕਾਰਨ ਉਨਾਂ ਉਪਰ ਨਿਰੰਤਰ ਦਬਾਅ ਬਣਿਆ ਹੋਇਆ ਸੀ। ਮਾਊਈ ਕਾਊਂਟੀ ਦੇ ਮੇਅਰ ਰਿਚਰਡ ਬਿਸੇਨ ਨੇ ਅਸਤੀਫੇ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸੰਕਟ ਦੀ ਭਿਆਨਕਤਾ ਨੂੰ ਵੇਖਦੇ ਹੋਏ ਮੈ ਤੇ ਮੇਰੀ ਟੀਮ ਇਸ ਪ੍ਰਮੁੱਖ ਅਹੁੱਦੇ 'ਤੇ ਜਿੰਨੀ ਛੇਤੀ ਸੰਭਵ ਹੋ ਸਕੇ ਕਿਸੇ ਹੋਰ ਨੂੰ ਨਿਯੁਕਤ ਕਰਨ ਜਾ ਰਹੇ ਹਾਂ। ਉਨਾਂ ਕਿਹਾ ਮੈ ਇਸ ਸਬੰਧੀ ਛੇਤੀ ਐਲਾਨ ਦੀ ਉਮੀਦ ਕਰਦਾ ਹਾਂ। 8 ਅਗਸਤ ਨੂੰ ਲੱਗੀ ਜੰਗਲੀ ਅੱਗ ਵਿਚ ਹੁਣ ਤੱਕ 111 ਤੋਂ ਵਧ ਲਾਸ਼ਾਂ ਬਰਾਮਦ ਹੋਈਆਂ ਹਨ ਜਦ ਕਿ ਮੌਤਾਂ ਦੀ ਗਿਣਤੀ ਵਧਣ ਦਾ ਖਦਸ਼ਾ ਨਿਰੰਤਰ ਬਣਿਆ ਹੋਇਆ ਹੈ ਕਿਉਂਕਿ ਮਾਊਈ ਟਾਪੂ ਦੇ ਸੜੇ ਇਕ ਵੱਡੇ ਹਿੱਸੇ ਵਿਚ ਪੀੜਤ ਵਿਅਕਤੀਆਂ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਜਾਰੀ ਹਨ। ਮਾਊਈ ਪੁਲਿਸ ਮੁੱਖੀ ਜੌਹਨ ਪੈਲੀਟੀਅਰ ਨੇ ਬੀਤੇ ਦਿਨ ਕਿਹਾ ਕਿ ਟਾਪੂ ਦੇ ਸੜੇ ਜਿਆਦਾਤਰ ਹਿੱਸੇ ਵਿਚ ਅਜੇ ਪੀੜਤਾਂ ਦੀ ਭਾਲ ਕੀਤੀ ਜਾਣੀ ਹੈ।



# ਵਾਸ਼ਿੰਗਟਨ ਵਿਚ ਭਾਰਤੀ ਦੂਤਘਰ ਵਿੱਚ ਆਜ਼ਾਦੀ ਦਿਵਸ ਮਨਾਇਆ

## ਪ੍ਰਧਾਨ ਮੰਤਰੀ ਮੋਦੀ ਤੇ ਰਾਸ਼ਟਰਪਤੀ ਬਾਈਡਨ ਦੀ ਅਗਵਾਈ ਵਿੱਚ ਦੋਨਾਂ ਦੇਸ਼ਾਂ ਦੇ ਸਬੰਧ ਅਹਿਮ ਮੁਕਾਮ 'ਤੇ ਪੁੱਜੇ- ਰਾਜਦੂਤ ਸੰਧੂ

**ਸੈਕਰਾਮੈਂਟੋ, ਕੈਲੀਫੋਰਨੀਆ –** ਭਾਰਤ ਦਾ 77 ਵਾਂ ਆਜ਼ਾਦੀ ਦਿਵਸ ਇਥੇ ਇੰਡੀਆ ਹਾਊਸ ਵਿਚ ਮਨਾਇਆ ਗਿਆ। ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਮਹਾਤਮਾ ਗਾਂਧੀ ਦੀ ਯਾਦਗਾਰ 'ਤੇ ਸ਼ਰਧਾਂਜਲੀ ਦੇਣ ਉਪਰੰਤ ਰਾਸ਼ਟਰੀ ਝੰਡਾ ਲਹਿਰਾਇਆ। ਇਸ ਉਪਰੰਤ ਹੋਏ ਸਮਾਗਮ ਵਿਚ ਸੰਧੂ ਨੇ ਭਾਰਤ ਦੇ ਵਿਕਾਸ ਦੀ ਗੱਲ ਕੀਤੀ। ਉਨਾਂ ਨੇ ਜੀ-20 ਦੀ ਭਾਰਤ ਨੂੰ ਮਿਲੀ ਅਗਵਾਈ ਦਾ ਵਿਸ਼ੇਸਸ਼ ਤੌਰ 'ਤੇ ਜਿਕਰ ਕੀਤਾ। ਉਨਾਂ ਨੇ ਭਾਰਤ ਤੇ ਅਮਰੀਕਾ ਵਿਚਾਲ ਹੋ ਰਹੇ ਮਜਬੂਤ ਸਬੰਧਾਂ ਬਾਰੇ ਬੋਲਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਜੋ ਬਾਈਡਨ ਦੀ ਅਗਵਾਈ ਵਿਚ ਕੌਮਾਂਤਰੀ ਮੰਚ 'ਤੇ ਦੋਨਾਂ ਦੇਸ਼ਾਂ ਵਿਚਾਲੇ ਸਬੰਧ ਅਹਿਮ ਮੁਕਾਮ 'ਤੇ ਪੁੱਜੇ ਹਨ। ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਹਾਲ ਹੀ ਵਿਚ ਅਮਰੀਕਾ ਫੇਰੀ ਨੇ ਦੋਨਾਂ ਦੇਸ਼ਾਂ ਵਿਚਾਲੇ ਡੂੰਘੇ ਸਬੰਧਾਂ ਨੂੰ ਹੋਰ ਮਜਬੂਤ ਕੀਤਾ ਹੈ। ਉਨਾਂ ਕਿਹਾ ਕਿ ਇਸ ਫੇਰੀ ਨਾਲ ਦੁਪਾਸੜ ਭਰੋਸਾ ਤੇ ਸਹਿਯੋਗ ਹੋਰ ਵਧਿਆ ਹੈ। ਇਸ ਮੌਕੇ ਸਭਿਆਚਾਰਕ ਪ੍ਰੋਗਰਾਮ ਵੀ ਹੋਇਆ ਜਿਸ ਵਿਚ ਕਲਾਕਾਰਾਂ ਨੇ ਦੇਸ਼ ਭਗਤੀ ਦੇ ਗੀਤ ਗਾਏ।

ਸਮਾਗਮ ਵਿਚ ਭਾਰਤੀ ਅਮਰੀਕੀ ਭਾਈਚਾਰੇ ਤੋਂ ਇਲਾਵਾ ਵਿਦਿਆਰਥੀਆਂ ਤੇ ਹੋਰਨਾਂ ਨੇ ਹਿੱਸਾ ਲਿਆ।



# ਇਕ ਘਰ ਵਿਚ 9 ਸਾਲ ਦੇ ਲੜਕੇ ਨੇ 6 ਸਾਲ ਦੇ ਲੜਕੇ ਦੇ ਮਾਰੀ ਗੋਲੀ, ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਫਲੋਰਿਡਾ ਰਾਜ ਵਿਚ ਇਕ 9 ਸਾਲ ਦੇ ਲੜਕੇ ਦੇ ਹੱਥ ਵਿਚ ਆਈ ਗੰਨ ਉਸ ਵੇਲੇ ਘਾਤਕ ਸਾਬਤ ਹੋਈ ਜਦੋਂ ਉਸ ਨੇ 6 ਸਾਲਾਂ ਦੇ ਲੜਕੇ ਦੇ ਗੋਲੀ ਮਾਰ ਦਿੱਤੀ। ਇਹ ਘਟਨਾ ਫਲੋਰਿਡਾ ਦੇ ਸ਼ਹਿਰ ਜੈਕਸਨਵਿਲੇ ਦੇ ਇਕ ਘਰ ਵਿਚ ਵਾਪਰੀ। ਜੈਕਸਨਵਿਲੇ ਸ਼ੈਰਿਫ ਦਫਤਰ ਦੇ ਸਹਾਇਕ ਮੁੱਖੀ ਜੇ ਡੀ ਸਟਰਾਨਕੋ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਛੋਟੇ ਬੱਚੇ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਸਟਰਾਨਕੋ ਅਨੁਸਾਰ ਉਸ ਦੇ ਸਿਰ ਵਿਚ ਗੋਲੀ ਵੱਜੀ ਸੀ। ਅਧਿਕਾਰੀਆਂ ਵੱਲੋਂ ਘਟਨਾ ਵਾਪਰਨ ਵੇਲੇ ਘਰ ਵਿਚ ਮੌਜੂਦ ਇਕ ਬਾਲਗ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਕੋਈ ਅਪਰਾਧਕ ਹਿੰਸਾ ਦਾ ਕੋਈ ਸੰਕੇਤ ਨਹੀਂ ਮਿਲਿਆ ਹੈ ਤੇ ਕਿਸੇ ਵਿਰੁੱਧ ਵੀ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ। ਉਨਾਂ ਹੋਰ ਕਿਹਾ ਕਿ ਗੋਲੀ ਚੱਲਣ ਸਮੇ ਘਰ ਵਿਚਲੇ ਹਾਲਾਤ ਬਾਰੇ ਜਾਂਚ ਕੀਤੀ ਜਾ ਰਹੀ ਹੈ। ਇਥੇ ਜਿਕਰਯੋਗ ਹੈ ਕਿ ਗੰਨ ਹਿੰਸਾ ਵਿਚ ਇਸ ਸਾਲ ਹੁਣ ਤੱਕ 17 ਸਾਲ ਤੋਂ ਘੱਟ ਉਮਰ ਦੇ 1114 ਨਬਾਲਗਾਂ ਦੀ ਮੌਤ ਹੋ ਚੁੱਕੀ ਹੈ ਤੇ 3065 ਜ਼ਖਮੀ ਹੋਏ ਹਨ।



# ਅਮਰੀਕਾ ਦੇ ਟੈਕਸਾਸ ਰਾਜ ਵਿਚ ਮੈਕਸੀਕੋ ਤੋਂ ਆਈ ਬੱਸ ਵਿਚੋਂ 22 ਕਿਲੋ ਤੋਂ ਵਧ ਕੋਕੀਨ ਫੜੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਟੈਕਸਾਸ ਰਾਜ ਵਿਚ ਯੂ ਐਸ ਕਸਟਮਜ ਅਧਿਕਾਰੀਆਂ ਵੱਲੋਂ ਮੈਕਸੀਕੋ ਤੋਂ ਆਈ ਇਕ ਕਮਰਸ਼ੀਅਲ ਬੱਸ ਵਿਚੋਂ 2 ਦਰਜਨ ਪੈਕਟ ਕੋਕੀਨ ਦੇ ਫੜੇ ਜਾਣ ਦੀ ਖਬਰ ਹੈ। ਏਜੰਸੀ ਨੇ ਕਿਹਾ ਹੈ ਕਿ ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਦੇ ਅਫਸਰਾਂ ਨੇ ਰੋਮਾ ਕੌਮਾਂਤਰੀ ਪੁਲ ਉਪਰ ਇਕ ਬੱਸ ਵਿਚੋਂ ਵਰਣਨਯੋਗ ਮਾਤਰਾ ਵਿਚ ਨਸ਼ੀਲਾ ਪਦਾਰਥ ਬਰਾਮਦ ਕੀਤਾ ਹੈ। ਰੋਮਾ ਦੱਖਣੀ ਟੈਕਸਾਸ ਵਿਚ ਰੀਓ ਗਰਾਂਡ ਦੇ ਨਾਲ ਮੈਕਐਲਨ ਦੇ ਉਤਰ ਪੱਛਮ ਵਿਚ ਮੋਟੇ ਤੌਰ ;ਤੇ 50 ਮੀਲ ਦੂਰ ਹੈ। ਯੂ ਐਸ ਕਸਟਮਜ ਐਂਡ ਬਾਰਡਰ ਪ੍ਰੋਟੈਕਸ਼ਨ ਏਜੰਸੀ (ਸੀ ਬੀ ਪੀ) ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਬੱਸ ਦੇ ਪੁਲ ਉਪਰ ਪੁੱਜਣ 'ਤੇ ਜਦੋਂ ਅਫਸਰਾਂ ਨੇ ਇਸ ਦੀ ਡੂੰਘਾਈ ਨਾਲ ਤਲਾਸ਼ੀ ਲਈ ਤਾਂ ਇਸ ਵਿਚੋਂ ਤਕਰੀਬਨ 22 ਪੈਕਟ ਬਰਾਮਦ ਹੋਏ ਜਿਨਾਂ ਵਿਚ ਕੁਕੀਨ ਭਰੀ ਹੋਈ ਸੀ। ਕੁਕੀਨ ਦਾ ਕੁਲ ਭਾਰ ਤਕਰੀਬਨ 22 ਕਿਲੋ 500 ਗ੍ਰਾਮ ਹੈ ਜਿਸ ਦੀ ਬਜਾਰੀ ਕੀਮਤ 3,80,000 ਡਾਲਰ ਤੋਂ ਵਧ ਬਣਦੀ ਹੈ। ਏਜੰਸੀ ਨੇ ਇਸ ਮਾਮਲੇ ਵਿਚ ਹੋਰ ਜਾਣਕਾਰੀ ਨਹੀਂ ਦਿੱਤੀ ਹੈ। ਸੀ ਬੀ ਪੀ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਅਕਤੂਬਰ ਤੋਂ ਬਾਅਦ ਤਕਰੀਬਨ 10 ਮਹੀਨਿਆਂ ਵਿਚ ਏਜੰਸੀ ਵੱਲੋਂ 2,95,10,000 ਕਿਲੋਗ੍ਰਾਮ ਕੁਕੀਨ ਫੜੀ ਜਾ ਚੁੱਕੀ ਹੈ।



# ਅਮਰੀਕਾ ਦੇ ਟੈਨੇਸੀ ਰਾਜ ਵਿਚ ਪੁਲਿਸ ਵੱਲੋਂ ਗ੍ਰਿਫਤਾਰੀ ਵਾਰੰਟਾਂ ਦੀ ਤਾਮੀਲ ਕਰਵਾਉਣ ਵੇਲੇ ਹੋਈ ਗੋਲੀਬਾਰੀ ਵਿਚ 2 ਸ਼ੱਕੀ ਮਾਰੇ ਗਏ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਟੈਨੇਸੀ ਰਾਜ ਦੇ ਸ਼ਹਿਰ ਕਲਾਰਕਸਵਿਲੇ ਵਿਖੇ ਪੁਲਿਸ ਵੱਲੋਂ ਗ੍ਰਿਫਤਾਰੀ ਵਾਰੰਟਾਂ ਦੀ ਤਾਮੀਲ ਕਰਵਾਉਣ ਵੇਲੇ ਹੋਈ ਗੋਲੀਬਾਰੀ ਵਿਚ ਦੋ ਸ਼ੱਕੀ ਦੋਸ਼ੀਆਂ ਦੇ ਮਾਰੇ ਜਾਣ ਜਦ ਕਿ 4 ਪੁਲਿਸ ਅਫਸਰ ਤੇ ਇਕ ਹੋਰ ਵਿਅਕਤੀ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਟੈਨੇਸੀ ਬਿਊਰੋ ਆਫ ਇਨਵੈਸਟੀਗੇਸ਼ਨ ਵੱਲੋਂ ਦਿੱਤੀ ਮੁੱਢਲੀ ਜਾਣਕਾਰੀ ਅਨੁਸਾਰ ਬਰੈਂਡਨ ਗਰੀਨ (31)ਤੇ ਲੀਓਨਾਰਡ ਗਰੀਨ (33) ਨਾਮੀ ਦੋ ਭਰਾਵਾਂ ਦੇ ਇਕ ਗੰਭੀਰ ਚੋਰੀ ਦੇ ਮਾਮਲੇ ਵਿਚ ਜਾਰੀ ਹੋਏ ਗ੍ਰਿਫਤਾਰੀ ਵਾਰੰਟਾਂ ਦੀ ਤਾਮੀਲ ਕਰਵਾਉਣ ਪੁਲਿਸ ਅਫਸਰ ਪੁੱਜੇ ਤਾਂ ਇਨਾਂ ਦੋਨਾਂ ਭਰਾਵਾਂ ਨੇ ਇਕ ਵਿਅਕਤੀ ਨੂੰ ਬੰਧਕ ਬਣਾ ਕੇ ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰ ਲਿਆ। ਇਸ ਉਪੰਰਤ ਕਲਾਰਕਸਵਿਲੇ ਪੁਲਿਸ ਤੇ ਸ਼ੱਕੀ ਦੋਸ਼ੀਆਂ ਵਿਚਾਲੇ 12 ਘੰਟੇ ਤਣਾਅ ਬਣਿਆ ਰਿਹਾ।

ਸ਼ੱਕੀਆਂ ਨਾਲ ਹੋਈ ਗੱਲਬਾਤ ਬੇਸਿੱਟਾ ਰਹੀ। ਪੁਲਿਸ ਅਨੁਸਾਰ ਸ਼ੱਕੀਆਂ ਨੇ ਪੁਲਿਸ ਉਪਰ ਫਾਇਰਿੰਗ ਕੀਤੀ। ਇਸ ਤੋਂ ਬਾਅਦ ਅੱਧੀ ਰਾਤ ਪਿਛੋਂ ਪੁਲਿਸ ਘਰ ਵਿਚ ਦਾਖਲ ਹੋਈ ਜਿਸ ਦੌਰਾਨ ਹੋਈ ਦੁਪਾਸੜ ਗੋਲੀਬਾਰੀ ਵਿਚ ਦੋਨੋਂ ਭਰਾ ਮਾਰੇ ਗਏ ਜਦ ਕਿ 4 ਪੁਲਿਸ ਅਫਸਰ ਤੇ ਬੰਧਕ ਬਣਾਇਆ ਵਿਅਕਤੀ ਜ਼ਖਮੀ ਹੋ ਗਿਆ। ਜ਼ਖਮੀ ਹੋਏ ਪੁਲਿਸ ਅਫਸਰਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਉਨਾਂ ਦੇ ਜ਼ਖਮ ਜਾਨ ਲੇਵਾ ਨਹੀਂ ਹਨ।

# ਰਾਹੁਲ ਦੀ ਲੱਦਾਖ ਯਾਤਰਾ 'ਭਾਰਤ ਜੋੜੋ ਯਾਤਰਾ' ਦੀ ਅਗਲੀ ਕੜੀ: ਕਾਂਗਰਸ



**ਨਵੀਂ ਦਿੱਲੀ–** ਕਾਂਗਰਸ ਨੇ ਅੱਜ ਕਿਹਾ ਕਿ ਰਾਹੁਲ ਗਾਂਧੀ ਦੀ ਲੱਦਾਖ ਯਾਤਰਾ 'ਭਾਰਤ ਜੋੜੋ ਯਾਤਰਾ' ਦੀ ਅਗਲੀ ਕੜੀ ਹੈ ਕਿਉਂਕਿ ਕੇਂਦਰ ਸ਼ਾਸਿਤ ਪ੍ਰਦੇਸ਼ ਦੀ ਉਨ੍ਹਾਂ ਦੀ ਯਾਤਰਾ ਉਨ੍ਹਾਂ ਦੇ ਦੇਸ਼ ਵਿਆਪੀ ਮਾਰਚ ਦੌਰਾਨ ਉੱਥੋਂ ਦੇ ਇੱਕ ਵਫ਼ਦ ਨਾਲ ਕੀਤੀ ਗਈ ਪ੍ਰਤੀਬੱਧਤਾ ਪੂਰੀ ਕਰਨ ਲਈ ਹੈ। ਜ਼ਿਕਰਯੋਗ ਹੈ ਕਿ ਰਾਹੁਲ ਗਾਂਧੀ ਨੇ ਪਿਛਲੇ ਸਾਲ ਸਤੰਬਰ ਤੋਂ ਇਸ ਸਾਲ ਜਨਵਰੀ ਤੱਕ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨਾਲ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਤਕਰੀਬਨ ਚਾਰ ਹਜ਼ਾਰ ਕਿਲੋਮੀਟਰ ਦੀ ਪੈਦਲ ਯਾਤਰਾ ਕੀਤੀ ਸੀ।

ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ 'ਐਕਸ' 'ਤੇ ਪੋਸਟ ਕੀਤਾ, 'ਇਸ ਸਾਲ ਦੀ ਸ਼ੁਰੂਆਤ ਵਿੱਚ 24 ਜਨਵਰੀ ਨੂੰ 'ਭਾਰਤ ਜੋੜੋ ਯਾਤਰਾ' ਦੌਰਾਨ ਰਾਹੁਲ ਗਾਂਧੀ ਜੰਮੂ ਦੇ ਝੱਜਰ ਕੋਟਲੀ 'ਚ ਲੱਦਾਖ ਦੇ ਇੱਕ ਵਫ਼ਦ ਨੂੰ ਮਿਲੇ ਸੀ। ਉਸ ਵਫ਼ਦ 'ਚ ਸ਼ਾਮਲ ਲੋਕ ਚਾਹੁੰਦੇ ਸੀ ਕਿ ਰਾਹੁਲ ਗਾਂਧੀ ਲੱਦਾਖ ਆਉਣ ਅਤੇ ਚੀਨ ਨਾਲ ਲੱਗਦੀ ਸਰਹੱਦ ਨਾਲ ਸਬੰਧਤ ਚੁਣੌਤੀਆਂ ਬਾਰੇ ਲੋਕਾਂ ਦੇ ਤਜਰਬਿਆਂ ਦੇ ਨਾਲ ਨਾਲ ਸਥਾਨਕ ਚੁਣੀਆਂ ਹੋਈਆਂ ਸੰਸਥਾਵਾਂ ਦੇ ਸ਼ਕਤੀਕਰਨ ਬਾਰੇ ਉਨ੍ਹਾਂ ਦੇ ਵਿਚਾਰ ਵੀ ਸੁਣਨ।

ਰਮੇਸ਼ ਨੇ ਕਿਹਾ ਕਿ ਰਾਹੁਲ ਗਾਂਧੀ ਲੰਘੇ ਵੀਰਵਾਰ ਨੂੰ ਲੇਹ ਦੇ ਦੋ ਰੋਜ਼ਾ ਦੌਰੇ 'ਤੇ ਆਏ ਸੀ ਪਰ ਬਾਅਦ ਵਿੱਚ ਉਨ੍ਹਾਂ ਪੈਂਗੌਂਗ ਝੀਲ, ਨੁਬਰਾ ਵੈਲੀ ਤੇ ਕਾਰਗਿਲ ਜ਼ਿਲ੍ਹੇ ਤੱਕ ਜਾਣ ਲਈ ਇੱਥੇ ਚਾਰ ਦਿਨ ਹੋਰ ਰੁਕਣ ਦਾ ਫ਼ੈਸਲਾ ਕੀਤਾ ਹੈ। ਕਈ ਮਾਇਨਿਆਂ 'ਚ ਇਹ ਲੱਦਾਖ ਯਾਤਰਾ 'ਭਾਰਤ ਜੋੜੋ ਯਾਤਰਾ' ਦੀ ਹੀ ਅਗਲੀ ਕੜੀ ਹੈ।

ਰਾਹੁਲ ਗਾਂਧੀ ਨੇ ਲੰਘੀ ਦੇਰ ਸ਼ਾਮ ਨੂੰ ਲੇਹ ਦੇ ਬਾਜ਼ਾਰ ਵਿੱਚ ਲੋਕਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਲੋਕਾਂ ਨਾਲ ਮੁਲਾਕਾਤ ਦੀਆਂ ਕੁਝ ਤਸਵੀਰਾਂ ਦੀ ਇੰਸਟਾਗ੍ਰਾਮ 'ਤੇ ਸਾਂਝੀਆਂ ਕੀਤੀਆਂ ਅਤੇ ਕਿਹਾ ਕਿ 'ਭਾਰਤ ਜੋੜੋ ਯਾਤਰਾ' ਹਰ ਭਾਰਤੀ ਦੇ ਦਿਲ ਤੇ ਦਿਮਾਗ 'ਚ ਵਸੀ ਹੋਈ ਹੈ। ਉਨ੍ਹਾਂ ਕਿਹਾ ਕਿ ਲੇਹ ਦੀਆਂ ਸੜਕਾਂ 'ਤੇ ਗੂੰਜਦਾ ਭਾਰਤ ਮਾਤਾ ਦੀ ਜੈ ਦਾ ਨਾਅਰਾ ਇਸ ਏਕਤਾ ਦੀ ਮਜ਼ਬੂਤ ਮਿਸਾਲ ਹੈ। ਇਸ ਆਵਾਜ਼ ਨੂੰ ਕੋਈ ਤਾਕਤ ਦਬਾ ਨਹੀਂ ਸਕਦੀ। ਇਸੇ ਦੌਰਾਨ ਰਾਹੁਲ ਗਾਂਧੀ ਆਪਣੀ ਮੋਟਰਸਾਈਕਲ ਯਾਤਰਾ ਕਰਦੇ ਹੋਏ ਅੱਜ ਲਾਮਾਯੁਰੂ ਪਹੁੰਚ ਗਏ ਹਨ।

# ਅਮਰੀਕਾ ਦੇ ਫਿਲਾਡੈਲਫੀਆ ਸ਼ਹਿਰ ਵਿਚ ਜਨਮ ਦਿਨ ਪਾਰਟੀ ਮੌਕੇ ਚੱਲੀਆਂ ਗੋਲੀਆਂ ਨਾਲ ਇਕ ਮੌਤ 8 ਹੋਰ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਪੈਨਸਿ-ਲਵਾਨੀਆ ਰਾਜ ਦੇ ਪੱਛਮੀ ਫਿਲਾਡੈਲਫੀਆ ਸ਼ਹਿਰ ਵਿਚ ਇਕ ਜਨਮ ਦਿਨ ਬਲਾਕ ਪਾਰਟੀ ਦੌਰਾਨ ਤੜਕਸਾਰ ਗੋਲੀ ਚੱਲ ਜਾਣ ਦੇ ਸਿੱਟੇ ਵਜੋਂ 9 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ ਜਿਨਾਂ ਵਿਚੋਂ ਇਕ ਦੀ ਮੌਤ ਹੋ ਗਈ। ਪੁਲਿਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਗੋਲੀਬਾਰੀ ਵਿਚ ਇਕ 19 ਸਾਲਾ ਵਿਅਕਤੀ ਦੀ ਮੌਤ ਹੋ ਗਈ ਹੈ। ਜਿਸ ਦੇ ਚੇਹਰੇ ਤੇ ਸਰੀਰ ਉਪਰ ਗੋਲੀਆਂ ਵੱਜੀਆਂ ਹਨ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਬਾਰੀ ਦੌਰਾਨ ਇਕ ਤੋਂ ਵਧ ਹਥਿਆਰਾਂ ਦੀ ਵਰਤੋਂ ਕੀਤੀ ਗਈ ਹੈ। ਇਹ ਘਟਨਾ ਅੱਧੀ ਰਾਤ ਤੋਂ ਬਾਅਦ 1.30 ਵਜੇ ਤੜਕਸਾਰ ਵਾਪਰੀ। ਫਿਲਾਡੈਲਫੀਆ ਪੁਲਿਸ ਦੇ ਇਕ ਬੁਲਾਰੇ ਅਨੁ ਸਾਰ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਥੇ ਭਾਰੀ ਭੀੜ ਮੌਜੂਦ ਸੀ ਤੇ ਪੀੜਤਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਬੁਲਾਰੇ ਅਨੁਸਾਰ ਅਜੇ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ ਤੇ ਨਾ ਹੀ ਗੋਲੀ ਚੱਲਣ ਦਾ ਕਾਰਨ ਸਪੱਸ਼ਟ ਹੋ ਸਕਿਆ ਹੈ। ਨਾ ਹੀ ਇਹ ਪਤਾ ਲੱਗ ਸਕਿਆ ਹੈ ਕਿ ਗੋਲੀ ਚਲਾਉਣ ਵਾਲੇ ਕਿੰਨੇ ਸਨ। ਪੁਲਿਸ ਅਨੁਸਾਰ ਮੌਕੇ ਤੋਂ 4 ਦਰਜਨ ਤੋਂ ਵਧ ਕਾਰਤੂਸਾਂ ਦੇ ਖੋਲ ਬਰਾਮਦ ਹੋਏ ਹਨ। 8 ਪੀੜਤ ਜਿਨਾਂ ਵਿਚ 5 ਔਰਤਾਂ, 2 ਲੜਕੀਆਂ ਤੇ 1 ਵਿਅਕਤੀ ਸ਼ਾਮਿਲ ਹੈ, ਜੇਰੇ ਇਲਾਜ ਹਨ। ਮੌਕੇ ਉਪਰ ਮੌਜੂਦ ਲੋਕਾਂ ਅਨੁਸਾਰ ਗੋਲੀਆਂ ਚੱਲਣ ਉਪਰੰਤ ਪਾਰਟੀ ਵਿਚ ਹਫੜਾ ਦਫੜੀ ਮੱਚ ਗਈ ਤੇ ਲੋਕ ਆਪਣੀਆਂ ਜਾਨਾਂ ਬਚਾਉਣ ਲਈ ਇਧਰ ਉਧਰ ਭੱਜ ਗਏ। ਇਸ ਦੌਰਾਨ ਵੀ ਕਈ ਲੋਕਾਂ ਦੇ ਜਖਮੀ ਹੋਣ ਦੀ ਰਿਪਰੋਟ ਹੈ।



# ਨਵੇਂ ਗੁਰਦੁਆਰਾ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਰੋਜਬਰਗ ਸ਼ਹਿਰ ਓਰੀਗਨ ਦੇ ਨਿਸ਼ਾਨ ਸਾਹਿਬ ਦੀ ਸੇਵਾ ਹੋਈ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-** ਨਵੇਂ ਉਸਾਰੀ ਅਧੀਨ ਚੱਲ ਰਹੇ ਸ਼੍ਰੀ ਗੁਰੂ ਨਾਨਕ ਦੇਵ ਜੀ ਗੁਰਦੁਆਰਾ ਸਾਹਿਬ ਗਰੀਨ ਡਿਸਟ੍ਰਿਕ ਰੋਜਬਰਗ ਸ਼ਹਿਰ ਓਰੀਗਨ ਵਿਖੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵਲੋਂ ਪਹਿਲੇ ਨਵੇਂ ਨਿਸ਼ਾਨ ਸਾਹਿਬ ਦੀ ਸੇਵਾ ਅਤੇ ਚੜਾਉਣ ਦੀ ਰਸਮ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਸਮੂਹ ਸੰਗਤਾਂ ਨੇ ਕੀਰਤਨ ਦਾ ਵੀ ਅਨੰਦ ਮਾਣਿਆ ਅਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗਰੰਥੀ ਹਰਵਿੰਦਰ ਸਿੰਘ ਨੇ ਸਮੂਹ ਸੰਗਤਾਂ ਨੂੰ ਗੁਰੂ ਵਾਲੇ ਬਣੋ ਅਤੇ ਅੰਮ੍ਰਿਤਧਾਰੀ ਸਿੰਘ ਸਜੋ ਉਹਨਾਂ ਨੇ ਕਿਹਾ ਕਿ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਗੁਰਦੁਆਰਾ ਸਾਹਿਬ ਲਿਆਉਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਕਮੇਟੀ ਮੈਂਬਰ ਮਨਜੀਤ ਸਿੰਘ ਸੰਧੂ ਹੀਉਂ, ਗੁਰਦਿਆਲ ਸਿੰਘ ਮੱਲੀ ਅੱਟਾ, ਸੁਖਵਿੰਦਰ ਸਿੰਘ ਮੋਰਾਂਵਾਲੀ, ਰਵਿੰਦਰ ਸਿੰਘ ਲੱਕੀ ਦਿੱਲੀ,ਗੁਰਜੀਤ ਸਿੰਘ ਮੋਰਾਂਵਾਲੀ ਹਰਜੀਤ ਸਿੰਘ ਵੱਡਾ ਘਰ, ਰਾਜਿੰਦਰ ਸਿੰਘ, ਪਰਮਜੀਤ ਕੌਰ ਸੰਧੂ ਹੀਉਂ, ਹਾਜਰ ਸਨ। ਮੈਂਬਰਾਂ ਤੋਂ ਇਲਾਵਾ ਕਿਰਪਾਲ ਸਿੰਘ ਝੱਲੀ ਹੀਉਂ, ਜਸਕਰਨ ਸਿੰਘ ਸੰਧੂ, ਬਲਕਰਨ ਸਿੰਘ ਸੰਧੂ, ਜਗਜੀਤ ਸਿੰਘ ਮੋਰਾਂਵਾਲੀ, ਰਣਜੀਤ ਸਿੰਘ ਸ਼੍ਰੀਗੰਗਾਨਗਰ, ਹਰਵਿੰਦਰ ਸਿੰਘ ਮਾਹਿਲ ਗਹਿਲਾ, ਜੋਗਿੰਦਰ ਸਿੰਘ ਜੌਹਲ, ਰਾਜਿੰਦਰ ਮੋਰਾਂਵਾਲੀ, ਰਾਜਿੰਦਰ ਕੁਲਾਰ ਸੰਸਾਰਪੁਰ ਅਤੇ ਸਮੂਹ ਸੰਗਤਾਂ ਹਾਜਰ ਸਨ।

# ਰਾਸ਼ਟਰਪਤੀ ਚੋਣਾਂ 'ਚ ਬਾਈਡੇਨ, ਟਰੰਪ ਨੂੰ ਪਛਾੜ ਸਕਦੀ ਮਿਸ਼ੇਲ ਓਬਾਮਾ

**ਵਾਸ਼ਿੰਗਟਨ**-ਅਮਰੀਕਾ 'ਚ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਸ਼ੁਰੂ ਹੋਣ ਵਾਲੀਆਂ ਹਨ। ਰਾਸ਼ਟਰਪਤੀ ਜੋਅ ਬਾਈਡੇਨ ਨੇ ਸੱਤਾਧਾਰੀ ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਉਮੀਦਵਾਰੀ ਦਾ ਐਲਾਨ ਕੀਤਾ ਹੈ। ਪਰ ਬਾਈਡੇਨ ਦੀ ਘਟਦੀ ਭਰੋਸੇਯੋਗਤਾ ਅਤੇ ਵਧਦੀ ਉਮਰ ਕਾਰਨ ਡੈਮੋਕ੍ਰੇਟਿਕ ਪਾਰਟੀ ਦੇ ਕੁਝ ਆਗੂ ਉਸ ਦੇ ਦਾਅਵੇ ਨੂੰ ਕਮਜ਼ੋਰ ਮੰਨ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਪਤਨੀ ਮਿਸ਼ੇਲ ਓਬਾਮਾ ਹੈਰਾਨੀਜਨਕ ਉਮੀਦਵਾਰ ਵਜੋਂ ਬਾਜੀ ਨੂੰ ਪਲਟ ਸਕਦੀ ਹੈ। ਕਨੈਕਟੀਕਟ ਤੋਂ ਡੈਮੋਕ੍ਰੇਟਿਕ ਪਾਰਟੀ ਦੇ ਕਾਂਗਰਸ ਦੇ ਨੁਮਾਇੰਦੇ ਜਿਮ ਹਾਈਮਸ ਦਾ ਕਹਿਣਾ ਹੈ ਕਿ ਮਿਸ਼ੇਲ ਦਾ ਅਕਸ ਕ੍ਰਿਸ਼ਮਈ ਹੈ।



**ਮਿਸ਼ੇਲ ਬਾਈਡੇਨ ਨਾਲੋਂ ਜ਼ਿਆਦਾ ਐਕਟਿਵ**

ਨਿਊਯਾਰਕ ਦੇ ਪ੍ਰਮੁੱਖ ਡੈਮੋਕ੍ਰੇਟਿਕ ਨੇਤਾ ਇੰਗ੍ਰਿਡ ਲੁਈਸ ਦਾ ਕਹਿਣਾ ਹੈ ਕਿ ਭਾਵੇਂ ਬਾਈਡੇਨ ਨੇ ਬਿਹਤਰ ਕੰਮ ਕੀਤੇ ਹਨ, ਪਰ 81 ਸਾਲਾ ਰਾਸ਼ਟਰਪਤੀ ਬਾਈਡੇਨ ਦੀ ਸਿਹਤ ਲਗਾਤਾਰ ਡਾਵਾਂਡੋਲ ਬਣੀ ਹੋਈ ਹੈ। ਕਦੇ ਜਹਾਜ਼ 'ਚ ਸਵਾਰ ਹੁੰਦੇ ਸਮੇਂ ਤਾਂ ਕਦੇ ਸਾਈਕਲ ਚਲਾਉਂਦੇ ਸਮੇਂ ਬਾਈਡਨ ਦੇ ਡਿੱਗਣ ਦੇ ਵੀਡੀਓ ਵਾਇਰਲ ਹੁੰਦੇ ਹਨ। ਇੰਗ੍ਰਿਡ ਦਾ ਕਹਿਣਾ ਹੈ ਕਿ ਇਸ ਦਾ ਅਸਰ ਵੋਟਰਾਂ 'ਤੇ ਵੀ ਪੈਂਦਾ ਹੈ। ਜਦੋਂ ਕਿ ਮਿਸ਼ੇਲ ਬਹੁਤ ਐਕਟਿਵ ਹੈ। ਅੱਠ ਸਾਲ ਉਹ ਅਮਰੀਕਾ ਦੀ ਫਸਟ ਲੇਡੀ ਰਹੀ ਹੈ, ਉਹ ਰਾਜਨੀਤਕ ਢੰਗਾਂ ਤੋਂ ਵੀ ਚੰਗੀ ਤਰ੍ਹਾਂ ਜਾਣੂ ਹੈ। ਇੱਕ ਤਾਜ਼ਾ ਸਰਵੇਖਣ ਵਿੱਚ ਬਾਈਡੇਨ ਦੀ ਲੋਕਪ੍ਰਿਅਤਾ ਰੇਟਿੰਗ ਸਿਰਫ 39% ਰਹਿ ਗਈ ਹੈ। ਉਹ ਅਮਰੀਕਾ ਦੇ 75 ਸਾਲਾਂ ਦੇ ਇਤਿਹਾਸ ਵਿੱਚ ਸਭ ਤੋਂ ਅਪ੍ਰਸਿੱਧ ਰਾਸ਼ਟਰਪਤੀ ਬਣ ਗਏ ਹਨ। ਟਰੰਪ, ਓਬਾਮਾ, ਬੁਸ਼ ਜੂਨੀਅਰ, ਜਾਂ ਕਲਿੰਟਨ ਦੀ ਪ੍ਰਸਿੱਧੀ ਰੇਟਿੰਗ ਕਦੇ ਵੀ 50% ਤੋਂ ਘੱਟ ਨਹੀਂ ਸੀ।

**5 ਕਾਰਨ ਜਿਸ ਨਾਲ ਮਿਸ਼ੇਲ ਟਰੰਪ ਦੇ ਏਜੰਡੇ ਦਾ ਹੋਵੇਗੀ ਜਵਾਬ**

ਮਿਸ਼ੇਲ ਨੂੰ ਡੈਮੋਕ੍ਰੇਟਿਕ ਪਾਰਟੀ ਕਨਵੈਨਸ਼ਨ 'ਚ ਆਪਣਾ ਦਾਅਵਾ ਪੇਸ਼ ਕਰਨਾ ਹੋਵੇਗਾ। ਇਹ ਪਾਰਟੀ ਕਨਵੈਨਸ਼ਨ ਅਗਸਤ, 2024 ਵਿੱਚ ਹੋਵੇਗਾ। ਮਿਸ਼ੇਲ ਦੇ ਆਉਣ ਨਾਲ, ਡੈਮੋਕਰੇਟਸ ਮਿਸ਼ੇਲ-ਕਮਲਾ ਜੋੜੀ ਇੱਕ ਆਲ-ਵੂਮੈਨ ਬਿਰਤਾਂਤ ਤਿਆਰ ਕਰੇਗਾ। ਅਮਰੀਕਾ ਵਿੱਚ ਹੁਣ ਤੱਕ ਕੋਈ ਵੀ ਔਰਤ ਰਾਸ਼ਟਰਪਤੀ ਨਹੀਂ ਬਣੀ ਹੈ। ਟਰੰਪ ਕੱਟੜਪੰਥੀ ਗੋਰੇ ਨਸਲਵਾਦ ਦਾ ਸਮਰਥਕ ਹੈ, ਜਦੋਂ ਕਿ ਮਿਸ਼ੇਲ ਇੱਕ ਉਦਾਰਵਾਦੀ ਹੈ ਅਤੇ ਅਮਰੀਕਾ ਵਿੱਚ ਸਾਰੇ ਭਾਈਚਾਰਿਆਂ ਲਈ ਬਰਾਬਰ ਅਧਿਕਾਰਾਂ ਦੀ ਸਮਰਥਕ ਹੈ। ਬਾਈਡੇਨ ਦੀ ਵਧਦੀ ਉਮਰ ਨੂੰ ਟਰੰਪ ਵੱਡਾ ਮੁੱਦਾ ਬਣਾ ਰਹੇ ਹਨ, ਜੇਕਰ ਮਿਸ਼ੇਲ ਚੋਣ ਮੈਦਾਨ 'ਚ ਉਤਰਦੀ ਹੈ ਤਾਂ ਟਰੰਪ ਦੇ ਹੱਥਾਂ 'ਚ ਇਹ ਮੁੱਦਾ ਨਹੀਂ ਹੋਵੇਗਾ। ਮਿਸ਼ੇਲ ਦੇ ਆਉਣ ਨਾਲ ਡੈਮੋਕ੍ਰੇਟਿਕ ਪਾਰਟੀ ਨੂੰ ਸੱਤਾ ਵਿਰੋਧੀ ਫੈਕਟਰ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

# ਦਿੱਲੀ ਹਵਾਈ ਅੱਡੇ 'ਤੇ ਵੱਡਾ ਹਾਦਸਾ ਟਲਿਆ



**ਨਵੀਂ ਦਿੱਲੀ-** ਦਿੱਲੀ ਹਵਾਈ ਅੱਡੇ 'ਤੇ ਅੱਜ ਸਵੇਰੇ ਵੱਡੀ ਦੁਰਘਟਨਾ ਉਦੋਂ ਟਲ ਗਈ, ਜਦੋਂ ਵਿਸਤਾਰਾ ਏਅਰਲਾਈਨਜ਼ ਦੇ ਜਹਾਜ਼ ਨੂੰ ਉਡਾਣ ਭਰਨ ਦੀ ਇਜਾਜ਼ਤ ਦਿੱਤੀ ਗਈ, ਜਦੋਂ ਕਿ ਇੱਕ ਜਹਾਜ਼ ਉਤਰ ਰਿਹਾ ਸੀ। ਏਟੀਸੀ ਦੀਆਂ ਹਦਾਇਤਾਂ ਤੋਂ ਬਾਅਦ ਟੇਕ-ਆਫ ਨੂੰ ਰੋਕ ਦਿੱਤਾ ਗਿਆ ਸੀ। ਦਿੱਲੀ ਤੋਂ ਬਾਗਡੋਗਰਾ ਜਾਣ ਵਾਲੇ ਜਹਾਜ਼ ਯੂਕੇ 725 ਨਵੇਂ ਰਨਵੇਅ ਤੋਂ ਉਡਾਣ ਭਰ ਰਿਹਾ ਸੀ ਤੇ ਅਹਿਮਦਾਬਾਦ ਤੋਂ ਦਿੱਲੀ ਜਾਣ ਵਾਲੀ ਵਿਸਤਾਰਾ ਦੀ ਉਡਾਣ ਉਸ ਦੇ ਬਰਾਬਰ ਵਾਲੇ ਰਨਵੇਅ 'ਤੇ ਉਤਰ ਰਿਹਾ ਸੀ। ਦੋਵਾਂ ਨੂੰ ਇੱਕੋ ਸਮੇਂ ਇਜਾਜ਼ਤ ਦਿੱਤੀ ਗਈ ਸੀ ਪਰ ਏਟੀਸੀ ਨੇ ਤੁਰੰਤ ਹਾਲਾਤ ਕਾਬੂ ਹੇਠ ਕਰ ਲਏ ਤੇ ਜਹਾਜ਼ ਨੂੰ ਉਡਣ ਤੋਂ ਰੋਕ ਲਿਆ।







# ਡਾ. ਪਿਆਰੇ ਲਾਲ ਗਰਗ ਨੂੰ ਸਿੱਖ ਕੌਂਸਲ ਸੈਂਟਰਲ ਕੈਲੇਫੋਰਨੀਆਂ ਨੇ ਦਿੱਤੀ ਖਾਣੇ ਦੀ ਦਾਵਤ

## "ਪੰਜਾਬ, ਸਿਆਸਤ ਅਤੇ ਪੰਜਾਬੀਅਤ ਬਾਰੇ ਹੋਈ ਵਿਚਾਰ ਚਰਚਾ"



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਪੰਜਾਬ ਅਤੇ ਪੰਜਾਬੀਅਤ ਨਾਲ ਮੋਹ ਰੱਖਣ ਵਾਲੇ, ਬਹੁ-ਪੱਖੀ ਸਖਸੀਅਤ ਅਤੇ ਉੱਘੇ ਵਿਦਵਾਨ ਡਾ. ਪਿਆਰੇ ਲਾਲ ਗਰਗ ਆਪਣੀ ਅਮਰੀਕਾ ਫੇਰੀ 'ਤੇ ਆਏ ਹੋਏ ਸਨ। ਜਿੰਨ੍ਹਾਂ ਨੇ ਕੈਲੀਫੋਰਨੀਆਂ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਪਣੇ ਭਾਈਚਾਰੇ ਦੇ ਲੋਕਾਂ ਨਾਲ ਮੀਟਿੰਗਾਂ ਕੀਤੀਆਂ। ਇਸੇ ਲੜੀ ਅਧੀਨ ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦੁਆਰਾ ਬੀਤੇ ਦਿਨੀ ਸਮੂੰਹ ਮੈਂਬਰਾਂ ਦੇ ਸਹਿਯੋਗ ਨਾਲ ਉਨ੍ਹਾਂ ਨੂੰ ਫਰਿਜ਼ਨੋ ਦੇ ਤੰਦੂਰੀ ਨਾਈਟ ਰੈਸਟੋਰੈਂਟ ਵਿੱਚ ਦੁਪਿਹਰ ਦੇ ਖਾਣੇ 'ਤੇ ਬੁਲਾਇਆ ਗਿਆ। ਜਿੱਥੇ ਕੌਸ਼ਲ ਦੇ ਆਗੂ ਸੁਖਦੇਵ ਸਿੰਘ ਚੀਮਾਂ ਨੇ ਸਭ ਨੂੰ ਜੀ ਆਇਆਂ ਕਿਹਾ। ਇਸ ਤੋਂ ਬਾਅਦ ਸਭ ਨੂੰ ਜਾਣ-ਪਹਿਚਾਣ ਕਰਵਾਉਣ ਨਾਲ ਸ਼ੁਰੂ ਹੋਈ ਵਿਚਾਰ ਚਰਚਾ।

ਜਿੱਥੇ ਹਾਜ਼ਰ ਮੈਂਬਰਾਂ ਨੇ ਡਾ. ਪਿਆਰੇ ਲਾਲ ਗਰਗ ਨਾਲ ਭਾਈਚਾਰਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਵਿਸ਼ਿਆਂ 'ਤੇ ਵਿਚਾਰਾਂ ਦੀ ਸਾਂਝ ਪਾਈ। ਡਾ. ਪਿਆਰੇ ਲਾਲ ਗਰਗ ਹਮੇਸ਼ਾ ਪੰਜਾਬ ਅਤੇ ਪੰਜਾਬੀਅਤ ਦੇ ਹੱਕਾਂ ਲਈ ਬੋਲਦੇ ਰਹਿੰਦੇ ਹਨ। ਇਸੇ ਤਰ੍ਹਾਂ ਸਿੱਖ ਧਰਮ ਦੇ ਪ੍ਰਤੀ ਬਹੁਤ ਸ਼ਰਧਾ ਭਾਵਨਾ, ਗਿਆਨ ਅਤੇ ਸਤਿਕਾਰ ਰੱਖਦੇ ਹਨ। ਇਹੀ ਕਾਰਨ ਹੈ ਕਿ ਉਹ ਸਿੱਖ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਗੱਲ ਵੀ ਕਰਦੇ ਹਨ। ਇਸ ਸਮੇਂ ਹਾਜ਼ਰੀਨ ਸਿੱਖ ਕੌਸ਼ਲ ਆਫ ਕੈ-ਲੇਫੋਰਨੀਆਂ ਦੇ ਸਮੂੰਹ ਮੈਂਬਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਵੱਖ-ਵੱਖ ਹਲਾਤਾਂ ਵਾਰੇ ਵੀ ਵਿਚਾਰ ਚਰਚਾ ਖੁੱਲ ਕੇ ਹੋਈ। ਜਿਨਾਂ ਵਿੱਚ ਭਾਰਤ ਦੀ ਆਜ਼ਾਦੀ ਅਤੇ ਉੱਥੋਂ ਦੇ ਲੋਕ। ਮੌਜੂਦਾ ਸਰਕਾਰਾਂ ਦੇ ਕਾਰ-ਵਿਵਹਾਰ ਲੋਕਾਂ ਦੀ ਤ੍ਰਾਸਦੀ ਆਦਿਕ ਵਿਚਾਰਾਂ ਸ਼ਾਮਲ ਸਨ।

ਇਸ ਖਾਣੇ ਦੀ ਇਕੱਤਰਤਾ ਅਤੇ ਖੁੱਲੀ ਵਿਚਾਰ ਚਰਚਾ ਕਰਨ ਲਈ ਡਾ. ਪਿਆਰੇ ਲਾਲ ਗਰਗ ਨੇ ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦਾ ਧੰਨਵਾਦ ਕੀਤਾ। ਇਸ ਸਮੇਂ ਡਾ. ਗਰਗ ਦਾ ਵਿਸ਼ੇਸ਼ ਧੰਨਵਾਦ ਕਰਨ ਵਾਲੇ ਬੁਲਾਰਿਆਂ ਵਿੱਚ ਸੁਖਦੇਵ ਸਿੰਘ ਚੀਮਾਂ, ਚਰਨਜੀਤ ਸਿੰਘ ਬਾਠ, ਪਰਮਪਾਲ ਸਿੰਘ ਆਦਿਕ ਸ਼ਾਮਲ ਸਨ।

ਜਦ ਕਿ ਸਿੱਖ ਕੌਸ਼ਲ ਦੇ ਬਾਕੀ ਮੈਂਬਰਾਂ ਵਿੱਚ ਰਾਜਵਿੰਦਰ ਸਿੰਘ ਬਰਾੜ, ਗੁਰਜੰਟ ਸਿੰਘ ਗਿੱਲ, ਗੁਰਬਚਨ ਸਿੰਘ, ਭਰਪੂਰ ਸਿੰਘ ਧਾਲੀਵਾਲ, ਚਰਨਜੀਤ ਸਿੰਘ ਬਾਠ, ਪਿਸ਼ੌਰਾਂ ਸਿੰਘ ਢਿੱਲੋਂ, ਚਰਨਜੀਤ ਸਿੰਘ ਸਹੋਤਾ, ਲਖਵਿੰਦਰ ਸਿੰਘ ਬਰਾੜ, ਹਰਜਿੰਦਰ ਸਿੰਘ ਢਿੱਲੋਂ, ਡਾ. ਹਰਚਰਨ ਸਿੰਘ ਚੰਨ, ਡਾ. ਅਜੀਤ ਸਿੰਘ ਖੈਹਿਰਾ, ਕੈਪਟਨ ਹਰਦੇਵ ਸਿੰਘ ਗਿੱਲ, ਗੁਰਦੇਵ ਸਿੰਘ ਮੁਹਾਰ, ਸਤਵਿੰਦਰ ਸਿੰਘ ਬਲਗਨ, ਕੁਲਵੰਤ ਉੱਭੀ, ਪਰਮਪਾਲ ਸਿੰਘ, ਸਰਵਨ ਕੁਮਾਰ ਵਾਸਲ ਆਦਿਕ ਦੇ ਨਾਂ ਸਾਮਲ ਹਨ। ਅੰਤ ਚੰਗੀ ਨਿਗਰ ਸੋਚ ਰੱਖਣ ਵਾਲੀ ਵਿਚਾਰ ਚਰਚਾ ਅਤੇ ਸੁਆਦਿਸਟ ਖਾਣੇ ਦੇ ਨਾਲ ਇਹ ਦੁਪਿਹਰ ਯਾਦਗਾਰੀ ਹੋ ਨਿਬੜੀ।

## ਮੋਦੀ ਨੇ ਵਿਸ਼ਵ ਚੁਣੌਤੀਆਂ ਦੇ ਹੱਲ ਖੋਜਣ ਲਈ ਬਰਿਕਸ ਮੰਚ ਦਾ ਲਾਹਾ ਲੈਣ ਬਾਰੇ ਚਰਚਾ ਕੀਤੀ



**ਜੋਹਾਨਸਬਰਗ-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੱਖਣੀ ਅਫਰੀਕਾ ਵਿੱਚ 'ਬਰਿਕਸ ਲੀਡਰਜ਼ ਰੀਟਰੀਟ' ਵਿੱਚ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਪੰਜ ਦੇਸ਼ਾਂ ਦੇ ਸਮੂਹ ਦੇ ਹੋਰ ਨੇਤਾਵਾਂ ਨਾਲ ਪ੍ਰਮੁੱਖ ਵਿਸ਼ਵ ਵਿਕਾਸ ਅਤੇ ਅੰਤਰ-ਰਾਸ਼ਟਰੀ ਚੁਣੌਤੀਆਂ ਦੇ ਹੱਲ ਲੱਭਣ ਲਈ ਬ੍ਰਿਕਸ ਪਲੇਟਫਾਰਮ ਦਾ ਲਾਭ ਉਠਾਉਣ ਬਾਰੇ ਚਰਚਾ ਕੀਤੀ। ਸ੍ਰੀ ਮੋਦੀ ਦੱਖਣੀ ਅਫਰੀਕਾ ਅਤੇ ਯੂਨਾਨ ਦੇ ਚਾਰ ਦਿਨਾਂ ਦੌਰੇ 'ਤੇ ਮੰਗਲਵਾਰ ਨੂੰ ਜੋਹਾਨਸਬਰਗ ਪਹੁੰਚੇ। ਜੋਹਾਨਸਬਰਗ ਵਿੱਚ ਉਹ ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਮਾਟਾਮੇਲਾ ਸਿਰਿਲ ਰਾਮਫੋਸਾ ਦੇ ਸੱਦੇ 'ਤੇ 22 ਤੋਂ 24 ਅਗਸਤ ਤੱਕ ਹੋਣ ਵਾਲੇ 15ਵੇਂ ਬਰਿਕਸ ਨੇਤਾਵਾਂ ਦੇ ਸੰਮੇਲਨ ਵਿੱਚ ਸ਼ਿਰਕਤ ਕਰਨਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਅਮਰੀਕਾ ਦੇ ਹਰ ਸੂਬੇ ਵਿੱਚ ਲਗਾਏ ਜਾਣਗੇ ਗੱਤਕਾ ਸਿਖਲਾਈ ਕੈਂਪ: ਡਾ ਦੀਪ ਸਿੰਘ

## ਗੱਤਕਾ ਫੈਡਰੇਸ਼ਨ ਯੂ.ਐਸ.ਏ ਵਲੋਂ ਦੂਜੇ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਦੌਰਾਨ ਸਿਖਾਏ ਗਏ ਗੱਤਕੇ ਦੇ ਗੁਰ

**ਨਿਉਯਾਰਕ-** ਅਮਰੀਕਾ ਵਿੱਚ ਗੱਤਕਾ ਖੇਡ ਦੀ ਨੈਸ਼ਨਲ ਪੱਧਰ ਦੀ ਜੱਥੇਬੰਦੀ ਗੱਤਕਾ ਫੈਡਰੇਸ਼ਨ ਯੂ.ਐਸ.ਏ. ਜੋ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਹੈ, ਦੀ ਅਗਵਾਈ ਹੇਠ ਨਿਉਯਾਰਕ ਗੱਤਕਾ ਐਸੋਸੀਏਸ਼ਨ ਵਲੋਂ ਦੂਜਾ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ-੨੦੨੩ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿੱਚ ਆਯੋਜਿਤ ਕੀਤਾ ਗਿਆ।





ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆ ਵਿਸ਼ਵ ਗੱਤਕਾ ਫੈਡਰੇਸ਼ਨ ਤੇ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ, ਨੇ ਦਸਿੱਆ ਕਿ ਫੈਡਰੇਸ਼ਨ ਵਲੋਂ ਹਰ ਸਾਲ ਅਮਰੀਕਾ ਦੇ ਵੱਖ-ਵੱਖ ਰਾਜਾਂ ਵਿੱਚ ਗੱਤਕਾ ਖੇਡ ਦੀ ਪ੍ਰਫੁੱਲਤਾ ਅਤੇ ਇਸ ਖੇਡ ਨੂੰ ਹਰਮਨ ਪਿਆਰਾ ਬਨਾਉਣ ਲਈ ਟ੍ਰੈਨਿੰਗ ਕੈਂਪ ਅਤੇ ਵਰਕਸ਼ਾਪਾਂ ਦਾ ਇੰਤਜਾਮ ਕੀਤਾ ਜਾਂਦਾ ਹੈ ਅਤੇ ਫੈਡਰੇਸ਼ਨ ਵਲੋਂ ਹਰ ਰਾਜ ਵਿੱਚ ਗੱਤਕਾ ਐਸੋਸੀਏਸ਼ਨਾਂ ਦਾ ਗਠਨ ਕਰਨ ਦਾ ਟੀਚਾ ਵੀ ਉਲੀਕਿਆ ਗਿਆ ਹੈ ਜਿਸ ਤਹਿਤ ਚਾਰਾਜੋਈ ਕੀਤੀ ਜਾ ਰਹੀ ਹੈ।

ਉਹਨਾਂ ਵਲੋਂ ਅੱਤੇ ਜਾਣਕਾਰੀ ਦਿੰਦਿਆ ਆਖਿਆ ਗਿਆ ਕਿ ਅਮਰੀਕਾ ਵਿੱਚ ਇਹ ਦੂਜਾ ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਲਗਾਇਆ ਗਿਆ ਹੈ ਤਾਂ ਜੋ ਸਮੂਹ ਰੈਫਰਿਆਂ ਅਤੇ ਜੱਜਾਂ ਨੂੰ ਨਾ ਸਿਰਫ ਇੱਕ ਪਲੇਟਫਾਰਮ ਤੇ ਲਿਆਉਦਾਂ ਜਾਵੇ ਬਲਕਿ ਭਵਿੱਖ ਵਿੱਚ ਹੋਣ ਵਾਲੇ ਰਾਜ ਪੱਧਰੀ ਅਤੇ ਨੈਸ਼ਨਲ ਪੱਧਰ ਦੇ ਗੱਤਕਾ ਮੁਕਾਬਲਿਆਂ ਲਈ ਅਮਰੀਕਾ ਦੇ ਹਰ ਸੂਬੇ ਵਿੱਚ ਗੱਤਕਾ ਕੋਚ, ਜੱਜ ਅਤੇ ਰੈਫਰੀ ਪੈਦਾ ਕੀਤੇ ਜਾ ਸਕਣ। ਇਸ ਮੌਕੇ ਤੇ ਬੋਲਦਿਆਂ ਨਿਉਯਾਰਕ ਗੱਤਕਾ ਐਸੋਸੀਏਸ਼ਨ ਦੇ ਵਾਈਸ ਚੈਅਰਮੈਨ ਸ. ਦਲੇਰ ਸਿੰਘ, ਬੀਬਾ ਸਰਬਜੀਤ ਕੌਰ, ਫਾਈਨੈਂਸ ਸਕੱਤਰ ਅਤੇ ਸਕੱਤਰ ਸ. ਜਸਕੀਰਤ ਸਿੰਘ ਜੇ ਦਸਿੱਆ ਕਿ ਨੈਸ਼ਨਲ ਪੱਧਰ ਦੇ ਇਸ ਗੱਤਕਾ ਰਿਫਰੈਸ਼ਰ ਕੋਰਸ ਵਿੱਚ ਲਗਭਗ ੫੦ ਗੱਤਕਾ ਕੋਚਾਂ ਵਲੋਂ ਅਰਜੀਆਂ ਪ੍ਰਾਪਤ ਹੋਈਆਂ ਸਨ ਜਿਹਨਾਂ ਦੀ ਪਰਖ ਕਰਨ ਤੋਂ ਬਾਅਦ ਹੀ ਗੱਤਕਾ ਕੋਚਾਂ ਨੂੰ ਰੈਫਰੀ,ਜੱਜ ਜਾਂ ਕੋਚ ਦੀ ਟ੍ਰੈਨਿੰਗ ਦਿੱਤੀ ਗਈ ਹੈ। ਉਹਨਾਂ ਦਸਿੱਆਂ ਕਿ ਟ੍ਰੈਨਿੰਗ ਕੈਂਪ ਦੌਰਾਨ ਹੀ ਰੈਫਰੀਆਂ ਅਤੇ ਜੱਜਾਂ ਦੀ ਗ੍ਰੈਡਿੰਗ ਵੀ ਕੀਤੀ ਗਈ ਹੈ ਜਿਸ ਦੌਰਾਨ ਲਗਭਗ ੧੦ ਕੋਚਾਂ ਨੂੰ ਨੈਸ਼ਨਲ ਪੱਧਰ ਦੇ ਰੈਫਰੀ ਅਤੇ ਜੱਜ ਬਨਣ ਤੇ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ। ਬਾਕੀ ਕੋਚਾਂ ਨੂੰ ਵੀ ਸਿਖਲਾਈ ਸਰਟੀਫਿਕੇਟ ਜਾਰੀ ਕੀਤੇ ਜਾਣਗੇ।

ਨੈਸ਼ਨਲ ਗੱਤਕਾ ਰਿਫਰੈਸ਼ਰ ਕੋਰਸ ਵਿੱਚ ਵਿਸ਼ੇਸ ਤੌਰ ਤੇ ਕਨੇਡਾ ਤੋਂ ਪੁੱਜੇ ਸ. ਜਨਮਜੀਤ ਸਿੰਘ, ਜੋ ਕਿ ਨਾਰਥ ਅਮਰੀਕਾ ਦੇ ਟੈਕਨੀਕਲ ਕੋਆਰੀਨੇਟਰ ਅਤੇ ਨੈਸ਼ਨਲ ਗੱਤਕਾ ਐਸੋਸ਼ੀਏਸਨ ਆਫ ਕਨੈਡਾ ਦੇ ਸਕੱਤਰ ਨੇ ਭਾਗ ਲੈਣ ਆਏ ਕੋਚਾਂ, ਰੈਫਰੀਆ ਅਤੇ ਜੱਜਾਂ ਨਾਲ ਗੱਤਕੇ ਦੇ ਗੁਰ ਸਾਂਝੇ ਕੀਤੇ। ਉਹਨਾਂ ਵਲੋਂ ਪ੍ਰੈਕਟੀਕਲ ਸੈਸ਼ਨ ਦੋਰਾਨ ਵੱਖ-ਵੱਖ ਸਵਾਲਾਂ ਦੇ ਜਵਾਬ ਦਿੱਤੇ ਗਏ। ਗੱਤਕਾ ਫੈਡਰੇਸ਼ਨ ਯੂ.ਐਸ.ਏ ਦੇ ਫਾਈਨੈਸ਼ਨ ਸੈਕਟਰੀ,ਸ. ਕਲਵਿੰਦਰ ਸਿੰਘ ਰਾਏ, ਸੀਨੀਅਰ ਕੋਚ ਸ. ਬਲਜਿੰਦਰ ਸਿੰਘ, ਅਤੇ ਸੀਨੀਅਰ ਕੋਚ ਸੁਜਾਨ ਸਿੰਘ ਨੇ ਦਸਿੱਆ ਕਿ ਇਸ ਦੂਜੇ ਨੈਸ਼ਨਲ ਕੈਂਪ ਦੋਰਾਨ ਬੀਬੀਆਂ ਵਲੋਂ ਵੀ ਕੈਂਪ ਵੀ ਸਮੂਲੀਅਤ ਕੀਤੀ ਗਈ ਅਤੇ ਭਵਿੱਖ ਵਿੱਚ ਫੈਡਰੇਸ਼ਨ ਵਲੋਂ ਇਹੋ ਜਿਹੇ ਹੋਰ ਨੈਸ਼ਨਲ ਕੋਚਿੰਗ ਕੈਂਪਾਂ ਦਾ ਆਯੋਜਨ ਵੀ ਕੀਤਾ ਜਾਵੇਗਾ ਤਾਂ ਜੋ ਅਮਰੀਕਾ ਵਿੱਚ ਹੋਰ ਕੋਚ ਰੈਫਰੀ ਅਤੇ ਜੱਜ ਤਿਆਰ ਹੋ ਸਕਣ।

ਕੈਂਪ ਦੀ ਸਮਾਪਤੀ ਦੋਰਾਨ ਡਾ. ਦੀਪ ਸਿੰਘ ਅਤੇ ਸ. ਦਲੇਰ ਸਿੰਘ ਵਲੋਂ ਸ. ਜਨਮਜੀਤ ਸਿੰਘ ਦਾ ਵਿਸ਼ੇਸ ਤੋਰ ਤੇ ਸਨਮਾਨ ਕੀਤਾ ਗਿਆ ਅਤੇ ਕੈਂਪ ਵਿੱਚ ਭਾਗ ਲੈਣ ਵਾਲੇ ਸਮੂਹ ਕੋਚਾਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ।

# ਚੋਣ ਜਿੱਤਣ ਮਗਰੋਂ ਮੱਧ ਪ੍ਰਦੇਸ਼ 'ਚ ਜਾਤੀ ਆਧਾਰਿਤ ਜਨਗਣਨਾ ਕਰਾਵਾਂਗੇ: ਖੜਗੇ

**ਭੋਪਾਲ-** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਅੱਜ ਕਿਹਾ ਕਿ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਕਾਂਗਰਸ ਮੱਧ ਪ੍ਰਦੇਸ਼ ਵਿੱਚ ਜਾਤੀ ਆਧਾਰਿਤ ਜਨਗਣਨਾ ਕਰਾਵੇਗੀ। ਉਨ੍ਹਾਂ ਨਾਲ ਹੀ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਦੋਸ਼ ਲਾਇਆ ਕਿ ਕੁਝ ਲੋਕ ਸੰਵਿਧਾਨ ਨੂੰ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਮੱਧ ਪ੍ਰਦੇਸ਼ ਦੇ ਬੁੰਦੇਲਖੰਡ ਖੇਤਰ ਦੇ ਸਾਗਰ 'ਚ ਇੱਕ ਜਨਤਕ ਰੈਲੀ ਨੂੰ ਸੰਬੋਧਨ ਕਰ ਰਹੇ ਸੀ। ਮੱਧ ਪ੍ਰਦੇਸ਼ 'ਚ ਇਸ ਸਾਲ ਦੇ ਅਖੀਰ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਸਨ।

ਖੜਗੇ ਨੇ ਸੰਵਿਧਾਨ ਨਿਰਮਾਤਾ ਬੀਆਰ ਅੰਬੇਡਕਰ ਨੂੰ ਯਾਦ ਕਰਦਿਆਂ ਕਿਹਾ, 'ਕੁਝ ਲੋਕ ਸੰਵਿਧਾਨ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਸੰਭਵ ਨਹੀਂ ਹੈ ਕਿਉਂਕਿ ਦੇਸ਼ ਦੇ 140 ਕਰੋੜ ਲੋਕ ਸੰਵਿਧਾਨ ਦੀ ਰਾਖੀ ਕਰਨ ਦੀ ਹਮਾਇਤ ਵਿੱਚ ਹਨ।' ਅੰਬੇਡਕਰ ਦਾ ਜਨਮ ਮੱਧ ਪ੍ਰਦੇਸ਼ ਦੇ ਮਹੂ 'ਚ ਹੋਇਆ ਸੀ। ਖੜਗੇ ਨੇ ਸਿਰਫ ਚੋਣਾਂ ਦੌਰਾਨ ਹੀ ਭਾਜਪਾ ਵੱਲੋਂ ਸੰਤ ਰਵਿਦਾਸ ਨੂੰ ਯਾਦ ਕਰਨ ਦੀ ਆਲੋਚਨਾ ਕੀਤੀ। ਇਸ ਮਹੀਨੇ ਦੀ ਸ਼ੁਰੂਆਤ 'ਚ ਪ੍ਰਧਾਨ ਮੰਤਰੀ ਮੋਦੀ ਨੇ 100 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਸੰਤ ਰਵਿਦਾਸ ਯਾਦਗਾਰੀ ਸਮਾਰਕ ਤੇ ਮੰਦਰ ਦਾ ਨੀਂਹ ਪੱਥਰ ਰੱਖਿਆ ਸੀ। ਸਾਲ 2011 ਦੀ ਜਨਗਣਨਾ ਅਨੁਸਾਰ ਮੱਧ ਪ੍ਰਦੇਸ਼ 'ਚ ਦਲਿਤਾਂ ਦੀ ਆਬਾਦੀ 1.13 ਕਰੋੜ ਸੀ।



ਖੜਗੇ ਨੇ ਕਿਹਾ, 'ਮੋਦੀ ਜੀ ਨੌਂ ਸਾਲ ਤੋਂ ਕੇਂਦਰ ਦੀ ਸੱਤਾ 'ਚ ਹਨ ਜਦਕਿ ਚੌਹਾਨ (ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ) ਪਿਛਲੇ 18 ਸਾਲ ਤੋਂ ਸੂਬੇ ਵਿੱਚ ਰਾਜ ਕਰ ਰਹੇ ਹਨ। ਉਨ੍ਹਾਂ ਸਿਰਫ਼ ਚੋਣਾਂ ਦੇ ਸਮੇਂ ਸੰਤ ਰਵਿਦਾਸ ਨੂੰ ਯਾਦ ਕੀਤਾ।' ਉਨ੍ਹਾਂ ਇੱਕ ਖ਼ਬਰ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਕਿ ਭਾਜਪਾ ਨੇ ਦਿੱਲੀ 'ਚ ਸੰਤ ਰਵਿਦਾਸ ਦਾ ਮੰਦਰ ਤੋੜ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਮੱਧ ਪ੍ਰਦੇਸ਼ ਵਿੱਚ ਸੱਤਾ 'ਚ ਆਉਂਦੀ ਹੈ ਤਾਂ ਸਾਗਰ ਜ਼ਿਲ੍ਹੇ 'ਚ ਸੰਤ ਸਵਿਦਾਸ ਦੇ ਨਾਂ 'ਤੇ ਇੱਕ ਯੂਨੀਵਰਸਿਟੀ ਸਥਾਪਤ ਕਰੇਗੀ।

ਕਾਂਗਰਸ ਪ੍ਰਧਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਕਰਦਿਆਂ ਉਨ੍ਹਾਂ 'ਤੇ ਹਿੰਸਾ ਪ੍ਰਭਾਵਿਤ ਮਨੀਪੁਰ ਲਈ ਕੁਝ ਨਾ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਨੇ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਦੀ ਸਿਫਾਰਸ਼ 'ਤੇ ਮਨਜ਼ੂਰ ਕੀਤੇ ਗਏ ਬੁੰਦੇਲਖੰਡ ਪੈਕੇਜ ਨੂੰ ਵੀ ਲਾਗੂ ਨਹੀਂ ਕੀਤਾ।

# ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਲੌਂਗੋਵਾਲ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ

**ਲੌਂਗੋਵਾਲ/ਸੰਗਰੂਰ, (ਦਲਜੀਤ ਕੌਰ)-** ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਅੱਜ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮੌਕੇ ਸਥਾਨਕ ਅਨਾਜ ਮੰਡੀ ਵਿਖੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਆਯੋਜਿਤ ਖ਼ੂਨਦਾਨ ਕੈਂਪ ਦੌਰਾਨ ਵਿਸ਼ੇਸ ਤੌਰ 'ਤੇ ਸ਼ਿਰਕਤ ਕਰਦਿਆਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਵਡ ਅਕਾਰੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਗੁਰਦੁਆਰਾ ਕੈਂਬੋਵਾਲ ਸਾਹਿਬ ਲੌਂਗੋਵਾਲ ਵਿਖੇ ਵੀ ਮੱਥਾ ਟੇਕ ਕੇ ਸੰਤ ਦੀ ਸ਼ਹਾਦਤ ਨੂੰ ਸਿਜਦਾ ਕੀਤਾ ਗਿਆ। ਅਨਾਜ ਮੰਡੀ ਲੌਂਗੋਵਾਲ ਵਿਖੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਨੂੰ ਸਮਰਪਿਤ ਖ਼ੂਨਦਾਨ ਕੈਂਪ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੀ ਜਾਨ ਵਾਰ ਦਿੱਤੀ ਅਤੇ ਅੱਜ ਪੰਜਾਬ ਸਰਕਾਰ ਵੱਲੋਂ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਨੂੰ ਇਹ ਸੱਚੀ ਸ਼ਰਧਾਂਜਲੀ ਹੈ ਕਿ ਸੰਤਾਂ ਦੀ ਬਰਸੀ ਮੌਕੇ ਸਿਆਸੀ ਦੂਸ਼ਣਬਾਜ਼ੀਆਂ ਅਤੇ ਫੋਕੀਆਂ ਸ਼ੋਹਰਤਾਂ ਤੋਂ ਦੂਰ ਰਹਿ ਕੇ ਇਸ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਹੈ ਤਾਂ ਜੋ ਹਸਪਤਾਲਾਂ




ਵਿੱਚ ਜੇਰੇ ਇਲਾਜ ਮਰੀਜ਼ਾਂ ਦੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਯੋਗਦਾਨ ਪਾਇਆ ਜਾ ਸਕੇ।

ਕੈਬਨਿਟ ਮੰਤਰੀ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਸੇਵਾ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ ਦੀ ਸ਼ਹਾਦਤ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

ਉਨਾਂ ਕਿਹਾ ਕਿ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਰੱਖਦੀਆਂ ਹਨ, ਉਹ ਹਮੇਸ਼ਾਂ ਜਿਊਂਦੀਆਂ ਰਹਿੰਦੀਆਂ ਹਨ। ਅਮਨ ਅਰੋੜਾ ਨੇ ਕਿਹਾ ਕਿ ਸੰਤਾਂ ਦੀ ਯਾਦ ਨੂੰ ਸਮਰਪਿਤ ਇਸ ਖ਼ੂਨਦਾਨ ਕੈਂਪ ਰਾਹੀਂ ਇਕੱਤਰ ਹੋਣ ਵਾਲੇ ਖ਼ੂਨ ਦੀ ਇੱਕ ਇੱਕ ਬੂੰਦ ਕੀਮਤੀ ਜ਼ਿੰਦਗੀਆਂ ਨੂੰ ਬਚਾਉਣ ਵਿੱਚ ਸਹਾਈ ਸਾਬਤ ਹੋਵੇਗੀ।

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਸੇ ਲੜੀ ਤਹਿਤ ਲੌਂਗੋਵਾਲ ਵਿੱਚ ਕਰੋੜਾਂ ਰੁਪਏ ਦੀ ਲਾਗਤ ਨਾਲ ਚੱਲਦੇ ਵਿਕਾਸ ਕਾਰਜਾਂ ਨੂੰ ਜਲਦ ਹੀ ਨੇਪਰੇ ਚੜ੍ਹਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ, ਐਸ.ਡੀ.ਐਮ. ਸੰਗਰੂਰ ਨਵਰੀਤ ਕੌਰ ਸੇਖੋਂ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਲਵਲੀਨ ਵੜਿੰਗ, ਪ੍ਰਧਾਨ ਨਗਰ ਕੌਂਸਲ ਲੌਂਗੋਵਾਲ ਪਰਮਿੰਦਰ ਕੌਰ ਬਰਾੜ, ਕਾਰਜ ਸਾਧਕ ਅਫ਼ਸਰ ਬਾਲਕ੍ਰਿਸ਼ਨ, ਬਲਵਿੰਦਰ ਸਿੰਘ, ਸੁੱਖ ਸਾਹੋਕੇ, ਗੁਰਦੀਪ ਸਿੰਘ ਤਕੀਪੁਰ, ਜੁਗਰਾਜ ਸਿੰਘ, ਮੇਲਾ ਸਿੰਘ ਐਮ ਸੀ, ਸ਼ੀਸ਼ਨ ਪਾਲ, ਕਰਮ ਸਿੰਘ ਬਰਾੜ, ਸੁਖਪਾਲ ਬਾਜਵਾ, ਸ਼ਿਪੀ ਲੌਂਗੋਵਾਲ ਵੀ ਹਾਜ਼ਰ ਸਨ।

## ਸ਼ਹੀਦ ਊਧਮ ਸਿੰਘ ਦੀਆਂ ਚਿੱਠੀਆਂ ਸੁਨਾਮ ਊਧਮ ਸਿੰਘ ਵਾਲਾ ਵਿਖੇ ਮਿਊਜ਼ੀਅਮ ਵਿੱਚ ਰੱਖੀਆਂ ਜਾਣ : ਗ਼ਦਰੀ ਮੰਚ

**ਸੁਨਾਮ ਊਧਮ ਸਿੰਘ ਵਾਲਾ, (ਦਲਜੀਤ ਕੌਰ)-** ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਆਗੂਆਂ ਨੇ ਸ਼ਹੀਦ ਊਧਮ ਸਿੰਘ ਸੰਬੰਧੀ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਬਾਰੇ ਇੱਕ ਮੰਗ ਪੱਤਰ ਅਮਨ ਅਰੋੜਾ ਕੈਬਨਿਟ ਮੰਤਰੀ ਨੂੰ ਇੰਨਸਾਫ ਨਹੀਂ ਕੀਤਾ ਜਾ ਰਿਹਾ।

ਮੰਚ ਦੇ ਪ੍ਰਧਾਨ ਰਾਕੇਸ਼ ਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਦੇ ਕਹਿਣ ਦੇ ਬਾਵਜੂਦ ਵੀ ਸ਼ਹੀਦ ਦੀ ਅਸਲੀ ਸ਼ਕਲ ਨਾਲ ਮਿਲਦਾ ਬੁੱਤ ਅਜੇ ਤੱਕ ਨਹੀਂ ਲਗਾਇਆ ਗਿਆ।



ਸੌਂਪਿਆ ਤੇ ਮੰਗਾਂ ਤੇ ਵਿਚਾਰ ਚਰਚਾ ਕੀਤੀ।

ਮੰਚ ਦੇ ਪ੍ਰਧਾਨ ਰਾਕੇਸ਼ ਕੁਮਾਰ ਨੇ ਦੱਸਿਆ ਕਿ ਇਸ ਮੌਕੇ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸ਼ਹੀਦ ਊਧਮ ਸਿੰਘ ਦੀਆਂ ਚਿੱਠੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਲਾਇਬਰੇਰੀ ਵਿੱਚ ਪਈਆਂ ਹਨ ਉਨ੍ਹਾਂ ਨੂੰ ਸੁਨਾਮ ਊਧਮ ਸਿੰਘ ਵਾਲਾ ਵਿੱਚ ਬਣੇ ਮਿਊਜ਼ੀਅਮ ਵਿੱਚ ਲਿਆ ਕੇ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਦੇਸ਼ ਦੇ ਮਹਾਨ ਕੌਮੀ ਸ਼ਹੀਦ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀ ਅਨਮੋਲ ਜ਼ਿੰਦਗੀ ਕੁਰਬਾਨ ਕਰ ਦਿੱਤੀ ਨਾਲ਼ ਸਰਕਾਰ ਵੱਲੋ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਵਿਸ਼ਵਾਸ ਦਿਵਾਇਆ ਕਿ ਸ਼ਹੀਦ ਸੰਬੰਧੀ ਮੰਗਾਂ ਜਲਦੀ ਪੂਰੀਆਂ ਕੀਤੀਆਂ ਜਾਣਗੀਆਂ। ਮੰਚ ਦੇ ਸਕੱਤਰ ਪ੍ਰਿੰਸੀਪਲ ਅਨਿਲ ਕੁਮਾਰ ਨੇ ਕਿਹਾ ਸਰਕਾਰ ਨੂੰ ਚਾਹੀਦਾ ਹੈ ਕਿ ਸ਼ਹੀਦ ਦੀਆਂ ਅਸਥੀਆਂ ਦੇ ਕਲਸ਼ ਨੂੰ ਪੱਕੇ ਤੌਰ ਤੇ ਮਿਊਜ਼ੀਅਮ ਵਿੱਚ ਲਿਆਂ ਕੇ ਰੱਖਿਆ ਜਾਵੇ।

ਇਸ ਮੌਕੇ ਲਾਭ ਛਾਜਲਾ, ਮਨਪ੍ਰੀਤ, ਹਰਿੰਦਰ ਬਾਬਾ, ਪਵਨ ਕੁਮਾਰ, ਪਦਮ ਸ਼ਰਮਾ, ਸੰਦੀਪ, ਗਗਨਦੀਪ, ਸੁਖਜਿੰਦਰ ਸਿੰਘ, ਮਿੰਠੂ ਸਿੰਘ, ਹਰਦੇਵ ਸਿੰਘ ਸਮੇਤ ਹੋਰ ਕਈ ਆਗੂ ਮੌਜੂਦ ਸਨ।

## ਜ਼ਿੰਬਾਬਵੇ ਦੇ ਸਾਬਕਾ ਕਪਤਾਨ ਦੀ ਮੌਤ ਦੀ ਖਬਰ ਝੂਠੀ, ਹੈਨਰੀ ਓਲਾਂਗਾ ਨੇ ਕੀਤੀ ਪੁਸ਼ਟੀ

**ਨਵੀਂ ਦਿੱਲੀ-** ਜ਼ਿੰਬਾਬਵੇ ਦੇ ਮਹਾਨ ਕ੍ਰਿਕਟਰ ਹੀਥ ਸਟ੍ਰੀਕ ਦੀ ਮੌਤ ਦੀ ਖਬਰ ਉਸ ਸਮੇਂ ਅਫਵਾਹ ਬਣ ਗਈ ਜਦੋਂ ਹੈਨਰੀ ਓਲਾਂਗਾ ਨੇ ਇਸ ਨੂੰ ਖਾਰਜ ਕਰ ਦਿੱਤਾ। ਇਸ ਤੋਂ ਪਹਿਲਾਂ ਹੈਨਰੀ ਨੇ ਟਵੀਟ ਕਰਕੇ ਆਪਣੀ ਮੌਤ ਦੀ ਖਬਰ ਦੀ ਪੁਸ਼ਟੀ ਕੀਤੀ ਸੀ। ਹੁਣ ਫਿਰ ਤੋਂ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਇਸ ਖਬਰ ਨੂੰ ਫਰਜ਼ੀ ਦੱਸਿਆ ਹੈ।



ਜ਼ਿਕਰਯੋਗ ਹੈ ਕਿ ਸਟ੍ਰੀਕ ਦੇ ਸਾਬਕਾ ਸਾਥੀਆਂ ਮੁਤਾਬਕ ਜ਼ਿੰਬਾਬਵੇ ਦੇ ਸਾਬਕਾ ਕਪਤਾਨ ਲੰਬੇ ਸਮੇਂ ਤੋਂ ਕੈਂਸਰ ਨਾਲ ਲੜਾਈ ਲੜ ਰਹੇ ਹਨ। ਸਟ੍ਰੀਕ ਜ਼ਿੰਬਾਬਵੇ ਦੇ ਸਭ ਤੋਂ ਮਹਾਨ ਕ੍ਰਿਕਟਰਾਂ ਵਿੱਚੋਂ ਇੱਕ ਹੈ।

ਹੀਥ ਸਟ੍ਰੀਕ ਨੇ 2000 ਤੋਂ 2004 ਦਰਮਿਆਨ ਜ਼ਿੰਬਾਬਵੇ ਦੀ ਕਪਤਾਨੀ ਵੀ ਕੀਤੀ। 12 ਸਾਲਾਂ ਦੇ ਅੰਤਰਰਾਸ਼ਟਰੀ ਕਰੀਅਰ ਵਿੱਚ, ਸਟ੍ਰੀਕ ਨੇ 65 ਟੈਸਟ ਅਤੇ 189 ਵਨਡੇ ਖੇਡੇ। ਇਸ ਦੌਰਾਨ ਉਨ੍ਹਾਂ ਨੇ ਇਕੱਲੇ ਹੀ ਕਈ ਮੌਕਿਆਂ 'ਤੇ ਜ਼ਿੰਬਾਬਵੇ ਕ੍ਰਿਕਟ ਦਾ ਮਾਣ ਵਧਾਇਆ। ਉਹ 100 ਟੈਸਟ ਵਿਕਟਾਂ ਲੈਣ ਵਾਲੇ ਜ਼ਿੰਬਾਬਵੇ ਦੇ ਇਕਲੌਤੇ ਕ੍ਰਿਕਟਰ ਹਨ।

**ਹੈਨਰੀ ਲਾਂਗਾ ਵੱਲੋਂ ਜਾਣਕਾਰੀ ਦਿੱਤੀ ਗਈ**

ਜ਼ਿੰਬਾਬਵੇ ਦੇ ਸਾਬਕਾ ਤੇਜ਼ ਗੇਂਦਬਾਜ਼ ਅਤੇ ਹੀਥ ਸਟ੍ਰੀਕ ਦੇ ਦੋਸਤ ਹੈਨਰੀ ਓਲਾਂਗਾ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਇਹ ਜਾਣਕਾਰੀ ਦਿੱਤੀ। ਓਲਾਂਗਾ ਨੇ ਟਵੀਟ ਕੀਤਾ, "ਦੁਖਦਾਈ ਖਬਰ ਆਈ ਹੈ ਕਿ ਹੀਥ ਸਟ੍ਰੀਕ ਹੁਣ ਕਿਸੇ ਹੋਰ ਦੁਨੀਆ ਵਿੱਚ ਚਲੀ ਗਈ ਹੈ। ਜ਼ਿੰਬਾਬਵੇ ਕ੍ਰਿਕਟ ਦੇ ਮਹਾਨ ਕ੍ਰਿਕਟਰ ਦੀ ਆਤਮਾ ਨੂੰ ਸ਼ਾਂਤੀ ਮਿਲੇ। ਅਸੀਂ ਹੁਣ ਤੱਕ ਦੇ ਸਭ ਤੋਂ ਮਹਾਨ ਆਲਰਾਊਂਡਰ ਨੂੰ ਦੇਖਿਆ ਹੈ। ਤੁਹਾਡੇ ਨਾਲ ਖੇਡਣਾ ਮਾਣ ਵਾਲੀ ਗੱਲ ਹੈ। ਦੂਜੇ ਪਾਸੇ ਮਿਲਾਂਗੇ ਜਦੋਂ ਮੇਰਾ ਗੇਂਦਬਾਜ਼ੀ ਸਪੈੱਲ ਖਤਮ ਹੋ ਜਾਵੇਗਾ। ਜ਼ਿੰਬਾਬਵੇ ਦੇ ਸਾਬਕਾ ਤੇਜ਼ ਗੇਂਦਬਾਜ਼ ਹੈਨਰੀ ਓਲਾਂਗਾ ਨੇ ਪਹਿਲਾਂ ਆਪਣੇ ਯ ਹੈਂਡਲ 'ਤੇ ਹੀਥ ਸਟ੍ਰੀਕ ਦੀ ਮੌਤ ਦੀ ਖਬਰ ਦੀ ਪੁਸ਼ਟੀ ਕੀਤੀ ਸੀ। ਕੁਝ ਸਮੇਂ ਬਾਅਦ, ਹੈਨਰੀ ਓਲਾਂਗਾ ਨੇ ਐਕਸ ਹੈਂਡਲ 'ਤੇ ਦੁਬਾਰਾ ਸੂਚਿਤ ਕੀਤਾ ਕਿ ਉਸਦੀ ਹੀਥ ਸਟ੍ਰੀਕ ਨਾਲ ਗੱਲਬਾਤ ਹੋਈ ਹੈ ਅਤੇ ਮੌਤ ਦੀ ਖਬਰ ਸਿਰਫ ਅਫਵਾਹ ਹੈ। ਇਸ ਤਰ੍ਹਾਂ ਓਲੰਗਾ ਨੇ ਆਪਣੀ ਪੁਰਾਣੀ ਪੋਸਟ ਨੂੰ ਡਿਲੀਟ ਕਰ ਦਿੱਤਾ ਅਤੇ ਤਾਜ਼ਾ ਜਾਣਕਾਰੀ ਪੋਸਟ ਕੀਤੀ। ਸਾਡੀ ਵੈੱਬਸਾਈਟ ਨੇ ਹੈਨਰੀ ਓਲਾਂਗਾ ਦੀ ਪੋਸਟ ਦੇ ਆਧਾਰ 'ਤੇ ਆਪਣੀ ਕਹਾਣੀ ਨੂੰ ਅਪਡੇਟ ਕੀਤਾ ਹੈ।

## ਜੇਮਜ਼ ਹੈਰੀਸਨ ਜਿਸ ਨੇ 63 ਸਾਲ ਹਰ ਹਫ਼ਤੇ ਵਿਲੱਖਣ ਖ਼ੂਨ ਦਾਨ ਕੀਤਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਜੇਕਰ ਕਿਸੇ ਨੂੰ ਕਮਾਲ ਦਾ ਬੰਦਾ ਕਹਿਣਾ ਹੋਵੇ ਤਾਂ ਆਸਟਰੇਲੀਆ ਦੇ ਸ੍ਰੀ ਜੇਮਜ਼ ਹੈਰੀਸਨ ਦਾ ਨਾਂਅ ਲਿਆ ਜਾ ਸਕਦਾ ਹੈ। ਉਸਨੇ ਆਪਣੀ ਉਮਰ 18 ਸਾਲ ਹੋਣ ਉਤੇ ਖ਼ੂਨ ਦਾਨ ਕਰਨ ਦਾ ਉਸ ਵੇਲੇ ਪ੍ਰਣ ਲਿਆ ਸੀ ਜਦੋਂ 14 ਸਾਲ ਦੀ ਉਮਰ ਵਿਚ ਉਸਦੀ ਛਾਤੀ ਦਾ ਆਪ੍ਰੇਸ਼ਨ ਹੋਇਆ ਸੀ ਜਿਸ ਕਰਕੇ ਉਸਨੂੰ ਬਹੁਤ ਜਿਆਦਾ ਖ਼ੂਨ (13 ਲੀਟਰ) ਚੜ੍ਹਾਇਆ ਗਿਆ ਸੀ। ਸਾਲ ਦਾ ਸੀ, ਤਾਂ ਉਸ ਨੂੰ ਖ਼ੂਨ ਚੜ੍ਹਾਉਣ ਤੋਂ ਹੋ ਸਕਦਾ ਹੈ। ਉਹ ਆਸਟਰੇਲੀਆ ਵਿੱਚ ਅਜਿਹੇ ਸਿਰਫ 50 ਲੋਕਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਐਂਟੀਬਾਡੀਜ਼ ਹੋਣ ਲਈ ਜਾਣਿਆ ਜਾਂਦਾ ਹੈ। ਉਸਦਾ ਖ਼ੂਨ ਅਸਲ ਵਿੱਚ ਇੱਕ ਜੀਵਨ-ਰੱਖਿਅਕ ਦਵਾਈ ਬਣਾਉਣ ਲਈ ਵਰਤਿਆ ਜਾਂਦਾ ਹੈ, ਉਹਨਾਂ ਮਾਵਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦੇ ਖ਼ੂਨ ਨੂੰ ਉਹਨਾਂ ਦੇ ਅਣਜੰਮੇ ਬੱਚਿਆਂ 'ਤੇ ਹਮਲਾ ਕਰਨ ਦਾ ਖ਼ਤਰਾ ਹੁੰਦਾ ਹੈ। ਐਂਟੀ-ਡੀ




ਕੁਝ ਸਾਲਾਂ ਬਾਅਦ, ਡਾਕਟਰਾਂ ਨੇ ਖੋਜ ਕੀਤੀ ਕਿ ਉਸਦੇ ਖ਼ੂਨ ਵਿੱਚ ਐਂਟੀਬਾਡੀ ਹੈ ਜਿਸਦੀ ਵਰਤੋਂ ਐਂਟੀ-ਡੀ ਇੰਜੈਕਸ਼ਨ ਬਣਾਉਣ ਲਈ ਕੀਤੀ ਜਾ ਸਕਦੀ ਹੈ, ਇਸ ਲਈ ਉਸਨੇ ਵੱਧ ਤੋਂ ਵੱਧ ਲੋਕਾਂ ਦੀ ਮਦਦ ਕਰਨ ਲਈ ਖ਼ੂਨ (ਪਲਾਜ਼ਮਾ) ਦਾਨ ਕਰਨ ਦਾ ਵਾਅਦਾ ਕੀਤਾ।

18 ਸਾਲ ਦਾ ਹੁੰਦਿਆ ਹੀ ਉਸਨੇ ਲਗਾਤਾਰ ਆਪਣੀ 81 ਸਾਲ ਦੀ ਉਮਰ ਤੱਕ ਹਰ ਹਫ਼ਤੇ ਖ਼ੂਨਦਾਨ ਕੀਤਾ, ਜਿਸ ਦੀ ਗਿਣਤੀ 1,177 ਹੈ। ਇਸ ਖ਼ੂਨ ਨੇ 2.4 ਮਿਲੀਅਨ ਬੱਚਿਆਂ ਦੀ ਜਾਨ ਬਚਾਈ। 81 ਸਾਲ ਤੋਂ ਬਾਅਦ ਖ਼ੂਨ ਨਹੀਂ ਲਿਆ ਜਾਂਦਾ ਇਸ ਕਰਕੇ ਉਨ੍ਹਾਂ ਨੂੰ ਖ਼ੂਨਦਾਨ ਕਰਨ ਤੋਂ ਰਿਟਾਇਰਮੈਂਟ ਦਿੱਤੀ ਗਈ। ਜ਼ਿਆਦਾਤਰ ਲੋਕ, ਜਦੋਂ ਉਹ ਰਿਟਾਇਰ ਹੁੰਦੇ ਹਨ, ਸੋਨੇ ਦੀ ਘੜੀ ਦਿੱਤੀ ਜਾਂਦੀ ਹੈ, ਪਰ ਜੇਮਜ਼ ਹੈਰੀਸਨ ਇਸ ਤੋਂ ਕਿਤੇ ਵੱਧ ਦਾ ਹੱਕਦਾਰ ਹੈ। ਇਸ ਕਰਕੇ ਉਨ੍ਹਾਂ ਨੂੰ ਸੋਨੇ ਦੀ ਬਾਂਹ ਵਾਲਾ ਆਦਮੀ ਐਲਾਨਿਆ ਗਿਆ। ਆਸਟਰੇਲੀਅਨ ਰੈੱਡ ਕਰਾਸ ਬਲੱਡ ਸਰਵਿਸ ਦੇ ਅਨੁਸਾਰ ਉਸਨੇ 2.4 ਮਿਲੀਅਨ ਤੋਂ ਵੱਧ ਆਸਟਰੇਲੀਅਨ ਬੱਚਿਆਂ ਦੀਆਂ ਜਾਨਾਂ ਬਚਾਉਣ ਵਿੱਚ ਮਦਦ ਕੀਤੀ ਹੈ।

ਵਿਲੱਖਣ ਖ਼ੂਨ: ਹੈਰੀਸਨ ਦੇ ਖ਼ੂਨ ਵਿੱਚ ਵਿਲੱਖਣ, ਰੋਗਾਂ ਨਾਲ ਲੜਨ ਵਾਲੇ ਐਂਟੀਬਾਡੀਜ਼ ਹਨ ਜੋ ਐਂਟੀ-ਡੀ ਨਾਮਕ ਟੀਕੇ ਨੂੰ ਵਿਕਸਤ ਕਰਨ ਲਈ ਵਰਤੇ ਗਏ ਹਨ, ਜੋ ਰੀਸਸ ਹਇਸੁਸ (ਹ) ਦੀ ਬਿਮਾਰੀ ਨਾਲ ਲੜਨ ਵਿੱਚ ਮਦਦ ਕਰਦਾ ਹੈ। ਇਹ ਬਿਮਾਰੀ ਇੱਕ ਅਜਿਹੀ ਸਥਿਤੀ ਹੈ ਜਿੱਥੇ ਇੱਕ ਗਰਭਵਤੀ ਔਰਤ ਦਾ ਖ਼ੂਨ ਅਸਲ ਵਿੱਚ ਉਸਦੇ ਅਣਜੰਮੇ ਬੱਚੇ ਦੇ ਖ਼ੂਨ ਦੇ ਸੈੱਲਾਂ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੰਦਾ ਹੈ। ਸਭ ਤੋਂ ਬੁਰੇ ਮਾਮਲਿਆਂ ਵਿੱਚ, ਇਹ ਬੱਚਿਆਂ ਲਈ ਦਿਮਾਗ ਨੂੰ ਨੁਕਸਾਨ, ਜਾਂ ਮੌਤ ਦਾ ਨਤੀਜਾ ਹੋ ਸਕਦਾ ਹੈ।

ਇਹ ਸਥਿਤੀ ਉਦੋਂ ਵਿਕਸਤ ਹੁੰਦੀ ਹੈ ਜਦੋਂ ਇੱਕ ਗਰਭਵਤੀ ਔਰਤ ਦਾ ਰੀਸਸ-ਨੈਗੇਟਿਵ ਖ਼ੂਨ (RhD ਨਕਾਰਾਤਮਕ) ਹੁੰਦਾ ਹੈ ਅਤੇ ਉਸ ਦੇ ਗਰਭ ਵਿੱਚ ਬੱਚੇ ਦਾ ਰੀਸਸ-ਸਕਾਰਾਤਮਕ ਖ਼ੂਨ (ਹਧ ਸਕਾਰਾਤਮਕ) ਹੁੰਦਾ ਹੈ, ਜੋ ਉਸਦੇ ਪਿਤਾ ਤੋਂ ਵਿਰਾਸਤ ਵਿੱਚ ਪ੍ਰਾਪਤ ਹੁੰਦਾ ਹੈ। ਕਈ ਵਾਰ ਨੈਗੇਟਿਵ ਅਤੇ ਪਾਜ਼ੇਟਿਵ ਦੇ ਸਮੀਕਰਣ ਠੀਕ ਨਾ ਬੈਠਣ ਕਰਕੇ ਅਣਜੰਮੇ ਬੱਚੇ ਲਈ ਘਾਤਕ ਹੋ ਜਾਂਦੇ ਹਨ।

ਡਾਕਟਰਾਂ ਨੂੰ ਪੱਕਾ ਪਤਾ ਨਹੀਂ ਹੈ ਕਿ ਹੈਰੀਸਨ ਦੀ ਇਹ ਦੁਰਲੱਭ ਖ਼ੂਨ ਦੀ ਕਿਸਮ ਕਿਉਂ ਹੈ, ਪਰ ਉਹ ਸੋਚਦੇ ਹਨ ਕਿ ਇਹ ਉਸ ਦੀ ਸਰਜਰੀ ਤੋਂ ਬਾਅਦ, ਜਦੋਂ ਉਹ 14




ਦਾ ਹਰ ਬੈਚ ਜੋ ਕਦੇ ਆਸਟਰੇਲੀਆ ਵਿੱਚ ਬਣਿਆ ਹੈ, ਉਹ ਜੇਮਜ਼ ਦੇ ਖ਼ੂਨ ਤੋਂ ਆਇਆ ਹੈ। ਆਸਟਰੇਲੀਆ ਵਿੱਚ 17% ਤੋਂ ਵੱਧ ਔਰਤਾਂ ਖਤਰੇ ਵਿੱਚ ਹਨ, ਇਸ ਲਈ ਜ਼ੇਮਸ ਨੇ ਬਹੁਤ ਸਾਰੀਆਂ ਜਾਨਾਂ ਬਚਾਉਣ ਵਿੱਚ ਮਦਦ ਕੀਤੀ ਹੈ। ਇੱਥੋਂ ਤੱਕ ਕਿ ਹੈਰੀਸਨ ਦੀ ਆਪਣੀ ਧੀ ਨੂੰ ਵੀ ਐਂਟੀ-ਡੀ ਵੈਕਸੀਨ ਦਿੱਤੀ ਗਈ ਸੀ। ਆਸਟਰੇਲੀਆਈ ਅਧਿਕਾਰੀਆਂ ਨੇ ਕਿਹਾ ਕਿ ਹੈਰੀਸਨ ਦੇ ਐਂਟੀਬਾਡੀਜ਼ ਦੀ ਖੋਜ ਇੱਕ ਪੂਰਨ ਗੇਮ ਚੇਂਜਰ ਸੀ।

ਰਾਸ਼ਟਰੀ ਨਾਇਕ ਮੰਨਿਆ ਗਿਆ: ਜੇਮਜ਼ ਦੀ ਇਸ ਖ਼ੂਨ ਦੀ ਸੇਵਾ ਕਰਕੇ 20 ਲੱਖ ਤੋਂ ਵੱਧ ਜਾਨਾਂ ਬਚੀਆਂ ਹੋਣਗੀਆਂ ਅਤੇ ਇਸਦੇ ਲਈ ਹੈਰੀਸਨ ਨੂੰ ਆਸਟਰੇਲੀਆ ਵਿੱਚ ਇੱਕ ਰਾਸ਼ਟਰੀ ਹੀਰੋ ਮੰਨਿਆ ਜਾਂਦਾ ਹੈ। ਉਸਨੇ ਆਪਣੀ ਉਦਾਰਤਾ ਲਈ ਬਹੁਤ ਸਾਰੇ ਪੁਰਸਕਾਰ ਜਿੱਤੇ ਹਨ, ਜਿਸ ਵਿੱਚ ਮੈਡਲ ਆਫ਼ ਦਾ ਆਰਡਰ ਆਫ਼ ਆਸਟਰੇਲੀਆ, ਦੇਸ਼ ਦੇ ਸਭ ਤੋਂ ਵੱਕਾਰੀ ਸਨਮਾਨਾਂ ਵਿੱਚੋਂ ਇੱਕ ਹੈ।

# ਲੱਦਾਖ 'ਚ ਫੌਜੀ ਵਾਹਨ ਡੂੰਘੀ ਖੱਡ ਵਿਚ ਡਿਗਿਆ, 9 ਜਵਾਨ ਸ਼ਹੀਦ

## ਸ਼ਹੀਦਾਂ ਵਿੱਚੋ ਪੰਜਾਬ ਦੇ ਫਰੀਦਕੋਟ ਅਤੇ ਬੱਸੀ ਪਠਾਣਾ ਦਾ ਫੌਜੀ ਜਵਾਨ ਵੀ ਸ਼ਾਮਿਲ

**ਜਲੰਧਰ (ਜੇ. ਸਿੰਘ 'ਭਡਿਆਰ')–** ਬੀਤੇ ਦਿਨੀਂ ਲੱਦਾਖ ਵਿੱਚ ਵਾਪਰੇ ਦਰਦਨਾਕ ਹਾਦਸੇ ਫੌਜੀ ਜਵਾਨਾਂ ਦੀ ਗੱਡੀ ਡੂੰਗੀ ਖੱਡ ਵਿੱਚ ਡਿੱਗਣ ਨਾਲ 9 ਜਵਾਨ ਸ਼ਹੀਦ ਹੋ ਗਏ ਸਨ। ਇਨ੍ਹਾਂ ਵਿੱਚ ਫਰੀਦਕੋਟ ਦਾ ਸੂਬੇਦਾਰ ਜਵਾਨ ਰਮੇਸ਼ ਲਾਲ ਵੀ ਸ਼ਾਮਿਲ ਸੀ। ਰਮੇਸ਼ ਲਾਲ ਪਿੰਡ ਸਿਰਸੜੀ ਦਾ ਰਹਿਣ ਵਾਲਾ ਸੀ, ਜਿਸ ਦੀ ਮੌਤ ਦੀ ਖਬਰ ਸੁਣਨ ਤੋਂ ਬਾਅਦ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਲੇਹ ਦੇ ਐੱਸਐੱਸਪੀ ਪੀਡੀ ਨਿੱਤਿਆ ਨੇ ਕਿਹਾ ਕਿ ਵਾਹਨ 'ਚ 10 ਸੈਨਿਕ ਸਨ। ਉਹ ਲੇਹ ਤੋਂ ਨਯੋਮਾ ਜਾ ਰਹੇ ਸਨ। ਸ਼ਾਮ ਕਰੀਬ 4.45 'ਤੇ ਚਾਲਕ ਵਾਹਨ ਤੋਂ ਕੰਟਰੋਲ ਗੁਆ ਬੈਠਾ ਤੇ ਇਹ ਖੱਡ ਵਿਚ ਡਿੱਗ ਗਿਆ। ਇਕ ਪੁਲਿਸ ਟੀਮ ਤੁਰਤ ਮੌਕੇ ਉਤੇ ਗਈ ਤੇ ਸਾਰੇ ਫੱਟੜ ਸੈਨਿਕਾਂ ਨੂੰ ਫ਼ੌਜ ਦੇ ਹਸਪਤਾਲ ਲਿਜਾਇਆ ਗਿਆ ਜਿੱਥੇ 8 ਸੈਨਿਕਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਕ ਹੋਰ ਦੀ ਮਗਰੋਂ ਮੌਤ ਹੋ ਗਈ। ਇਹ ਘਟਨਾ ਲੱਦਾਖ ਦੇ ਦੱਖਣ ਵਿਚ ਸਥਿਤ ਨਯੋਮਾ ਲਾਗੇ ਕਿਆਰੀ ਵਿਚ ਵਾਪਰੀ ਹੈ।






ਇਸ ਮੌਕੇ ਗਲਬਾਤ ਕਰਦੇ ਹੋਏ ਸ਼ਹੀਦ ਤਰਨਦੀਪ ਸਿੰਘ ਦੇ ਪਿਤਾ ਕੇਵਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਆਪਣੇ ਸਾਥੀਆਂ ਦੇ ਕਿਸੇ ਖੇਡ ਟੂਰਨਾਮੈਂਟ ਵਿੱਚ ਜਾ ਰਿਹਾ ਸੀ ਕਿ ਉਹਨਾਂ ਦੀ ਗੱਡੀ ਖੱਡ ਵਿੱਚ ਡਿੱਗ ਗਈ। ਇਸ ਨਾਲ ਉਹਨਾਂ ਦਾ ਬੇਟਾ ਸ਼ਹੀਦ ਹੋ ਗਿਆ। ਉਹਨਾਂ ਨੇ ਦੱਸਿਆ ਕਿ ਇਸ ਘਟਨਾ ਬਾਰੇ ਸ਼ਹੀਦ ਤਰਨਦੀਪ ਸਿੰਘ ਦੇ ਮਾਸੜ ਜੀ ਤੋਂ ਪਤਾ ਲੱਗਾ ਸੀ ਜੋ ਪਹਿਲਾ ਇਸ ਯੂਨਿਟ ਦੇ ਸਨ, ਜਿਹਨਾਂ ਨੂੰ ਉਹਨਾਂ ਦੇ ਸਾਥੀਆ ਨੇ ਦਸਿਆ ਸੀ।

ਉਹਨਾਂ ਦੱਸਿਆ ਕਿ ਉਨ੍ਹਾਂ ਦੇ ਬੇਟੇ ਦੀ ਉਮਰ ਹਾਲੇ 23 ਸਾਲ ਦੀ ਸੀ ਜੋ ਨਵੰਬਰ ਮਹੀਨੇ ਵਿੱਚ 24 ਸਾਲ ਦਾ ਹੋਣਾ ਸੀ। ਪਿਤਾ ਨੇ ਦੱਸਿਆ ਕਿ ਸ਼ਹੀਦ ਤਰਨਦੀਪ ਸਿੰਘ ਦਾ ਅਜੇ ਵਿਆਹ ਨਹੀਂ ਸੀ ਹੋਇਆ। ਉਹ ਉਹਨਾਂ ਦਾ ਇਲਾਜ ਬੇਟਾ ਸੀ, ਤੇ ਇਕ ਉਹਨਾਂ ਦੀ ਬੇਟੀ ਹੈ। ਉਨ੍ਹਾਂ ਨੇ ਦੱਸਿਆ ਕਿ ਬੇਟੇ ਦੇ ਨਾਲ ਤਿੰਨ-ਚਾਰ ਦਿਨ ਪਹਿਲਾਂ ਹੀ ਗੱਲ ਹੋਈ ਸੀ। ਉੱਥੇ ਹੀ ਉਹਨਾਂ ਨੇ ਕਿਹਾ ਕਿ ਤਰਨਦੀਪ ਸਿੰਘ ਨੇ ਦਸੰਬਰ ਮਹੀਨੇ ਦੇ ਵਿਚ ਛੁੱਟੀ ਤੇ ਆਉਣਾ ਸੀ। ਸਾਨੂੰ ਵੀ ਸੀ ਕਿ ਉਹ ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਜੋੜ ਮੇਲ ਦੇਖ ਆਵੇਗਾ। ਉਹਨਾਂ ਕਿਹਾ ਕਿ ਤਰਨਦੀਪ ਸਿੰਘ ਕਹਿੰਦਾ ਸੀ ਕਿ ਪਹਿਲਾ ਆਪਣੀ ਭੈਣ ਦਾ ਵਿਆਹ ਕਰਨਾ ਹੈ, ਫਿਰ ਆਪਣੇ ਵਿਆਹ ਬਾਰੇ ਸੋਚੇਗਾ। ਉੱਥੇ ਇਸ ਮੌਕੇ ਸ਼ਹੀਦ ਤਰਨਦੀਪ ਸਿੰਘ ਦੇ ਘਰ ਪਹੁੰਚੇ ਬੀਜੇਪੀ ਦੇ ਹਲਕਾ ਇੰਚਾਰਜ ਦੀਪਕ ਜੋਤੀ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

**ਪੀਐਮ ਮੋਦੀ, ਅਮਿਤ ਸ਼ਾਹ 'ਤੇ ਰਾਜਨਾਥ ਸਿੰਘ ਨੇ ਦੁੱਖ ਪ੍ਰਗਟਾਇਆ**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਦੁਖੀ ਪਰਿਵਾਰ ਦੇ ਮੈਂਬਰਾਂ ਨਾਲ ਹਮਦਰਦੀ ਜ਼ਾਹਰ ਕੀਤੀ। ਰਾਜਨਾਥ ਨੇ ਐਕਸ 'ਤੇ ਲਿਖਿਆ: "ਲਦਾਖ ਦੇ ਲੇਹ ਨੇੜੇ ਇੱਕ ਦੁਰਘਟਨਾ ਕਾਰਨ ਭਾਰਤੀ ਫੌਜ ਦੇ ਜਵਾਨਾਂ ਦੇ ਨੁਕਸਾਨ ਤੋਂ ਦੁਖੀ ਹਾਂ। ਅਸੀਂ ਆਪਣੇ ਦੇਸ਼ ਲਈ ਉਨ੍ਹਾਂ ਦੀ ਮਿਸਾਲੀ ਸੇਵਾ ਨੂੰ ਕਦੇ ਨਹੀਂ ਭੁੱਲਾਂਗੇ। ਮੇਰੇ ਵਿਚਾਰ ਦੁਖੀ ਪਰਿਵਾਰਾਂ ਦੇ ਨਾਲ ਹਨ। ਜ਼ਖਮੀ ਜਵਾਨਾਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ। ਉਨ੍ਹਾਂ ਦੇ ਜਲਦੀ ਠੀਕ ਹੋਣ ਲਈ ਪ੍ਰਾਰਥਨਾ ਕਰਦੇ ਹਾਂ।"

**ਪੰਜਾਬ ਦੇ ਮੁੱਖ ਮੰਤਰੀ ਵੱਲੋਂ ਦੁੱਖ ਦਾ ਪ੍ਰਗਟਾਵਾ**

ਡੂੰਘੇ ਦੁੱਖ਼ ਦਾ ਪ੍ਰਗਟਾਵਾ ਕਰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਲੱਦਾਖ 'ਚ ਬੀਤੀ ਰਾਤ ਵਾਪਰੇ ਭਿਆਨਕ ਹਾਦਸੇ 'ਚ ਸਾਡੇ ਦੇਸ਼ ਦੀ ਫ਼ੌਜ ਦੇ 9 ਬਹਾਦਰ ਜਵਾਨ ਸ਼ਹੀਦ ਹੋਣ ਦੀ ਦੁੱਖ਼ਦ ਖ਼ਬਰ ਮਿਲੀ। ਪੰਜਾਬ ਦੇ 2 ਜਵਾਨ ਇਸ ਹਾਦਸੇ 'ਚ ਸ਼ਹੀਦ ਹੋਏ ਹਨ। ਇਕ ਫ਼ਰੀਦਕੋਟ ਜ਼ਿਲ੍ਹੇ ਦਾ ਜਵਾਨ ਰਮੇਸ਼ ਲਾਲ ਇਸ ਹਾਦਸੇ 'ਚ ਸ਼ਹੀਦ ਹੋਇਆ ਅਤੇ ਦੂਜਾ ਬੱਸੀ ਪਠਾਣਾ ਦੇ ਪਿੰਡ ਕਮਾਲੀ ਦਾ ਜਵਾਨ ਤਰਨਦੀਪ ਸਿੰਘ ਵੀ ਇਸ ਹਾਦਸੇ 'ਚ ਸ਼ਹੀਦ ਹੋਇਆ ਹੈ। ਉਨ੍ਹਾਂ ਕਿਹਾ ਕਿ ਜਵਾਨਾਂ ਦੇ ਪਰਿਵਾਰਾਂ ਨਾਲ ਮੇਰੀ ਦਿਲੋਂ ਹਮਦਰਦੀ ਹੈ। ਅਸੀਂ ਵਾਅਦੇ ਮੁਤਾਬਕ ਸ਼ਹੀਦ ਜਵਾਨਾਂ ਦੇ ਪਰਿਵਾਰਾਂ ਨਾਲ ਖੜ੍ਹੇ ਹਾਂ। ਸਾਰੇ ਜਵਾਨਾਂ ਨੂੰ ਦਿਲੋਂ ਸਲਾਮ ਤੇ ਸ਼ਰਧਾਂਜਲੀ।

**ਸ਼ਹੀਦ ਅੰਕਿਤ ਦਾ ਪਿੰਡ ਗੱਦੀ ਖੇੜੀ ਵਿਚ ਹੋਇਆ ਨਮ ਅੱਖਾਂ ਨਾਲ ਅੰਤਿਮ ਸੰਸਕਾਰ**

ਰੋਹਤਕ-ਹਰਿਆਣਾ ਦੇ ਰੋਹਤਕ ਜ਼ਿਲੇ ਦੇ ਪਿੰਡ ਗੱਦੀ ਖੇੜੀ ਦਾ ਰਹਿਣ ਵਾਲਾ ਅੰਕਿਤ ਉਨ੍ਹਾਂ 9 ਜਵਾਨਾਂ 'ਚ ਸ਼ਾਮਲ ਸੀ, ਜੋ ਲੱਦਾਖ ਦੇ ਲੇਹ 'ਚ ਫੌਜ ਦੀ ਇਕ ਗੱਡੀ ਖਾਈ 'ਚ ਡਿੱਗਣ ਕਾਰਨ ਸ਼ਹੀਦ ਹੋਏ ਸਨ, ਜਿਨ੍ਹਾਂ ਨੂੰ ਸਰਕਾਰੀ ਸਨਮਾਨ ਨਾਲ ਅੰਤਿਮ ਵਿਦਾਈ ਦਿੱਤੀ ਗਈ। ਅੰਕਿਤ ਦੀ ਪਾਰਥਿਵ ਸਰੀਰ ਲੈ ਕੇ ਆਏ ਫੌਜੀ ਜਵਾਨਾਂ ਨੇ ਆਪਣੇ ਸਾਥੀ ਦੀ ਸ਼ਹਾਦਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਪਰ ਇਹ ਵੀ ਕਿਹਾ ਕਿ ਖੁਸ਼ਕਿਸਮਤਾਂ ਨੂੰ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੁੰਦਾ ਹੈ ਅਤੇ ਉਨ੍ਹਾਂ ਨੂੰ ਮਾਣ ਹੁੰਦਾ ਹੈ ਕਿ ਉਨ੍ਹਾਂ ਦੇ ਸਾਥੀ ਨੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕੀਤੀ ਹੈ। ਕਈ ਸਿਆਸੀ ਲੋਕਾਂ ਨੇ ਵੀ ਪਹੁੰਚ ਕੇ ਸ਼ਹੀਦ ਅੰਕਿਤ ਦੀ ਮ੍ਰਿਤਕ ਦੇਹ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਇਸ ਬਹਾਦਰ ਪੁੱਤਰ ਦੀ ਸ਼ਹਾਦਤ 'ਤੇ ਨਮਨ ਕੀਤਾ।

ਅੰਕਿਤ ਦੇ ਅੰਤਿਮ ਸੰਸਕਾਰ 'ਚ ਵੱਡੀ ਗਿਣਤੀ 'ਚ ਲੋਕ ਉਨ੍ਹਾਂ ਨੂੰ ਅੰਤਿਮ ਵਿਦਾਈ ਦੇਣ ਲਈ ਪਹੁੰਚੇ ਅਤੇ ਇਸ ਦੌਰਾਨ ਸਿਆਸੀ, ਸਮਾਜਿਕ ਅਤੇ ਧਾਰਮਿਕ ਖੇਤਰ ਨਾਲ ਸਬੰਧਤ ਵੱਡੀ ਗਿਣਤੀ 'ਚ ਲੋਕ ਵੀ ਸ਼ਹੀਦ ਫੌਜੀ ਨੂੰ ਮੱਥਾ ਟੇਕਣ ਪਹੁੰਚੇ। ਅੰਕਿਤ ਕੁੰਡੂ 4 ਸਾਲ ਪਹਿਲਾਂ ਫੌਜ 'ਚ ਭਰਤੀ ਹੋਇਆ ਸੀ ਅਤੇ ਫਿਲਹਾਲ ਲੱਦਾਖ 'ਚ ਤਾਇਨਾਤ ਸੀ। ਅੰਕਿਤ ਦਾ ਵਿਆਹ ਪ੍ਰੀਤੀ ਨਾਲ ਇਸ ਸਾਲ ਫਰਵਰੀ 'ਚ ਹੋਇਆ ਸੀ ਅਤੇ ਉਹ 5 ਮਹੀਨੇ ਦੀ ਗਰਭਵਤੀ ਵੀ ਹੈ। ਫਰਵਰੀ 'ਚ ਵਿਆਹ ਤੋਂ ਬਾਅਦ ਅੰਕਿਤ ਮਾਰਚ 'ਚ ਵਾਪਸ ਡਿਊਟੀ 'ਤੇ ਚਲਾ ਗਿਆ ਅਤੇ ਉਸ ਨੂੰ ਪਤਾ ਲੱਗਾ ਕਿ ਉਸ ਦੀ ਪਤਨੀ ਗਰਭਵਤੀ ਹੈ।

ਉਸ ਨੇ ਆਪਣੀ ਪਤਨੀ ਨੂੰ ਕਿਹਾ ਸੀ ਕਿ ਉਹ ਬੱਚੇ ਦੇ ਜਨਮ ਤੋਂ ਬਾਅਦ ਹੀ ਪਿੰਡ ਆਵੇਗਾ, ਪਰ ਹੋਨੀ ਨੂੰ ਕੌਣ ਟਾਲ ਸਕਦਾ ਹੈ। ਅੰਕਿਤ ਦੇ ਪਿਤਾ ਦੀ ਵੀ 3 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ। ਛੋਟਾ ਭਰਾ ਖੇਤੀਬਾੜੀ ਦਾ ਕੰਮ ਕਰਦਾ ਹੈ ਅਤੇ ਹੁਣ ਅੰਕਿਤ ਦੀ ਸ਼ਹਾਦਤ ਤੋਂ ਬਾਅਦ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਗਿਆ ਹੈ।

# ਪਿੰਡ ਭਲੂਰ ਦੇ ਐਨ.ਆਰ.ਆਈਜ਼.ਦੀ ਸਰੀ ਵਿੱਚ ਹੋਈ ਸਮਾਜਿਕ ਮਿਲਣੀ

ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 19 ਅਗਸਤ 2023, ਦਿਨ ਸ਼ਨਿਚਰਵਾਰ ਨੂੰ ਸਰੀ ਦੇ ਬੇਅਰ ਕਰੀਕ ਪਾਰਕ ਵਿੱਚ ਪਿੰਡ ਭਲੂਰ (ਮੋਗਾ) ਦੇ ਆਨ.ਆਰ.ਆਈਜ਼. ਦੀ ਮੀਟਿੰਗ ਹੋਈ,ਜਿਸ ਵਿੱਚ ਸਭ ਨੇ ਆਪਣੇ ਆਪਣੇ ਘਰਾਂ ਤੋਂ ਵੱਖ ਵੱਖ ਤਰਾਂ ਦੇ ਪਕਵਾਨ ਤਿਆਰ ਕਰਕੇ ਲਿਆਂਦੇ ਅਤੇ ਸਾਰਿਆਂ ਨੇ ਸਾਂਝੇ ਤੌਰ ਤੇ ਇਨਾਂ ਪਕਵਾਨਾਂ ਦਾ ਅਨੰਦ ਮਾਣਿਆ। ਇਹ ਇਸ ਗੱਲ ਦਾ ਸੰਨੇਹਾ ਸੀ ਕਿ ਅੱਜ ਕੱਲ ਤਿੜਕ ਰਹੇ



ਸਮਾਜ ਵਿੱਚ ਸਮਾਜਿਕ ਸਾਂਝ ਕਾਇਮ ਰੱਖਣ ਪ੍ਰਭਾਵਪੂਰਨ ਢੰਗ ਹੈ. ਮਿਲਣੀ ਦੇ ਸ਼ੁਰੂ ਵਿੱਚ ਬਲਦੇਵ ਸਿੰਘ ਬਰਾੜ (ਭੱਠੇ ਵਾਲੇ) ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਇਨਾਂ ਮਿਲਣੀਆਂ ਦੇ ਮਹੱਤਵ ਬਾਰੇ ਦੱਸਦਿਆਂ ਕਿਹਾ ਕਿ ਕੈਨੇਡਾ ਵਰਗੇ ਤੇਜ਼ ਤਰਾਰ ਮੁਲਕਾਂ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਕਿਸੇ ਕੋਲ ਵੀ ਘਰ ਮਿਲਣ ਜਾਣ ਦਾ ਸਮਾਂ ਨਹੀਂ ਹੁੰਦਾ ਨਾ ਕਿਸੇ ਕੋਲ ਕਿਸੇ ਨੂੰ ਉਡੀਕਣ ਦਾ ਸਮਾਂ ਹੁੰਦਾ ਹੈ। ਜਿੱਥੇ ਅਸੀਂ ਇਸ ਤਰਾਂ ਦੀਆਂ ਮਲਣੀਆਂ ਰਾਹੀਂ ਇੱਕ ਦੂਜੇ ਦੇ ਰੂਬਰੂ ਹੋ ਸਕਦੇ ਹਾਂ, ਉੱਥੇ ਅਸੀਂ ਆਪਣੇ ਦੁੱਖ,ਸੁੱਖ,ਖੁਸ਼ੀਆਂ ਸਾਂਝੀਆਂ ਕਰ ਸਕਦੇ ਹਾਂ। ਮੀਟਿੰਗ ਵਿੱਚ ਭਾਰਤ, ਪੰਜਾਬ ਅਤੇ ਕੈਨੇਡਾ ਦੀ ਰਾਜਨੀਤੀ ਬਾਰੇ ਵੀ ਵਿਚਾਰਾਂ ਹੋਈਆਂ। ਨਵੇਂ ਆਏ ਵਿਦਿਆਰਥੀਆਂ ਦੀ ਬੇਰੁਜ਼ਗਾਰੀ ਬਾਰੇ ਵੀ ਚਿੰਤਾ ਜਾਹਰ ਕੀਤੀ ਗਈ। ਪਿੰਡ ਭਲੂਰ ਦੀ ਰਾਜਨੀਤੀ ਅਤੇ ਵਿਕਾਸ ਬਾਰੇ ਵੀ ਗੰਭੀਰ ਵਿਚਾਰਾਂ ਹੋਈਆਂ। ਇਸ ਉਪਰੰਤ ਜੋਗਿੰਦਰ ਸਿੰਘ ਉਰਫ ਬੱਲੀ ਸੰਧੂ ਨੇ ਪਿੰਡ ਵਿੱਚ ਬਣ ਰਹੀ ਮਾਡਰਨ ਧਰਮਸ਼ਾਲਾ (ਮਿੰਨੀ ਪੈਲਿਸ) ਦਾ ਮੁੱਦਾ ਉਠਾਇਆ ਅਤੇ ਸਰੀ ਵਾਸੀਆਂ ਵੱਲੋਂ ਸਹਾਇਤਾ ਭੇਜਣ ਬਾਰੇ ਸਲਾਹ ਮੰਗੀ ਤਾਂ ਜਿੱਥੇ ਸਭ ਨੇ ਇਸ ਉੱਦਮ ਲਈ ਮਾ. ਬਿੱਕਰ ਸਿੰਘ ਦੀ ਸੋਚ ਦੀ ਸ਼ਲਾਘਾ ਕੀਤੀ ਉੱਥੇ ਹੀ ਸਰਬਸੰਮਤੀ ਨਾਲ ਵੱਧ ਤੋਂ ਵੱਧ ਸਹਾਇਤਾ ਭੇਜਣ ਲਈ ਮਤਾ ਪਾਸ ਕੀਤਾ ਗਿਆ.ਇਸ ਪ੍ਰੋਜੈਕਟ ਬਾਰੇ ਜਸਵੀਰ ਭਲੂਰੀਆ ਨੇ ਵਿਸਥਾਰ ਨਾਲ ਦੱਸਿਆ ਕਿ ਇਹ ਮਾਡਰਨ ਧਰਮਸ਼ਾਲਾ ਸ.ਦਲੀਪ ਸਿੰਘ ਜ਼ੈਲਦਾਰ ਜੀ ਦੀ ਯਾਦ ਨੂੰ ਸਮਰਪਿਤ ਹੋਵੇਗੀ ਕਿਉਂਕਿ ਇਹ ਜਗ੍ਹਾ ਉਹਨਾਂ ਦੇ ਪ੍ਰੀਵਾਰ ਵੱਲੋਂ ਦਾਨ ਕੀਤੀ ਗਈ ਹੈ ਅਤੇ ਮਾ.ਬਿੱਕਰ ਸਿੰਘ ਹਾਂਗਕਾਂਗ ਨੇ 22 ਲੱਖ ਰੁਪਏ ਦੇ ਕੇ ਦਾ ਇਸ ਪ੍ਰੋਜੈਕਟ ਵਿੱਚ ਵੱਡਾ ਯੋਗਦਾਨ ਪਾਇਆ ਹੈ ਅਤੇ ਹੁਣ 'ਭਾਈ ਦੇਸਰਾਜ ਵਿਕਾਸ ਕਮੇਟੀ' ਬਣਾ ਕੇ ਕੰਮ ਜੰਗੀ ਪੱਧਰ ਤੇ ਸ਼ੁਰੂ ਕਰ ਦਿੱਤਾ ਹੈ, ਜਿਸ ਵਿੱਚ ਸਾਰਾ ਨਗਰ ਹੀ ਬਣਦਾ ਯੋਗਦਾਨ ਪਾ ਰਿਹਾ ਹੈ.ਹਾਜ਼ਰ ਮੈਂਬਰਾਂ ਵੱਲੋਂ ਜ਼ੈਲਦਾਰ ਪ੍ਰੀਵਾਰ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਸਰੀ ਵੱਸਦੇ ਆਦਮੀਆਂ ਦਾ ਵਟਸਅਪ ਗਰੁੱਪ, ਰਣਜੀਤ ਸਿੰਘ ਸ਼ਾਹੀ ਨੇ ਤੁਰੰਤ ਹੀ 'ਭਲੂਰ ਮਿੰਨਜ਼ ਗਰੁੱਪ' ਦੇ ਨਾਂ ਤੇ ਬਣਾ ਦਿੱਤਾ ਜਦੋਂ ਕਿ ਬੀਬੀਆਂ ਦਾ ਵਟਸਅਪ ਗਰੁੱਪ ਪਹਿਲਾਂ ਹੀ ਬਣਿਆ ਹੋਇਆ ਹੈ. ਬਲਦੇਵ ਸਿੰਘ ਬਰਾੜ, ਮਲਕੀਤ ਸਿੰਘ ਬਰਾੜ, ਲਖਵਿੰਦਰ ਸਿੰਘ ਬਰਾੜ, ਹਰਦੇਵ ਸਿੰਘ ਨੰਬਰਦਾਰ, ਸਾਧੂ ਸਿੰਘ ਬਰਾੜ ਅਤੇ ਬੱਲੀ ਸੰਧੂ ਨੇ ਪਿੰਡ ਦੇ ਸਰਬਪੱਖੀ ਵਿਕਾਸ ਲਈ ਆਪੋ ਆਪਣੇ ਸੁਝਾਅ ਦਿੱਤੇ। ਜਸਵੀਰ ਭਲੂਰੀਆ ਨੇ ਸੁਝਾਅ ਦਿੱਤਾ ਕਿ ਟੋਟਿਆਂ ਵਿੱਚ ਕੰਮ ਕਰਨ ਦੀ ਬਜਾਏ, ਐਨ.ਆਰ.ਆਈ. ਨਗਰ ਵਿਕਾਸ ਕਮੇਟੀ ਬਣਾ ਕੇ ਤਰਤੀਬਬੱਧ ਢੰਗ ਨਾਲ ਸਾਲ ਭਰ ਦਾ ਕੋਈ ਪ੍ਰੋਜੈਕਟ ਸ਼ੁਰੂ ਕੀਤਾ ਜਾਵੇ, ਅਗਲੇ ਸਾਲ ਕਿਸੇ ਹੋਰ ਪ੍ਰੋਜੈਕਟ ਤੇ ਕੰਮ ਕੀਤਾ ਜਾਵੇ ਤਾਂ ਹੀ ਪਿੰਡ ਦਾ ਸਰਬਪੱਖੀ ਵਿਕਾਸ ਹੋ ਸਕਦਾ ਹੈ.ਪਿੰਡ ਦੇ ਕੁੱਝ ਵਿਅਕਤੀਆਂ ਵੱਲੋਂ ਮਾ. ਬਿੱਕਰ ਸਿੰਘ *ਤੇ ਅਦਾਲਤੀ ਕੇਸ ਕਰਨ ਦੀ ਸਭ ਨੇ ਜ਼ੋਰਦਾਰ ਨਿਖੇਧੀ ਕੀਤੀ। ਇਸ ਮੌਕੇ ਇਹ ਵੀ ਇਤਰਾਜ਼ ਉੱਠਿਆ ਕਿ ਪਿੰਡ ਦੇ ਸਾਂਝੇ ਕੰਮਾਂ ਲਈ ਤਾਂ ਐਨ.ਆਰ.ਆਈ. ਤੋਂ ਸਹਾਇਤਾ ਮੰਗੀ ਜਾਂਦੀ ਹੈ ਪਰ ਹੋਰ ਮਹੱਤਵ ਪੂਰਨ ਕੰਮਾਂ ਜਿਵੇਂ ਕਿ ਪੰਚਾਇਤ ਚੁਣਨ ਵੇਲੇ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ ਜਾਂਦਾ.ਸਮੁੱਚੇ ਮੈਂਬਰਾਂ ਵੱਲੋਂ ਪਿੰਡ ਵਾਸੀਆਂ ਤੋਂ ਮੰਗ ਕੀਤੀ ਗਈ ਕਿ ਸੋਸਾਇਟੀ ਵਾਂਗ ਹੀ ਸਰਪੰਚ ਸਰਬਸੰਮਤੀ ਨਾਲ ਚੁਣਿਆ ਜਾਵੇ, ਚੋਣਾਂ ਤੇ ਬਰਬਾਦ ਹੁੰਦਾ 20-25 ਲੱਖ ਪਿੰਡ ਵਿਚਲੇ ਸਾਂਝੇ ਕੰਮਾਂ ਲਈ ਖਰਚ ਕੀਤਾ ਜਾਵੇ ਅਤੇ ਨਾਲ ਹੀ ਪੰਜਾਬ ਸਰਕਾਰ ਤੋਂ ਵੀ ਮਾਇਕ ਸਹਾਇਤਾ ਲਈ ਜਾਵੇ। ਅਸੀਂ ਵੀ ਵੱਧ ਤੋਂ ਵੱਧ ਯੋਗਦਾਨ ਪਾਵਾਂਗੇ. ਸ਼ਾਮਿਲ ਬੀਬੀਆਂ ਵੱਲੋਂ ਹੀ ਪੀਜ਼ੇ (ਡਿੱਨਰ) ਦਾ ਪ੍ਰਬੰਧ ਕੀਤਾ ਗਿਆ. ਅਖੀਰ ਵਿੱਚ ਮਲਕੀਤ ਸਿੰਘ ਬਰਾੜ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ.ਇਸ ਮੌਕੇ ਰਵਿੰਦਰ ਭਲੂਰੀਆ, ਸ਼ਮਿੰਦਰ ਭਲੂਰੀਆ,ਗੁਰਮੇਲ ਕੌਰ, ਕਰਮਜੀਤ ਕੌਰ,ਬਲਜਿੰਦਰ ਕੌਰ, ਜੱਸੀ ਕੌਰ, ਸਿੰਨਰਪਾਲ ਕੌਰ, ਕਿਰਨਜੀਤ ਕੌਰ, ਰਵਨੀਤ ਕੌਰ ਘੁੰਮਣ,ਗੁਰਪ੍ਰੀਤ ਕੌਰ, ਸਰਬਜੀਤ ਕੌਰ, ਚਰਨਜੀਤ ਕੌਰ, ਬਲਬੀਰ ਕੌਰ ਅਤੇ ਮਨਜੀਤ ਕੌਰ ਸਖਸ਼ੀਅਤਾਂ ਦੀ ਹਾਜ਼ਰੀ ਇਸ ਮਿਲਣੀ ਦੀ ਸ਼ੋਭਾ ਵਧਾ ਰਹੀ ਸੀ।

**– ਜਸਵੀਰ ਭਲੂਰੀਆ, ਸਰੀ ਕੈਨੇਡਾ**

# ਮਾਲਵਾ ਖੇਤਰ 'ਚ ਨਰਮੇ ਦੀ ਫਸਲ 'ਤੇ ਗੁਲਾਬੀ ਸੁੰਡੀ ਦਾ ਹਮਲਾ

**ਬਠਿੰਡਾ–** ਮਾਲਵਾ ਖੇਤਰ 'ਚ ਨਰਮੇ ਦੀ ਫ਼ਸਲ 'ਤੇ ਗੁਲਾਬੀ ਸੁੰਡੀ ਦੇ ਹਮਲੇ ਨੇ ਕਿਸਾਨਾਂ ਵਿਚ ਘਬਰਾਹਟ ਪੈਦਾ ਕਰ ਦਿੱਤੀ ਹੈ। ਸੁੰਡੀ ਲਗਾਤਾਰ ਨਰਮੇ ਦੇ ਟੀਂਡਿਆਂ ਨੂੰ ਬਰਬਾਦ ਕਰ ਰਹੀ ਹੈ। ਕਿਸਾਨ ਫਸਲ 'ਤੇ ਲਗਾਤਾਰ ਕੀੜੇਮਾਰ ਦਵਾਈਆਂ ਦਾ ਛਿੜਕਾਅ ਕਰ ਰਹੇ ਹਨ ਪਰ ਟੀਂਡਿਆਂ ਵਿਚ ਪਹੁੰਚ ਚੁੱਕੀ ਸੁੰਡੀ 'ਤੇ ਕੋਈ ਅਸਰ ਨਹੀਂ ਹੋ ਰਿਹਾ। ਉਂਝ ਖੇਤੀਬਾੜੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਗੁਲਾਬੀ ਸੁੰਡੀ ਦਾ ਹਮਲਾ ਕਾਬੂ ਹੇਠ ਹੈ ਪਰ ਅਗਲੇ ਪੰਦਰਾਂ ਦਿਨ ਨਰਮੇ ਦੀ ਫਸਲ ਲਈ ਬਹੁਤ ਅਹਿਮ ਹਨ। ਮਾਨਸਾ ਤੇ ਬਠਿੰਡਾ ਜ਼ਿਲ੍ਹੇ ਸੁੰਡੀ ਦੇ ਹਮਲੇ ਤੋਂ ਸਭ ਤੋਂ ਵੱਧ ਪ੍ਰਭਾਵਿਤ ਹਨ। ਇਨ੍ਹਾਂ ਦੋਵਾਂ ਜ਼ਿਲ੍ਹਿਆਂ ਵਿਚ ਗੁਲਾਬੀ ਸੁੰਡੀ ਨਰਮੇ ਦੀ ਫ਼ਸਲ ਦਾ ਵੱਡਾ ਨੁਕਸਾਨ ਕਰ ਸਕਦੀ ਹੈ ਜਦੋਂਕਿ ਫ਼ਰੀਦਕੋਟ, ਮੁਕਤਸਰ, ਫਾਜ਼ਿਲਕਾ ਸਮੇਤ ਹੋਰਨਾਂ ਜ਼ਿਲ੍ਹਿਆਂ ਵਿਚ ਵੀ ਗੁਲਾਬੀ ਸੁੰਡੀ ਦੇ ਹਮਲੇ ਦੀ ਸ਼ੁਰੂਆਤ ਹੋ ਚੁੱਕੀ ਹੈ। ਕਿਸਾਨ ਫਸਲ ਨੂੰ ਬਚਾਉਣ ਲਈ ਮਹਿੰਗੀਆਂ ਕੀੜੇਮਾਰ ਦਵਾਈਆਂ ਦਾ ਛਿੜਕਾਅ ਲਗਾਤਾਰ ਕਰ ਰਹੇ ਹਨ। ਸੁੰਡੀ ਨਰਮੇ ਦੇ ਇਕ ਟੀਂਡੇ ਨੂੰ ਖਾ ਕੇ ਦੂਜੇ ਵਿਚ ਦਾਖ਼ਲ ਹੋ ਜਾਂਦੀ ਹੈ ਜਿਸ ਕਾਰਨ ਉਸ 'ਤੇ ਜ਼ਹਿਰਾਂ ਦੇ ਛਿੜਕਾਅ ਦਾ ਵੀ ਕੋਈ ਅਸਰ ਨਹੀਂ ਹੋ ਰਿਹਾ।

ਜ਼ਿਕਰਯੋਗ ਹੈ ਕਿ ਦੋ ਦਹਾਕੇ ਪਹਿਲਾਂ ਵੀ ਅਮਰੀਕਨ ਸੁੰਡੀ ਨੇ ਨਰਮੇ ਦੀ ਫਸਲ ਨੂੰ ਬਰਬਾਦ ਕੀਤਾ ਸੀ ਜਿਸ ਦਾ ਖੇਤੀਬਾੜੀ ਵਿਭਾਗ ਨੂੰ ਕੋਈ ਤੋੜ ਨਹੀਂ ਲੱਭਾ ਸੀ। ਇਸ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਪੰਜਾਬ ਦੀ ਕਾਂਗਰਸ ਸਰਕਾਰ ਨੇ ਸਾਲ 2006-2007 ਵਿਚ ਨਰਮੇ ਦਾ ਬੀਟੀ ਕਾਟਨ ਬੀਜ ਲਿਆਂਦਾ ਜਿਸ ਤੋਂ ਬਾਅਦ ਸੁੰਡੀ ਦੇ ਹਮਲੇ ਦੀ ਰੋਕਥਾਮ ਹੋ ਗਈ ਪਰ ਸਾਲ 2015 ਵਿਚ ਚਿੱਟੀ ਮੱਖੀ ਨੇ ਨਰਮੇ ਦੀ ਫ਼ਸਲ ਨੂੰ ਬਿਲਕੁੱਲ ਹੀ ਬਰਬਾਦ ਕਰ ਦਿੱਤਾ ਸੀ। ਇਸ ਤੋਂ ਬਾਅਦ ਕਿਸਾਨ ਮੁੜ ਨਰਮੇ ਦੀ ਕਾਸ਼ਤ ਵੱਲ ਮੁੜੇ ਸਨ ਪਰ ਸਾਲ 2021 ਵਿਚ ਗੁਲਾਬੀ ਸੁੰਡੀ ਨੇ ਨਰਮਾ ਪੱਟੀ ਦੇ ਕਿਸਾਨਾਂ ਦਾ ਆਰਥਿਕ ਪੱਖੋਂ ਲੱਕ ਤੋੜ ਕੇ ਰੱਖ ਦਿੱਤਾ ਸੀ ਅਤੇ 2022 ਵਿਚ ਬੇਮੌਸਮੀ ਬਰਸਾਤ ਅਤੇ ਗੜੇਮਾਰੀ ਸਮੇਤ ਚਿੱਟੇ ਮੱਛਰ ਨੇ ਭਾਰੀ ਨੁਕਸਾਨ ਕੀਤਾ ਸੀ। 2 ਸਾਲਾਂ ਦੇ ਵਕਫ਼ੇ ਮਗਰੋਂ ਇਸ ਸਾਲ ਫਿਰ ਤੋਂ ਨਰਮੇ ਦੀ ਫਸਲ 'ਤੇ ਗੁਲਾਬੀ ਸੁੰਡੀ ਦਾ ਜ਼ੋਰਦਾਰ ਹਮਲਾ 'ਆਰਥਿਕ ਕਾਗਾਰ' ਤੋਂ ਵਧੇਰੇ ਹੋਣ ਦਾ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਕਿਸਾਨਾਂ ਨੇ ਦੱਸਿਆ ਕਿ ਨਰਮੇ ਦੀ ਫ਼ਸਲ ਬਚਾਉਣ ਲਈ ਉਹ ਤਿੰਨ-ਤਿੰਨ ਵਾਰ ਕੀੜੇਮਾਰ ਦਵਾਈਆਂ ਦਾ ਛਿੜਕਾਅ ਕਰ ਚੁੱਕੇ ਹਨ ਪਰ ਸੁੰਡੀ ਨਹੀਂ ਮਰ ਰਹੀ। ਕਿਸਾਨ ਸਰੂਪ ਸਿੰਘ ਨੇ ਦੱਸਿਆ ਕਿ 300 ਰੁਪਏ ਤੋਂ ਲੈ ਕੇ 800 ਰੁਪਏ ਪ੍ਰਤੀ ਏਕੜ ਕੀੜੇਮਾਰ ਦਵਾਈ ਪੈਂਦੀ ਹੈ। ਇਸ ਤੋਂ ਇਲਾਵਾ ਛਿੜਕਾਅ ਕਰਨ ਦਾ ਵੱਖਰਾ ਖ਼ਰਚ ਹੁੰਦਾ ਹੈ। ਕਿਸਾਨਾਂ ਨੇ ਦੱਸਿਆ ਕਿ ਉਹ ਹੁਣ ਤਕ ਪ੍ਰਤੀ ਏਕੜ 1500 ਤੋਂ 2500 ਰੁਪਏ ਖ਼ਰਚ ਕਰ ਚੁੱਕੇ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਸੁੰਡੀ ਦੇ ਹਮਲੇ ਕਾਰਨ ਜਿੱਥੇ ਨਰਮੇ ਦਾ ਝਾੜ ਘਟੇਗਾ, ਉਥੇ ਇਸ ਵਾਰ ਲਾਗਤ ਖ਼ਰਚ ਵਧਣ ਦੀ ਸੰਭਾਵਨਾ ਹੈ। ਖੇਤੀਬਾੜੀ ਵਿਭਾਗ ਦੇ ਸੂਤਰਾਂ ਅਨੁਸਾਰ ਜ਼ਿਲ੍ਹਾ ਬਠਿੰਡਾ ਦੇ ਬਲਾਕ ਤਲਵੰਡੀ ਸਾਬੋ ਦੇ 3 ਪਿੰਡਾਂ ਬਹਿਮਣ ਕੌਰ ਸਿੰਘ, ਬਹਿਮਣ ਜੱਸਾ ਸਿੰਘ ਅਤੇ ਜੋਗੇਵਾਲਾ ਵਿਚ ਨਰਮੇ ਦੀ ਫਸਲ 'ਤੇ ਗੁਲਾਬੀ ਸੁੰਡੀ ਨੇ ਜ਼ੋਰਦਾਰ ਹਮਲਾ ਬੋਲਿਆ ਹੈ। ਇਸ ਤਰ੍ਹਾਂ ਮਾਨਸਾ ਜ਼ਿਲ੍ਹੇ ਵਿਚ ਵੀ ਸੁੰਡੀ ਦਾ ਹਮਲਾ ਹੋਇਆ ਹੈ।

# ਅੰਬੇਡਕਰੀ ਜਥੇਬੰਦੀਆਂ ਨੇ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਵਧਾਉਣ ਅਤੇ ਉਨ੍ਹਾਂ ਦੀਆਂ ਅਸਾਮੀਆਂ ਤੁਰੰਤ ਭਰਨ ਲਈ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਸੌਂਪਿਆ

**ਜਲੰਧਰ–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਸਾਂਝਾ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਲਈ ਕਮਿਸ਼ਨ ਦਾ ਗਠਨ 16.2.2004 ਨੂੰ 'ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਐਕਟ, 2004' ਅਧੀਨ ਕੀਤਾ ਗਿਆ ਸੀ। ਕਮਿਸ਼ਨ ਦੇ ਗਠਨ ਦਾ ਉਦੇਸ਼ ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਦੇ ਹਿੱਤਾਂ ਦੀ ਰੱਖਿਆ ਅਤੇ ਸੁਰੱਖਿਆ ਕਰਨਾ ਹੈ, ਜਿਸ ਨਾਲ ਇਸ ਨਾਲ ਜੁੜੇ ਮਾਮਲਿਆਂ ਵਿੱਚ ਉਨ੍ਹਾਂ ਦੀ ਭਲਾਈ ਅਤੇ ਵਿਕਾਸ ਦੇ ਉਪਚਾਰਕ ਉਪਾਵਾਂ ਦੀ ਸਿਫ਼ਾਰਸ਼ ਕੀਤੀ ਜਾ ਸਕੇ। ਕਮਿਸ਼ਨ ਵਿੱਚ ਚੇਅਰਪਰਸਨ, ਦਸ ਗੈਰ-ਸਰਕਾਰੀ ਮੈਂਬਰ (ਸੀਨੀਅਰ ਵਾਈਸ ਚੇਅਰਮੈਨ ਅਤੇ ਵਾਈਸ ਚੇਅਰਪਰਸਨ ਸਮੇਤ) ਅਤੇ ਇੱਕ ਮੈਂਬਰ ਸਕੱਤਰ ਸ਼ਾਮਲ ਹੁੰਦੇ ਹਨ। 'ਪੰਜਾਬ ਸਟੇਟ ਕਮਿਸ਼ਨ ਫਾਰ ਸ਼ਡਿਊਲਡ ਕਾਸਟ (ਸੋਧ) ਐਕਟ, 2006' ਰਾਹੀਂ 2006 ਦੌਰਾਨ ਪ੍ਰਿੰਸੀਪਲ ਐਕਟ ਵਿੱਚ ਸੋਧ ਕੀਤੀ ਗਈ ਸੀ। 'ਪੰਜਾਬ ਸਟੇਟ ਕਮਿਸ਼ਨ ਫਾਰ ਸ਼ਡਿਊਲਡ ਕਾਸਟ (ਸੋਧ) ਐਕਟ, 2016' ਰਾਹੀਂ 2016 ਵਿੱਚ ਪ੍ਰਿੰਸੀਪਲ ਐਕਟ ਵਿੱਚ ਹੋਰ ਸੋਧ ਕੀਤੀ ਗਈ। ਸ਼ਿਕ-ਾਇਤ/ਨੁਮਾਇੰਦਗੀ ਪ੍ਰਾਪਤ ਹੋਣ 'ਤੇ ਸਬੰਧਤ ਵਿਭਾਗ ਤੋਂ ਰਿਪੋਰਟ ਮੰਗੀ ਜਾਂਦੀ ਹੈ। ਅੱਤਿਆਚਾਰ ਦੇ ਮਾਮਲੇ ਵਿੱਚ ਡਿਪਟੀ ਕਮਿਸ਼ਨਰ/ਐਸਐਸਪੀ ਤੋਂ ਰਿਪੋਰਟ ਮੰਗੀ ਜਾਂਦੀ ਹੈ। ਰਿਪੋਰਟ ਦੀ ਪ੍ਰਾਪਤੀ ਤੋਂ ਬਾਅਦ, ਇਹ ਸ਼ਿਕਾਇਤਕਰਤਾ / ਪ੍ਰਤੀਨਿਧੀ ਨੂੰ ਪ੍ਰਤੀਕ੍ਰਿਤੀ ਦਾਇਰ ਕਰਨ ਲਈ ਪ੍ਰਦਾਨ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਮਾਮਲੇ 'ਤੇ ਵਿਚਾਰ ਕੀਤਾ ਜਾਂਦਾ ਹੈ ਅਤੇ ਜੇਕਰ ਜ਼ਰੂਰੀ ਸਮਝਿਆ ਜਾਂਦਾ ਹੈ ਤਾਂ ਸਬੰਧਤ ਤੋਂ ਨਵੀਂ ਰਿਪੋਰਟ ਮੰਗੀ ਜਾਂਦੀ ਹੈ। ਨਵੀਂ ਰਿਪੋਰਟ ਮਿਲਣ 'ਤੇ ਕਮਿਸ਼ਨ ਵੱਲੋਂ ਫੈਸਲਾ ਲਿਆ ਜਾਂਦਾ ਹੈ। ਜੇਕਰ ਵਿਭਾਗ ਰਿਪੋਰਟ ਦੇਣ ਤੋਂ ਝਿਜਕਦਾ ਹੈ ਤਾਂ ਸਬੰਧਤ ਅਧਿਕਾਰੀ ਨੂੰ ਕਮਿਸ਼ਨ ਅੱਗੇ ਪੇਸ਼ ਹੋਣ ਲਈ ਕਿਹਾ ਜਾਂਦਾ ਹੈ।

ਵਰਿਆਣਾ ਅਤੇ ਭਾਰਦਵਾਜ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਅਨੁਸੂਚਿਤ ਜਾਤੀਆ ਕਮਿਸ਼ਨ ਦੇ ਮੈਂਬਰਾ ਦੀ ਗਿਣਤੀ 10 ਤੋਂ ਘਟਾ ਕੇ 5 ਕਰ ਦਿੱਤੀ ਗਈ ਹੈ। ਕਮਿਸ਼ਨ ਦੇ ਤਿੰਨ ਮੈਂਬਰਾਂ ਗਿਆਨ ਚੰਦ ਦੀਵਾਲੀ, ਪ੍ਰਭਦਿਆਲ ਰਾਮਪੁਰ ਅਤੇ ਰਾਜ ਕੁਮਾਰ ਹੰਸ ਦਾ ਕਾਰਜਕਾਲ 2022 ਵਿੱਚ ਖਤਮ ਹੋ ਗਿਆ ਸੀ ਅਤੇ ਇੱਕ ਮੈਂਬਰ ਤਰਸੇਮ ਸਿੰਘ ਸਿਆਲਕਾ ਨੇ ਵਿਧਾਨ ਸਭਾ ਚੋਣ ਲੜਨ ਲਈ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਮੌਜੂਦਾ 4 ਮੈਂਬਰਾਂ ਦੀਪਕ ਵੇਰਕਾ, ਪਰਮਜੀਤ ਕੌਰ, ਪੂਨਮ ਕਾਂਗੜ ਅਤੇ ਨਵਪ੍ਰੀਤ ਸਿੰਘ ਨੂੰ ਜ਼ਬਰਦਸਤੀ ਹਟਾ ਦਿੱਤਾ ਗਿਆ ਹੈ। 21 ਸਤੰਬਰ 2021 ਤੋਂ ਲੈ ਕੇ ਅੱਜ ਤੱਕ ਕਮਿਸ਼ਨ ਦਾ ਚੇਅਰਮੈਨ ਨਹੀਂ ਲਾਇਆ, ਸਰਕਾਰਾਂ ਵੱਲੋਂ ਕਮਿਸ਼ਨ ਦਾ ਮੈਂਬਰ ਸਕੱਤਰ ਜੋ ਐਕਟ ਮੁਤਾਬਕ ਅਨੁਸੂਚਿਤ ਜਾਤੀਆ ਦਾ ਹੀ ਆਈਏਐਸ ਅਧਿਕਾਰੀ ਲਗਾਉਣਾ ਹੁੰਦਾ ਉਹ ਜਨਰਲ ਜਾਤੀ ਦੇ ਅਧਿਕਾਰੀ ਨੂੰ ਜਾਣ-ਬੁੱਝ ਕੇ ਲਗਾਇਆ ਗਿਆ ਹੈ । ਇਹਨਾਂ ਤੋਂ ਸਰਕਾਰ ਦੀ ਦਲਿਤ ਵਿਰੋਧੀ ਨੀਤੀਆਂ ਦੀ ਮਣਸ਼ਾ ਜ਼ਾਹਿਰ ਹੁੰਦੀ ਹੈ। ਵਰਿਆਣਾ ਅਤੇ ਭਾਰਦਵਾਜ ਨੇ ਅੱਗੇ ਕਿਹਾ ਕਿ ਸਮੂਹ ਅੰਬੇਡਕਰੀ ਜਥੇਬੰਦੀਆਂ ਮੰਗ ਕਰਦੀਆਂ ਹਨ ਕਿ ਸਰਕਾਰ ਦਲਿਤਾਂ ਨੂੰ ਇਨਸਾਫ਼ ਦਿਵਾਉਣ ਲਈ ਤੁਰੰਤ ਦਲਿਤ ਭਾਈਚਾਰਿਆਂ ਵਿੱਚੋਂ ਚੇਅਰਮੈਨ/ਮੈਂਬਰ ਸਕੱਤਰ ਨਿ-ਯੁਕਤ ਕਰੇ ਅਤੇ ਕਮਿਸ਼ਨ ਮੈਂਬਰਾਂ ਦੀ ਗਿਣਤੀ ਵਧਾ ਕੇ 10 ਕਰੇ ਅਤੇ ਕਮਿਸ਼ਨ ਮੈਂਬਰਾਂ ਦੀਆਂ ਇਨ੍ਹਾਂ ਅਸਾਮੀਆਂ ਨੂੰ ਤੁਰੰਤ ਭਰਿਆ ਜਾਵੇ। ਇਸ ਸਬੰਧੀ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਇਕਾਈ, ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਅਤੇ ਅੰਬੇਡਕਰ ਭਵਨ ਟਰੱਸਟ (ਰਜਿ.) ਵੱਲੋਂ ਮਾਨਯੋਗ ਡਿਪਟੀ ਕਮਿਸ਼ਨਰ ਜਲੰਧਰ ਸ਼੍ਰੀ ਵਿਸ਼ੇਸ਼ ਸਾਰੰਗਲ ਾਿਓਂ ਰਾਹੀਂ ਪੰਜਾਬ ਦੇ ਗਵਰਨਰ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ ਤਾਂ ਜੋ ਪੰਜਾਬ ਅਨੁਸੂਚਿਤ ਜਾਤੀ ਕੰਮ ਪ੍ਰਭਾਵਿਤ ਨਾ ਹੋਣ ਅਤੇ ਦਲਿਤ ਭਾਈਚਾਰੇ ਨੂੰ ਉਚਿਤ ਨਿਆਂ ਪ੍ਰਦਾਨ ਕੀਤਾ ਜਾਵੇ। ਇਸ ਮੌਕੇ ਮੈਡਮ ਸੁਦੇਸ਼ ਕਲਿਆਣ, ਬਲਦੇਵ ਰਾਜ ਭਾਰਦਵਾਜ, ਡਾ: ਜੀ.ਸੀ. ਕੌਲ, ਜਸਵਿੰਦਰ ਵਰਿਆਣਾ, ਚਰਨ ਦਾਸ ਸੰਧੂ, ਨਿਰਮਲ ਬਿੰਜੀ, ਡੀ. ਪੀ. ਭਗਤ, ਹਰਭਜਨ ਨਿਮਤਾ ਆਦਿ ਹਾਜ਼ਰ ਸਨ।



# ਪੰਜਾਬੀ ਗੀਤ-ਸੰਗੀਤ ਅਤੇ ਸੱਭਿਆਚਾਰ ਨੂੰ ਸਮਰਪਿਤ ਅਵਤਾਰ ਲਾਖਾ ਵੱਲੋਂ ਨਵੇਂ ਯਤਨ



**ਸਟਾਕਟਨ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਅਮਰੀਕਾ ਦੀ ਸਟੇਟ ਕੈਲੇਫੋਰਨੀਆਂ ਦੇ ਸ਼ਹਿਰ ਸਟਾਕਟਨ ਨਿਵਾਸੀ ਅਵਤਾਰ ਲਾਖਾ ਆਪਣੇ ਕੰਮਾਂ-ਕਾਰਾਂ ਦੇ ਨਾਲ-ਨਾਲ ਬਹੁਤ ਸਮਾਂ ਚੰਗੇ ਗੀਤ-ਸੰਗੀਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਿੱਚ ਲਾਉਂਦਾ ਆ ਰਿਹਾ ਹੈ। ਇਸ ਤੋਂ ਪਹਿਲਾਂ ਭਾਰਤ ਤੋਂ ਸੁਰੀਲੇ ਗਾਇਕ ਕਲਾਕਾਰਾਂ ਦੇ ਸਫਲ ਸ਼ੋ ਵੀ ਅਮਰੀਕਾ ਦੀ ਧਰਤੀ 'ਤੇ ਕਰਵਾ ਚੁੱਕਾ ਹੈ। ਉਸ ਦੁਆਰਾ ਪਿਛਲੇ ਲੰਮੇ ਅਰਸੇ ਤੋਂ ਬਹੁਤ ਸਾਰੇ ਹੋਣਹਾਰ ਗਾਇਕ ਕਲਾਕਾਰਾਂ ਅਤੇ ਗੀਤਕਾਰਾਂ ਨੂੰ ਨਿਰਸਵਾਰਥ ਪ੍ਰਮੋਟ ਕਰਨ ਦੇ ਉਪਰਾਲੇ ਵੀ ਜਾਂਦੇ ਰਹੇ ਹਨ, ਜੋ ਨਿਰਾਤਰ ਜਾਰੀ ਹਨ।

ਇਸੇ ਲੜੀ ਅਧੀਨ ਹੁਣ ਅਵਤਾਰ ਲਾਖਾ ਦੁਆਰਾ ਸੰਗੀਤ ਪ੍ਰੇਮੀਆਂ ਲਈ ਆਪਣੀ ਨਵੀਂ "ਅਵਤਾਰ ਰਿਕਾਰਡ" ਕੰਪਨੀ ਦੀ ਸੁਰੂਆਤ ਸਾਹਿੱਤਕ ਸਖਸੀਅਤਾਂ ਦੀ ਹਾਜ਼ਰੀ ਵਿੱਚ ਗਦਰੀ ਬਾਬਿਆਂ ਦੇ ਸ਼ਹਿਰ ਸਟਾਕਟਨ ਤੋਂ ਕੀਤੀ ਗਈ। ਇਸ ਸਮੇਂ ਬਹੁਤ ਸਾਦੇ ਰਸਮੀਂ ਸਮਾਗਮ ਵਿੱਚ ਸੁਰੀਲੇ ਗਾਇਕ ਸੁਖਦੇਵ ਸਾਹਿਲ ਨੇ ਆਪਣੀ ਗਾਇਕੀ ਰਾਹੀ ਹਾਜ਼ਰੀਨ ਦਾ ਮੰਨੋਰੰਜਨ ਕੀਤਾ। ਜਦ ਕਿ ਬਾਕੀ ਸਾਹਿੱਤਕ ਸਖਸੀਅਤਾਂ ਅਤੇ ਬੁਲਾਰਿਆਂ ਵਿੱਚ ਜਸਵੰਤ ਸਿੰਘ ਸਾਦ, ਐਸ. ਅਸ਼ੋਕ ਭੌਰਾ, ਰਾਜਿੰਦਰ ਸਿੰਘ ਟਾਂਡਾ, ਵਿਜੈ ਸਿੰਘ, ਰਿੱਕੀ ਪਾਲ, ਰਾਕੇਸ ਰਫੀ, ਜਤਿੰਦਰ ਸੰਧੂ ਅਤੇ ਹੋਰਨਾਂ ਨੇ ਹਾਜ਼ਰੀ ਭਰੀ। ਪੰਜਾਬ ਅਤੇ ਪੰਜਾਬੀਅਤ ਦੇ ਰੰਗ ਵਿੱਚ ਰੰਗੀ ਇਹ ਮਹਿਫ਼ਲ ਗੀਤ-ਸੰਗੀਤ ਅਤੇ ਸਾਹਿੱਤਕ ਬਾਤਾਂ ਪਾਉਂਦੀ ਹੋਈ ਯਾਦਗਾਰੀ ਹੋ ਨਿਬੜੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com







# ਲੋਕਾਂ ਨੂੰ ਵਧੀਆ ਅਤੇ ਫ੍ਰੀ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਸਭ ਤੋਂ ਵੱਡੀ ਸੇਵਾ-ਸ੍ਰੀ ਲਾਲ ਚੰਦ ਕਟਾਰੂਚੱਕ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਨੂੰ ਮਿਆਰੀ ਸਿਹਤ ਸੁਵਿਧਾਵਾਂ ਮੁਹਈਆ ਕਰਵਾਉਣ ਲਈ ਖੋਲੇ ਗਏ ਆਮ ਆਦਮੀ ਕਲੀਨਿਕਾਂ ਵਿੱਚ ਲਗਭਗ 92 ਕਿਸਮ ਦੀਆਂ ਦਵਾਈਆਂ ਅਤੇ 40 ਕਿਸਮ ਦੇ ਵੱਖ ਵੱਖ ਤਰਾਂ ਦੇ ਟੈਸਟ ਕੀਤੇ ਜਾ ਰਹੇ ਹਨ, ਅਤੇ ਲੋਕ ਫ੍ਰੀ ਸਿਹਤ ਸੁਵਿਧਾਵਾਂ ਦਾ ਲਾਭ ਉਠਾ ਰਹੇ ਹਨ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਸਾਰੰਸ਼ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਤਾਰਾਗੜ੍ਹ ਵਿਖੇ ਲਾਇਨਸ ਕਲੱਬ ਪਠਾਨਕੋਟ ਵੱਲੋਂ ਰੰਧਾਵਾ ਹਸਪਤਾਲ ਪਠਾਨਕੋਟ ਦੇ ਸਹਿਯੋਗ ਨਾਲ ਲਗਾਏ ਗਏ ਮੈਡੀਕਲ ਕੈਂਪ ਦੋਰਾਨ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਣਬੀਰ ਸਿੰਘ ਪ੍ਰਧਾਨ, ਕੈਸੀਅਰ ਅਮਿਤ ਸਾਹਨੀ, ਪੀ.ਆਰ.ਓ. ਮਨਿੰਦਰ ਬੋਬੀ, ਕਰਨ ਕੁੰਦਰਾ, ਰਾਜੇਸ ਮਹਾਜਨ, ਸਤੀਸ ਮਹਿੰਦਰੂ, ਸੀ.ਐਲ. ਲਾਇਲਪੁਰੀ, ਜਗਦੀਸ ਸਾਹਣੀ, ਰਵਿੰਦਰ ਮਹਾਜਨ, ਰਵਿੰਦਰ ਮਹਾਜਨ, ਪ੍ਰਿੰਸੀਪਲ ਬਲਵਿੰਦਰ ਕੌਰ, ਕੁਲਦੀਪ ਰਾਜ ਸਾਹਣੀ, ਡਾ. ਅਨੁੰਜ ਮਹਾਜਨ ਡਾ. ਕੇਜਰ ਸਾਹ ਐਮ.ਡੀ. ਮੈਡੀਸਨ, ਡਾ. ਸਾਕਸੀ, ਡਾ. ਜਸੀਦ, ਡਾ. ਗੁਰਜੀਤ ਸਿੰਘ ਆਦਿ ਹਾਜਰ ਸਨ।

ਜਿਕਰਯੋਗ ਹੈ ਕਿ ਮੈਡੀਕਲ ਕੈਂਪ ਦਾ ਸੁਭਅਰੰਭ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਰਿਬਨ ਕੱਟ ਕੇ ਕੀਤਾ।

ਸ੍ਰੀ ਲਾਲ ਚੰਦ ਕੱਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕੀ ਲਗਾਏ ਗਏ ਇਸ ਮੈਡੀਕਲ ਕੈਂਪ ਵਿਚ ਰੰਧਾਵਾ ਹਸਪਤਾਲ ਪਠਾਨਕੋਟ ਅਤੇ ਡਾ. ਕੇ.ਡੀ ਹਸਪਤਾਲ ਪਠਾਨਕੋਟ ਦੇ ਵੱਖ ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰਾਂ ਵਲੋਂ ਲੋਕਾਂ ਦੀ ਮੈਡੀਕਲ ਜਾਂਚ ਕੀਤੀ ਗਈ ਅਤੇ ਲੋੜਵੰਦਾ ਨੂੰ ਮੁਫ਼ਤ ਦਵਾਈ ਵੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪ ਆਯੋਜਿਤ ਕਰਨਾ ਮਾਨਵਤਾ ਦੀ ਸਭ ਤੋਂ ਵਧੀਆ ਸੇਵਾ ਹੈ।



ਸ਼੍ਰੋਮਣੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੂੰ ਬਾਲ ਸਾਹਿਤ ਦੇ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਲਈ ਆਜ਼ਾਦੀ ਦਿਵਸ ਸਮਾਰੋਹ ਮੌਕੇ ਉਪ ਮੰਡਲ ਮੈਜਿਸਟ੍ਰੇਟ ਗੜ੍ਹਸ਼ੰਕਰ ਜਸ਼ਨਪ੍ਰੀਤ ਕੌਰ ਗਿੱਲ ਅਤੇ ਡੀ ਐਸ ਪੀ ਦਲਜੀਤ ਸਿੰਘ ਖੱਖ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ 100 ਕਮਰਿਆਂ ਦੇ ਯਾਤਰੀ ਨਿਵਾਸ ਦਾ ਨੀਂਹ ਪੱਥਰ ਵਿਧਾਇਕ ਡਾ ਰਵਜੋਤ ਨੇ ਰੱਖਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਆਗਮਨ ਦਿਵਸ ਦੀ ਖੁਸ਼ੀ ਵਿੱਚ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਯਾਤਰੀ ਨਿਵਾਸ 100 ਕਮਰਿਆਂ ਦਾ ਨੀਂਹ ਪੱਥਰ ਅੱਜ ਡਾ ਰਵਜੋਤ ਸਿੰਘ ਹਲਕਾ ਵਿਧਾਇਕ ਸਾਮ ਚੁਰਾਸੀ ਨੇ ਆਪਣੇ ਕਰ



ਕਮਲਾਂ ਨਾਲ ਰੱਖਿਆ। ਇਸ ਮੌਕੇ ਤੇ ਉਨ੍ਹਾਂ ਨੇ ਨਿੱਜੀ ਤੌਰ ਤੇ ਯਾਤਰੀ ਨਿਵਾਸ ਲਈ 5 ਕਮਰੇ ਦੀ ਸੇਵਾ ਕਰਨ ਦਾ ਐਲਾਨ ਕੀਤਾ।

ਇਸ ਮੌਕੇ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੇ ਓ ਐਸ ਡੀ ਚਰਨਜੀਤ ਚੰਨੀ ਨੇ ਹਾਜਰੀ ਭਰੀ ਅਤੇ ਦੱਸਿਆ ਕਿ ਡਿਪਟੀ ਸਪੀਕਰ ਸਾਹਿਬ ਨੂੰ ਸਰਕਾਰੀ ਕੰਮ ਤੇ ਜ਼ਰੂਰੀ ਜਾਣਾ ਪੈ ਗਿਆ। ਜਿਸ ਲਈ ਉਹ ਇਸ ਪ੍ਰੋਗਰਾਮ ਵਿੱਚ ਸ਼ਾਮਲ ਨਹੀਂ ਹੋ ਸਕੇ ਇਸ ਮੌਕੇ ਤੇ ਫਰੀ ਮੈਡੀਕਲ ਕੈਪ ਵੀ ਲਗਾਇਆ ਗਿਆ। ਜਿਸ ਦਾ ਉਦਘਾਟਨ ਡੀ ਐਚ ਓ ਹੁਸ਼ਿਆਰਪੁਰ ਡਾ ਲਖਵੀਰ ਸਿੰਘ ਨੇ ਕੀਤਾ। ਡਾ ਰਾਘਵ ਵਿਸੇਸ ਲੰਬ ਦਿਲ ਦੇ ਰੋਗਾ ਦੇ ਮਾਹਿਰ, ਡਾ ਯੱਸ ਪਟੇਲ ਬੱਚਿਆਂ ਦੇ ਰੋਗਾ ਦੇ ਮਾਹਿਰ ਨੇ ਮਰੀਜਾਂ ਦਾ ਚੈਕ ਅੱਪ ਕੀਤਾ। ਇਸ ਮੋਕੇ ਤੇ ਸਵੈ ਇੱਛਕ ਖੂਨਦਾਨ ਕੈਪ ਲਗਾਇਆ ਗਿਆ ਜਿਸ ਦਾ ਉਦਘਾਟਨ ਚੇਅਰਮੈਨ ਡਾ ਕੁਲਵਰਨ ਸਿੰਘ ਨੇ ਕੀਤਾ ਇਸ ਮੌਕੇ ਤੇ ਪ੍ਰਬੰਧਕ ਕਮੇਟੀ ਵਲੋਂ ਪਹੁੰਚਿਆ ਸ਼ਖ਼ਸੀਅਤਾਂ ਦਾ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।



ਇਸ ਮੋਕੇ ਤੇ ਹਰਜਿੰਦਰ ਧੰਜਲ, ਸੁਰਿੰਦਰ ਪਦਰਾਣਾ, ਸੋਮ ਨਾਥ, ਸਰਪੰਚ ਸੰਤੋਖ ਸਿੰਘ, ਗੁਰਭਾਗ ਸਿੰਘ, ਨਰੇਸ਼ ਕੰਬਾਲਾ, ਸੰਜੀਵ ਕੁਮਾਰ, ਕਮੇਟੀ ਮੈਬਰ ਪ੍ਰਧਾਨ ਭਾਈ ਕੇਵਲ ਸਿੰਘ ਚਾਕਰ, ਚੇਅਰਮੈਨ ਡਾ ਕੁਲਵਰਨ ਸਿੰਘ, ਸਰਪੰਚ ਰੋਸਨ ਲਾਲ ਨੈਣਵਾਂ, ਬਾਬਾ ਨਰੇਸ਼ ਸਿੰਘ, ਬਾਬਾ ਸੁਖਦੇਵ ਸਿੰਘ, ਮੱਖਣ ਸਿੰਘ ਵਾਹਿਦਪੁਰ, ਚੌ ਜੀਤ ਸਿੰਘ, ਕੈਸ਼ੀਅਰ ਹਰਭਜਨ ਸਿੰਘ, ਚਰਨ ਭਾਰਤੀ, ਸੁਰਿੰਦਰ ਸਿੰਘ, ਭਾਗ ਸਿੰਘ, ਜਸਵਿੰਦਰ ਸਿੰਘ, ਸਤਪਾਲ ਸਿੰਘ, ਬਿੰਦਰ ਸਿੰਘ, ਗੁਰਮੀਤ ਸਿੰਘ, ਡਾ ਜਸਵੀਰ ਵਿੱਕੀ, ਠੇਕੇਦਾਰ ਬਲਜੀਤ ਸਿੰਘ, ਬਾਬਾ ਸੇਵਾ ਸਿੰਘ, ਸਰਪੰਚ ਅਵਤਾਰ ਸਿੰਘ ਮਾਜਰੀ ਹਾਜਿਰ ਸਨ।

# ਟਰੰਪ ਨੂੰ ਜ਼ਹਿਰ ਭਰੀ ਚਿੱਠੀ ਭੇਜਣ ਵਾਲੀ ਮਹਿਲਾ ਗਈ 22 ਸਾਲ ਲਈ ਜੇਲ੍ਹ

**ਵਾਸ਼ਿੰਗਟਨ**–ਬੀਬੀਸੀ ਦੀ ਰਿਪੋਰਟ ਮੁਤਾਬਕ ਅਮਰੀਕਾ ਦੀ ਇਕ ਅਦਾਲਤ ਨੇ ਕੈਨੇਡੀਅਨ ਮਹਿਲਾ ਨੂੰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦੇ 'ਤੇ ਰਹਿੰਦਿਆਂ ਉਸ ਨੂੰ ਰਿਸਿਨ ਜ਼ਹਿਰ ਨਾਲ ਭਰੀਆਂ ਚਿੱਠੀਆਂ ਭੇਜਣ ਦੇ ਮਾਮਲੇ ਵਿਚ 22 ਸਾਲ ਦੀ ਸਜ਼ਾ ਸੁਣਾਈ। ਰਿਪੋਰਟ ਮੁਤਾਬਕ ਵੀਰਵਾਰ ਨੂੰ ਜ਼ਿਲ੍ਹਾ ਜੱਜ ਡਬਨੀ ਫ੍ਰੇਡਰਿਕ ਨੇ 56 ਸਾਲਾ ਪਾਸਕੇਲ ਫੇਰੀਅਰ ਨੂੰ 262 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ। ਸਜ਼ਾ ਪੂਰੀ ਕਰਨ ਤੋਂ ਬਾਅਦ ਉਸਨੂੰ ਅਮਰੀਕਾ ਤੋਂ ਡਿਪੋਰਟ ਕਰ ਦਿੱਤਾ ਜਾਵੇਗਾ ਅਤੇ ਜੇਕਰ ਉਹ ਕਦੇ ਵਾਪਸ ਆਉਂਦੀ ਹੈ ਤਾਂ ਉਸਨੂੰ ਉਮਰ ਭਰ ਲਈ ਨਿਗਰਾਨੀ ਦਾ ਸਾਹਮਣਾ ਕਰਨਾ ਪਵੇਗਾ।





ਜੱਜ ਫ੍ਰੈਡਰਿਕ ਨੇ ਫੇਰੀਅਰ ਨੂੰ ਕਿਹਾ ਕਿ ਉਸ ਦੀਆਂ ਕਾਰਵਾਈਆਂ "ਸੰਭਾਵੀ ਤੌਰ 'ਤੇ ਘਾਤਕ" ਅਤੇ ਸਮਾਜ ਲਈ ਨੁਕਸਾਨਦੇਹ ਸਨ। ਫਰਾਂਸ ਅਤੇ ਕੈਨੇਡਾ ਦੀ ਦੋਹਰੀ ਨਾਗਰਿਕ ਫੈਰੀਅਰ ਨੇ ਅਦਾਲਤ ਨੂੰ ਦੱਸਿਆ ਕਿ ਉਸਨੂੰ ਅਫਸੋਸ ਹੈ ਕਿ ਉਸਦੀ ਯੋਜਨਾ ਅਸਫਲ ਹੋ ਗਈ ਅਤੇ ਉਹ "ਟਰੰਪ ਨੂੰ ਰੋਕ ਨਹੀਂ ਸਕੀ"। ਆਪਣੇ ਸੰਬੋਧਨ ਵਿੱਚ ਉਸਨੇ ਇਹ ਵੀ ਕਿਹਾ ਕਿ ਉਹ ਆਪਣੇ ਆਪ ਨੂੰ ਇੱਕ ਅੱਤਵਾਦੀ ਨਹੀਂ ਇੱਕ ਕਾਰਕੁਨ ਵਜੋਂ ਵੇਖਦੀ ਹੈ। ਫੇਰੀਅਰ ਨੇ ਅੱਗੇ ਕਿਹਾ ਕਿ ਉਹ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸ਼ਾਂਤੀਪੂਰਨ ਸਾਧਨ ਲੱਭਣਾ ਚਾਹੁੰਦੀ ਹੈ।

ਐਫਬੀਆਈ ਨੂੰ ਟਰੰਪ ਨੂੰ ਲਿਖੀ ਚਿੱਠੀ 'ਤੇ ਉਸ ਦੇ ਫਿੰਗਰਪ੍ਰਿੰਟਸ ਮਿਲੇ, ਜਿਸ ਵਿਚ ਟਰੰਪ ਨੂੰ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਹੋਣ ਦੀ ਅਪੀਲ ਕੀਤੀ ਗਈ ਸੀ। ਐਫਬੀਆਈ ਦੇ ਚਾਰਜਿੰਗ ਦਸਤਾਵੇਜ਼ਾਂ ਅਨੁਸਾਰ ਉਸਨੇ ਚਿੱਠੀ ਵਿੱਚ ਲਿਖਿਆ ਕਿ "ਮੈਨੂੰ ਤੁਹਾਡੇ ਲਈ ਇੱਕ ਨਵਾਂ ਨਾਮ ਮਿਲਿਆ: 'ਦ ਅਗਲੀ ਟਾਈਰੈਂਟ ਕਲਾਉਨ'। ਫੇਰੀਅਰ ਨੇ ਇਹ ਵੀ ਮੰਨਿਆ ਕਿ ਅੱਠ ਟੈਕਸਾਸ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਇਸੇ ਤਰ੍ਹਾਂ ਦੀਆਂ ਚਿੱਠੀਆਂ ਭੇਜੀਆਂ ਗਈਆਂ ਸਨ। ਸੰਯੁਕਤ ਰਾਜ ਦੇ ਨਿਆਂ ਵਿਭਾਗ ਅਨੁਸਾਰ 2019 ਵਿੱਚ ਉਸਨੂੰ ਗੈਰ-ਕਾਨੂੰਨੀ ਤੌਰ 'ਤੇ ਹਥਿਆਰ ਰੱਖਣ ਅਤੇ ਬਿਨਾਂ ਕਿਸੇ ਪ੍ਰਮਾਣਿਕ ਲਾਇਸੈਂਸ ਦੇ ਡਰਾਈਵਿੰਗ ਕਰਨ ਲਈ ਰਾਜ ਵਿੱਚ ਲਗਭਗ 10 ਹਫ਼ਤਿਆਂ ਲਈ ਨਜ਼ਰਬੰਦ ਕੀਤਾ ਗਿਆ ਸੀ।

ਫੇਰੀਅਰ ਨੂੰ ਸਤੰਬਰ 2020 ਵਿੱਚ ਬਫੇਲੋ, ਨਿਊਯਾਰਕ ਵਿੱਚ ਸਰਹੱਦ ਪਾਰ ਕਰਦੇ ਹੋਏ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸਦੇ ਕੋਲ ਇੱਕ ਬੰਦੂਕ, ਚਾਕੂ ਅਤੇ ਗੋਲਾ ਬਾਰੂਦ ਸੀ। ਉਸਨੇ ਬਾਅਦ ਵਿੱਚ ਆਪਣੇ ਕਿਊਬਿਕ ਦੇ ਘਰ ਵਿੱਚ ਰਿਸੀਨ – ਕੈਸਟਰ ਬੀਨਜ਼ ਪ੍ਰੋਸੈਸਿੰਗ ਤੋਂ ਬਚੀ ਰਹਿੰਦ-ਖੂੰਹਦ ਤੋਂ ਬਣਿਆ ਇੱਕ ਜ਼ਹਿਰ – ਬਣਾਉਣ ਅਤੇ ਇਸਨੂੰ ਚਿੱਠੀ ਦੇ ਨਾਲ ਇੱਕ ਲਿਫਾਫੇ ਵਿੱਚ ਰੱਖਣ ਲਈ ਮੰਨਿਆ। ਯੂ.ਐੱਸ ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਅਨੁਸਾਰ ਰਿਸਿਨ ਲਈ ਕੋਈ ਜਾਣਿਆ-ਪਛਾਣਿਆ ਐਂਟੀਡੋਟ ਨਹੀਂ ਹੈ। ਖੁਰਾਕ ਦੇ ਆਧਾਰ 'ਤੇ ਇਹ 36 ਤੋਂ 72 ਘੰਟਿਆਂ ਦੇ ਅੰਦਰ ਮੌਤ ਦਾ ਕਾਰਨ ਬਣ ਸਕਦਾ ਹੈ।

# ਪੰਜਾਬ ਸਰਕਾਰ ਅਤੇ ਕਿਸਾਨਾਂ ਵਿਚਕਾਰ ਟਕਰਾਅ ਜਾਰੀ, ਮ੍ਰਿਤਕ ਕਿਸਾਨ ਦਾ ਪੋਸਟਮਾਰਟਮ ਕਰਾਉਣ ਨੂੰ ਲੈ ਕੇ ਤਣਾਤਣੀ

**ਪਟਿਆਲਾ–** ਸੋਮਵਾਰ ਨੂੰ ਸੰਗਰੂਰ ਜ਼ਿਲ੍ਹੇ ਦੇ ਲੌਂਗੋਵਾਲ ਕਸਬਾ ਵਿਖੇ ਕਿਸਾਨਾਂ ਤੇ ਪੁਲਿਸ ਵਿਚਕਾਰ ਹੋਈ ਝੜਪ ਦੌਰਾਨ ਕਿਸਾਨ ਪ੍ਰੀਤਮ ਸਿੰਘ ਦੀ ਮੌਤ ਹੋ ਗਈ। ਕਿਸਾਨ ਦੀ ਲਾਸ਼ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਦੀ ਮੋਰਚਰੀ ਵਿਖੇ ਰਖਵਾਇਆ ਗਿਆ ਹੈ ਜਿੱਥੇ ਕਿਸਾਨਾਂ ਤੇ ਪੁਲਿਸ ਵਿਚਕਾਰ ਸਹਿਮਤੀ ਨਾ ਹੋਣ 'ਤੇ ਦੂਜੇ ਦਿਨ ਵੀ ਲਾਸ਼ ਦਾ ਪੋਸਟਮਾਰਟਮ ਨਹੀਂ ਹੋ ਸਕਿਆ। ਇਸ ਮੌਕੇ ਮ੍ਰਿਤਕ ਕਿਸਾਨ ਦੀ ਲਾਸ਼ ਲੈਣ ਆਏ ਕਿਸਾਨਾਂ ਤੇ ਪਰਿਵਾਰਕ ਮੈਂਬਰਾਂ ਵੱਲੋਂ ਲਾਸ਼ ਪੋਸਟਮਾਰਟਮ ਕਰਵਾਉਣ ਤੋਂ ਬਿਨਾਂ ਲੈ ਕੇ ਜਾਣ ਨੂੰ ਲੈ ਕੇ ਪੁਲਿਸ ਪ੍ਰਸ਼ਾਸਨ ਨਾਲ ਕਈ ਘੰਟੇ ਜੱਦੋਜਹਿਦ ਹੋਣ ਉਪਰੰਤ ਕਿਸਾਨ ਆਗੂ ਖਾਲੀ ਹੱਥ ਹੀ ਵਾਪਸ ਪਰਤ ਗਏ।

ਜਾਣਕਾਰੀ ਅਨੁਸਾਰ ਮੰਗਲਵਾਰ ਦੁਪਹਿਰੇ ਭਾਰਤੀ ਕਿਸਾਨ ਯੂਨੀਅਨ ਆਜ਼ਾਦ ਦੇ ਆਗੂ ਅਤੇ ਮ੍ਰਿਤਕ ਪ੍ਰੀਤਮ ਸਿੰਘ ਦੇ ਪਰਿਵਾਰਕ ਮੈਂਬਰ ਲਾਸ਼ ਲੈਣ ਲਈ ਰਾਜਿੰਦਰਾ ਹਸਪਤਾਲ ਪੁੱਜੇ ਜਿਥੇ ਉਕਤ ਵਿਅਕਤੀਆਂ ਵੱਲੋਂ ਲਾਸ਼ ਪੋਸਟਮਾਰਟਮ ਕਰਵਾਉਣ ਤੋਂ ਬਿਨਾਂ ਲੈ ਕੇ ਜਾਣ ਬਾਰੇ ਕਿਹਾ ਤਾਂ ਪੁਲਿਸ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪੈ ਗਈ ਅਤੇ ਵੱਡੀ ਗਿਣਤੀ 'ਚ ਪੁਲਿਸ ਫੋਰਸ ਲਗਾ ਕੇ ਹਸਪਤਾਲ ਨੂੰ ਪੁਲਿਸ ਛਾਉਣੀ 'ਚ ਤਬਦੀਲ ਕਰ ਦਿੱਤਾ ਗਿਆ ਅਤੇ ਹਸਪਤਾਲ ਦੇ ਮੇਨ ਗੇਟ ਤੋਂ ਇਲਾਵਾ ਬਾਕੀ ਗੇਟ ਬੰਦ ਕਰ ਦਿੱਤੇ ਗਏ।

ਇਸ ਮੌਕੇ ਪਹੁੰਚੇ ਕਿਸਾਨਾਂ ਦੀ ਪਹਿਲਾਂ ਪੁਲਿਸ ਨਾਲ ਗੱਡੀਆਂ ਹਸਪਤਾਲ ਦੇ ਅੰਦਰ ਲਿਜਾਣ ਨੂੰ ਲੈ ਕੇ ਮੇਨ ਗੇਟ 'ਤੇ ਬਹਿਸਬਾਜ਼ੀ ਹੋਈ ਅਤੇ ਬਾਅਦ 'ਚ ਕਈ ਘੰਟੇ ਲਾਸ਼ ਲਿਜਾਣ ਲਈ ਪੁਲਿਸ ਤੇ ਸਿਵਲ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲਬਾਤ ਹੁੰਦੀ ਰਹੀ। ਕਿਸਾਨ ਆਗੂ ਤੇ ਪਰਿਵਾਰਕ ਮੈਂਬਰ ਇਸ ਗੱਲ 'ਤੇ ਅੜੇ ਹੋਏ ਸਨ ਕਿ ਉਹ ਇਥੇ ਲਾਸ਼ ਦਾ ਪੋਸਟਮਾਰਟਮ ਨਹੀਂ ਕਰਵਾਉਣਗੇ ਸਗੋਂ ਜਥੇਬੰਦੀ ਦੇ ਅਗਲੇ ਫ਼ੈਸਲੇ ਅਨੁਸਾਰ ਹੀ ਸਿਵਲ ਹਸਪਤਾਲ ਸੰਗਰੂਰ ਵਿਖੇ ਪੋਸਟਮਾਰਟਮ ਕਰਵਾਇਆ ਜਾਵੇਗਾ ਜਦੋਂਕਿ ਪੁਲਿਸ ਅਧਿਕਾਰੀ ਉਨ੍ਹਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ ਕਰਦੇ ਰਹੇ ਕਿ ਇਥੇ ਹੀ ਪੋਸਟਮਾਰਟਮ ਹੋ ਸਕਦਾ ਹੈ, ਜਿਸ ਸਬੰਧੀ ਕਈ ਘੰਟੇ ਜੱਦੋਜਹਿਦ ਚੱਲੀ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਆਜ਼ਾਦ ਦੇ ਆਗੂ ਤੀਰਥ ਸਿੰਘ ਮੰਡੇਰ ਕਲਾਂ ਨੇ ਦੱਸਿਆ ਕਿ ਉਹ ਆਪਣੇ ਸਾਥੀ ਪ੍ਰੀਤਮ ਸਿੰਘ ਦੀ ਲਾਸ਼ ਲੈਣ ਲਈ ਆਏ ਸਨ ਪ੍ਰੰਤੂ ਪੁਲਿਸ ਪ੍ਰਸ਼ਾਸਨ ਨੇ ਲਾਸ਼ ਨਾ ਦਿੰਦੇ ਹੋਏ ਸਾਰਾ ਦਿਨ ਲਾਰੇਬਾਜ਼ੀ 'ਚ ਰੱਖਿਆ। ਉਨ੍ਹਾਂ ਦੱਸਿਆ ਕਿ ਜਥੇਬੰਦੀਆਂ ਦੀ ਮੰਗ ਹੈ ਕਿ ਕਿਸਾਨ ਪ੍ਰੀਤਮ ਸਿੰਘ ਦੀ ਲਾਸ਼ ਦਾ ਪੋਸਟਮਾਰਟਮ ਇੱਥੇ ਨਹੀਂ ਕਰਵਾਇਆ ਜਾਵੇਗਾ ਸਗੋਂ ਸਿਵਲ ਹਸਪਤਾਲ ਸੰਗਰੂਰ ਵਿਖੇ ਹੀ ਕਰਵਾਇਆ ਜਾਵੇਗਾ ਪ੍ਰੰਤੂ ਲਾਸ਼ ਨਾ ਦੇਣ 'ਤੇ ਉਹ ਵਾਪਸ ਜਾ ਕੇ ਜਥੇਬੰਦੀ ਦੇ ਅਗਲੇ ਫ਼ੈਸਲੇ ਅਨੁਸਾਰ ਅਗਲਾ ਕਦਮ ਚੁੱਕਣਗੇ। ਇਸ ਮੌਕੇ ਡੀਐੱਸਪੀ ਜਸਵਿੰਦਰ ਸਿੰਘ ਟਿਵਾਣਾ ਨੇ ਦੱਸਿਆ ਕਿ ਮ੍ਰਿਤਕ ਕਿਸਾਨ ਦਾ ਪਰਿਵਾਰ ਤੇ ਜਥੇਬੰਦੀ ਆਗੂ ਬਿਨਾਂ ਪੋਸਟਮਾਰਟਮ ਤੋਂ ਲਾਸ਼ ਲਿਜਾਣਾ ਚਾਹੁੰਦੇ ਸਨ ਪ੍ਰੰਤੂ ਨਿਯਮਾਂ ਅਨੁਸਾਰ ਲਾਸ਼ ਬਿਨਾਂ ਪੋਸਟਮਾਰਟਮ ਕਰਵਾਉਣ ਤੋਂ ਨਹੀਂ ਦਿੱਤੀ ਜਾ ਸਕਦੀ। ਇਸ ਲਈ ਕਿਸਾਨਾਂ ਤੇ ਪਰਿਵਾਰਕ ਮੈਬਰਾਂ ਨੂੰ ਇਸ ਸਬੰਧੀ ਸਮਝਾਇਆ ਗਿਆ ਸੀ। ਇਸ ਮੌਕੇ ਏਆਈਜੀ (ਸੀਆਈਡੀ) ਆਲਮ ਵਿਜੈ ਸਿੰਘ, ਡੀਐੱਸਪੀ ਜਸਵਿੰਦਰ ਸਿੰਘ ਟਿਵਾਣਾ, ਡੀਐੱਸਪੀ ਸੰਜੀਵ ਸਿੰਗਲਾ, ਡੀਐੱਸਪੀ (ਡੀ) ਕ੍ਰਿਸ਼ਨ ਪੈਂਥੇ, ਐੱਸਐੱਚਓ ਇੰਸਪੈਕਟਰ ਹਰਜਿੰਦਰ ਸਿੰਘ ਢਿੱਲੋਂ, ਐੱਸਐੱਚਓ ਗੁਰਪ੍ਰੀਤ ਸਿੰਘ ਗਿੱਲ, ਐੱਸਐੱਚਓ ਜਸਪ੍ਰੀਤ ਸਿੰਘ ਕਾਹਲੋਂ, ਏਐੱਸਆਈ ਜਪਨਾਮ ਸਿੰਘ ਸਮੇਤ ਹੋਰ ਵੀ ਪੁਲਿਸ ਅਧਿਕਾਰੀ ਮੌਜੂਦ ਸਨ।

# ਦਲਿਤ ਮੁਲਾਜ਼ਮ ਅਤੇ ਸਮਾਜਿਕ ਜਥੇਬੰਦੀਆਂ ਦੀ ਜੁਆਇੰਟ ਐਕਸ਼ਨ ਕਮੇਟੀ ਦੀ ਹੰਗਾਮੀ ਜ਼ੂਮ ਮੀਟਿੰਗ ਦੌਰਾਨ ਵੱਖ ਵੱਖ ਮੁੱਦਿਆਂ ਨੂੰ ਲੈ ਕੇ ਹੋਈ ਚਰਚਾ

**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)–** ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਦੀਆਂ 22 ਮੁਲਾਜ਼ਮ ਅਤੇ ਸਮਾਜਿਕ ਜਥੇਬੰਦੀਆਂ ਦੇ ਸੂਬਾਈ ਆਗੂਆਂ ਦੀ ਜੁਆਇੰਟ ਐਕਸ਼ਨ ਕਮੇਟੀ ਦੇ ਕੋਆਰਡੀਨੇਟਰ ਸ਼੍ਰੀ ਜਸਬੀਰ ਸਿੰਘ ਪਾਲ ਦੀ ਪ੍ਰਧਾਨਗੀ ਹੇਠ ਹੋਈ ਜ਼ੂਮ ਮੀਟਿੰਗ ਦੌਰਾਨ ਅਹਿਮ ਫੈਸਲੇ ਲਏ ਗਏ। ਮੀਟਿੰਗ ਦੌਰਾਨ ਸਰਵ ਸ਼੍ਰੀ ਕੁਲਵਿੰਦਰ ਸਿੰਘ ਬੋਦਲ ਬਲਰਾਜ ਕੁਮਾਰ, ਹਰਵਿੰਦਰ ਸਿੰਘ ਮੰਡੇਰ, ਰਾਜ ਸਿੰਘ ਟੋਡਰਵਾਲ, ਬਲਦੇਵ ਭਾਰਤੀ, ਅਮਰਜੀਤ ਖਟਕੜ, ਅਜਾਇਬ ਸਿੰਘ ਬੈਠੋਈ, ਹਰਜਸ ਸਿੰਘ, ਕਰਨੈਲ ਸਿੰਘ ਨੀਲੋਵਾਲ ਅਤੇ ਹਰਮੇਸ਼ ਲਾਲ ਘੇੜਾ ਸਮੇਤ ਕਈ ਹੋਰ ਆਗੂਆਂ ਨੇ ਦੱਸਿਆ ਕਿ ਜੁਆਇੰਟ ਐਕਸ਼ਨ ਕਮੇਟੀ ਵਲੋਂ ਚੇਅਰਮੈਨ ਸ਼੍ਰੀ ਜਸਵੀਰ ਸਿੰਘ ਪਾਲ ਦੀ ਅਗਵਾਈ ਹੇਠ 6 ਦਿਸੰਬਰ ਨੂੰ ਵੱਖ ਵੱਖ ਮੁੱਦਿਆਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਵਜੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੰਗਰੂਰ ਕੋਠੀ ਦਾ ਘਿਰਾਓ ਕੀਤਾ ਗਿਆ ਸੀ। ਰੋਸ ਪ੍ਰਦਰਸ਼ਨ ਕਾਰੀਆਂ ਦੇ ਰੋਹ ਨੂੰ ਦੇਖਦਿਆਂ ਡਿਪਟੀ ਕਮਿਸ਼ਨਰ ਸੰਗਰੂਰ ਵਲੋਂ ਜੱਥੇਬੰਦੀਆਂ ਦੇ ਪੈਨਲ ਨੂੰ 22 ਦਿਸੰਬਰ 2022 ਨੂੰ ਚੰਡੀਗੜ੍ਹ ਵਿਖੇ ਮੁੱਖ ਮੰਤਰੀ ਨਾਲ ਗੱਲਬਾਤ ਲਈ ਲਿਖਤੀ ਤੌਰ ਤੇ ਸਮਾਂ ਦਿੱਤਾ ਗਿਆ। ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਰੁਝੇਵਿਆਂ ਕਾਰਨ ਜੁਆਇੰਟ ਐਕਸ਼ਨ ਕਮੇਟੀ ਅਤੇ ਪੰਜਾਬ ਸਰਕਾਰ ਦੀ ਤਿੰਨ ਕੈਬਨਿਟ ਮੰਤਰੀਆਂ ਦੀ ਸਬ ਕਮੇਟੀ ਵਿਚਕਾਰ ਹੀ ਇਹ ਗੱਲਬਾਤ ਹੋ ਸਕੀ ਸੀ।



ਪੰਜਾਬ ਭਵਨ ਚੰਡੀਗੜ੍ਹ ਵਿਖੇ ਕੈਬਨਿਟ ਸਬ-ਕਮੇਟੀ ਜਿਸ ਵਿੱਚ ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਸ੍ਰੀ ਅਮਨ ਅਰੋੜਾ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਸ.ਕੁਲਦੀਪ ਸਿੰਘ ਧਾਲੀਵਾਲ ਸ਼ਾਮਲ ਸਨ ਨਾਲ ਜੁਆਇੰਟ ਐਕਸ਼ਨ ਕਮੇਟੀ ਦੇ ਨੁਮਾਇੰਦਿਆਂ ਨੇ ਚੇਅਰਮੈਨ ਸ਼੍ਰੀ ਜਸਵੀਰ ਸਿੰਘ ਪਾਲ ਦੀ ਰਹਿਨੁਮਾਈ ਹੇਠ ਪੂਰੇ ਅਨੁਸਾਸ਼ਨ ਵਿੱਚ ਵੱਖ ਵੱਖ ਮੁੱਦਿਆਂ ਬਾਰੇ ਗੰਭੀਰਤਾ ਨਾਲ ਤੱਥਾਂ ਆਧਾਰਿਤ ਵਿਸਥਾਰਪੂਰਵਕ ਚਰਚਾ ਕੀਤੀ ਸੀ। ਜੁਆਇੰਟ ਐਕਸ਼ਨ ਕਮੇਟੀ ਵੱਲੋਂ ਮੰਗ ਪੱਤਰ ਵਿੱਚ ਉਠਾਈਆਂ ਗਈਆਂ 30 ਮੰਗਾਂ ਅਤੇ ਮਸਲਿਆਂ 'ਤੇ ਚਰਚਾ ਕਰਦਿਆਂ ਕੈਬਨਿਟ ਸਬ-ਕਮੇਟੀ ਨੇ ਸਬੰਧਤ ਅਧਿਕਾਰੀਆਂ ਨੂੰ ਹੁਕਮ ਦਿੱਤੇ ਸਨ ਕਿ ਐੱਲ.ਆਰ. ਸ਼ਾਖਾ ਅਤੇ ਸਬੰਧਿਤ ਵਿਭਾਗਾਂ ਨਾਲ ਵਿਚਾਰ -ਵਟਾਂਦਰਾ ਕਰਨ ਤੋਂ ਇਲਾਵਾ ਸਾਰੇ ਕਾਨੂੰਨੀ ਪਹਿਲੂਆਂ ਨੂੰ ਬਾਰੀਕੀ ਨਾਲ ਵਿਚਾਰਨ ਉਪਰੰਤ ਇੱਕ ਮਹੀਨੇ ਦੇ ਅੰਦਰ ਵਿਸਥਾਰਪੂਰਵਕ ਰਿਪੋਰਟ ਪੇਸ਼ ਕੀਤੀ ਜਾਵੇ। ਕੈਬਨਿਟ ਮੰਤਰੀਆਂ ਨੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਜੀ. ਰਮੇਸ਼ ਕੁਮਾਰ ਨੂੰ ਪ੍ਰਸੋਨਲ ਵਿਭਾਗ ਦੇ ਸਕੱਤਰ ਸ੍ਰੀ ਰਜਤ ਅਗਰਵਾਲ ਅਤੇ ਐਲ.ਆਰ. ਸ਼ਾਖਾ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਰਿਪੋਰਟ ਤਿਆਰ ਕਰਨ ਲਈ ਕਿਹਾ ਸੀ ਤਾਂ ਜੋ ਕਿਸੇ ਵੀ ਸਿੱਟੇ 'ਤੇ ਪਹੁੰਚਣ ਤੋਂ ਪਹਿਲਾਂ ਸਾਰੇ ਪਹਿਲੂ ਵਿਚਾਰੇ ਜਾ ਸਕਣ। ਕਮੇਟੀ ਦੇ ਨੁਮਾਇੰਦਿਆਂ ਨੂੰ ਸੂਬਾ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੰਦਿਆਂ ਕੈ-ਬਨਿਟ ਮੰਤਰੀਆਂ ਨੇ ਕਿਹਾ ਗਿਆ ਸੀ ਕਿ ਸਬ-ਕਮੇਟੀ ਦੀ ਅਗਲੀ ਮੀਟਿੰਗ ਵਿੱਚ ਚਰਚਾ ਤੋਂ ਬਾਅਦ ਹੀ ਇਹ ਖਰੜਾ ਰਿਪੋਰਟ ਮੁੱਖ ਮੰਤਰੀ ਪੰਜਾਬ ਨੂੰ ਸੌਂਪੀ ਜਾਵੇਗੀ।

ਵੱਖ ਵੱਖ ਜੱਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਦੀ ਜੁਆਇੰਟ ਐਕਸ਼ਨ ਕਮੇਟੀ ਵਲੋਂ ਪੰਜਾਬ ਸਰਕਾਰ ਪਾਸੋਂ 85ਵੀਂ ਸੰਵਿਧਾਨਕ ਸੋਧ ਜੂਨ 1995 ਤੋਂ ਲਾਗੂ ਕਰਨ,10 ਅਕਤੂਬਰ 2014 ਦਾ ਮੁਲਾਜ਼ਮ ਮਾਰੂ ਗੈਰ ਸੰਵਿਧਾਨਕ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਰੱਦ ਕਰਦਿਆਂ ਇਸ ਪੱਤਰ ਦੇ ਆਧਾਰ ਤੇ ਵੱਖ ਵੱਖ ਵਿਭਾਗਾਂ ਦੇ 36000 ਸੀਨੀਅਰ ਅਧਿਕ-ਾਰੀਆਂ ਅਤੇ ਕਰਮਚਾਰੀਆਂ ਦੀਆਂ ਰਿਵਰਟ ਕੀਤੀਆਂ ਸੀਨੀਅਰਤਾ ਸੂਚੀਆਂ ਬਹਾਲ ਅਤੇ ਇਸ ਪੱਤਰ ਦੇ ਆਧਾਰ ਤੇ ਪੀ. ਈ. ਐੱਸ. ਅਧਿਕਾਰੀ, ਲੈਕਚਰਾਰ, ਹੈੱਡ ਮਾਸਟਰ, ਐੱਚ. ਟੀ., ਸੀ. ਐੱਚ. ਟੀ. ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਪ੍ਰਮੋਟ ਕਰਨ, ਸਮੁੱਚੇ ਵਿਭਾਗਾਂ ਵਿੱਚ ਕਾਡਰਜ ਲਈ ਤਰੱਕੀ ਕੋਟਾ 75% ਕਰਨ, ਸਲਾਨਾ ਬੱਜਟ ਵਿੱਚ ਐੱਸ.ਸੀ./ਬੀ.ਸੀ. ਸ਼੍ਰੇਣੀਆਂ ਦੀ ਆਬਾਦੀ ਅਨੁਸਾਰ ਵੱਖਰੇ ਭਲਾਈ ਫੰਡ ਜਾਰੀ ਕਰਨ, ਭਰਤੀਆਂ ਅਤੇ ਤਰੱਕੀਆਂ ਵਿੱਚ ਐੱਸ. ਸੀ. ਲਈ 40% ਅਤੇ ਬੀ. ਸੀ. ਲਈ 27% ਰਾਖਵਾਂਕਰਨ ਦੇਣ, ਬੈਕਲਾਗ ਪੂਰਾ ਕਰਨ, ਠੇਕਾ ਅਧਾਰਿਤ, ਆਊਟਸੋਰਸ, ਡੇਲੀਵੇਜਿਜ, ਮਨਰੇਗਾ ਕਰਮਚਾਰੀ, ਉਸਾਰੀ ਕਿਰਤੀ ਭਲਾਈ ਬੋਰਡ ਦੇ ਕਰਮਚਾਰੀ, ਮਿਡ ਡੇ ਮੀਲ, ਆਸ਼ਾ ਵਰਕਰ, ਆਂਗਣਵਾੜੀ ਵਰਕਰਾ ਅਤੇ ਹੈਲਪਰ ਅਤੇ ਪੈਰਾ ਮੈਡੀਕਲ ਸਟਾਫ ਨੂੰ ਸਬੰਧਿਤ ਵਿਭਾਗਾਂ ਵਿੱਚ ਰੈਗੂਲਰ ਕਰਨ ਅਤੇ 2002 ਤੋਂ ਸਮੂਹ ਵਿਭਾਗਾਂ ਵਿੱਚ ਲੱਗਭੱਗ 40000 ਫਰੀਜ ਕੀਤੀਆਂ ਪੋਸਟਾਂ ਦੀ ਬਹਾਲੀ ਅਤੇ ਭਰਤੀ ਕਰਨ, ਸਿੱਖਿਆ ਵਿਭਾਗ ਅਤੇ ਖੇਤੀਬਾੜੀ ਵਿਭਾਗ ਵਿੱਚ ਕੀਤੀਆਂ ਜਾ ਰਹੀਆਂ ਬੇਨਿਯਮੀਆਂ ਬੰਦ ਕਰਨ ਦੀ ਤੱਥਾਂ ਅਧਾਰਿਤ ਵਿਸਥਾਰਪੂਰਵਕ ਪੁਰਜੋਰ ਮੰਗ ਕੀਤੀ ਗਈ ਸੀ।

ਕਮੇਟੀ ਵਲੋਂ ਮਨਰੇਗਾ ਤਹਿਤ ਦਿਹਾੜੀ 700/- ਰੁ ਅਤੇ ਰੋਜ਼ਗਾਰ ਸਾਲ ਦੇ 365 ਦਿਨ ਕਰਨ, ਘਰੇਲੂ ਮਜ਼ਦੂਰਾਂ ਲਈ ਭਲਾਈ ਸਕੀਮਾਂ ਬਣਾਉਣ, ਮਨਰੇਗਾ ਨੂੰ ਸ਼ਹਿਰੀ ਖੇਤਰਾਂ ਵਿੱਚ ਵੀ ਲਾਗੂ ਕਰਨ, ਮਜ਼ਦੂਰਾਂ ਦੇ ਸਰਕਾਰੀ ਅਤੇ ਸਹਿਕਾਰੀ ਬੈਂਕਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ, ਡੰਮੀ ਬੋਲੀਆਂ ਬੰਦ ਕਰਕੇ ਕਾਨੂੰਨ ਅਨੁਸਾਰ ਪੰਚਾਇਤੀ ਜਮੀਨਾਂ ਦਾ 1/3 ਹਿੱਸਾ ਦਲਿਤਾਂ ਨੂੰ ਦੇਣ, ਲੈਂਡ ਸੀਲਿੰਗ ਦੀ ਹੱਦਬੰਦੀ ਤੋਂ ਵਾਧੂ ਗੈਰ-ਕਾਨੂੰਨੀ ਜਮੀਨ ਬੇਜ਼ਮੀਨੇ ਕਿਸਾਨਾਂ ਅਤੇ ਮਜ਼ਦੂਰਾਂ ਵਿੱਚ ਵੰਡਣ, ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਡਰਾਪ ਆਊਟ ਹੋਏ ਦਲਿਤ ਵਿਦਿਆਰਥੀਆਂ ਦਾ ਭਵਿੱਖ ਖਰਾਬ ਕਰਨ ਵਾਲੀਆਂ ਸੰਸਥਾਵਾਂ ਅਤੇ ਅਧਿਕਾਰੀਆਂ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕਰਨ, ਚੋਣ ਵਾਅਦਿਆਂ ਮੁਤਾਬਕ ਰੋਜ਼ਗਾਰ ਜਾਂ 3500/- ਰੁ ਮਾਸਿਕ ਬੇਰੁਜ਼ਗਾਰੀ ਭੱਤਾ ਅਤੇ ਔਰਤਾਂ ਨੂੰ 1000/- ਮਾਸਿਕ ਵਿੱਤੀ ਸਹਾਇਤਾ ਦੇਣ, ਬੇਘਰੇ ਲੋਕਾਂ ਲਈ ਪਲਾਟਾਂ ਅਤੇ ਰਿਹਾਇਸ਼ਾਂ ਦਾ ਪ੍ਰਬੰਧ ਕਰਨ ਦੀਆਂ ਮੰਗਾਂ ਨੂੰ ਲੈ ਕੇ ਵੀ ਠੋਸ ਗੱਲਬਾਤ ਹੋਈ ਸੀ। ਜੁਆਇੰਟ ਐਕਸ਼ਨ ਕਮੇਟੀ ਮੈਂਬਰਾਂ ਵਲੋਂ ਇਹ ਵੀ ਕਿਹਾ ਗਿਆ ਸੀ ਕਿ ਉਨ੍ਹਾਂ ਦਾ ਸੰਘਰਸ਼ ਪੂਰੀਆਂ ਮੰਗਾਂ ਮੰਨੇ ਜਾਣ ਤਕ ਜਾਰੀ ਰਹੇਗਾ।

ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਲੰਬਾ ਸਮਾਂ ਪੰਜਾਬ ਸਰਕਾਰ ਵਲੋਂ ਇਨ੍ਹਾਂ ਸਮੁੱਚੀਆਂ ਮੰਗਾਂ ਸਬੰਧੀ ਕੋਈ ਵਿਸਥਾਰਪੂਰਵਕ ਰਿਪੋਰਟ ਜਾਹਰ ਨਾ ਕੀਤੇ ਕੀਤੀ ਗਈ ਅਤੇ ਨਾ ਹੀ ਕੋਈ ਸਕਾਰਾਤਮਕ ਹੁੰਗਾਰਾ ਭਰਿਆ ਗਿਆ। ਪੰਜਾਬ ਸਰਕਾਰ ਦਾ ਬੱਜਟ ਸੈਸ਼ਨ 3 ਮਾਰਚ 2023 ਨੂੰ ਤੋਂ ਸ਼ੁਰੂ ਹੋਇਆ ਅਤੇ 10 ਮਾਰਚ ਨੂੰ ਬੱਜਟ ਪੇਸ਼ ਕੀਤਾ ਗਿਆ ਸੀ ।

ਇਸ ਸ਼ੈਸ਼ਨ ਦੌਰਾਨ ਪੰਜਾਬ ਸਰਕਾਰ ਨੂੰ ਹਲੂਣਾ ਦੇਣ ਲਈ ਜੁਆਇੰਟ ਐਕਸ਼ਨ ਕਮੇਟੀ ਵਲੋਂ ਪੰਜਾਬ ਭਰ ਵਿੱਚ ਜ਼ਿਲ੍ਹਾ ਹੈਡਕੁਆਰਟਰਾਂ ਤੇ 7 ਮਾਰਚ 2023 ਦਿਨ ਮੰਗਲਵਾਰ ਨੂੰ ਧਰਨੇ ਦਿੱਤੇ ਗਏ ਸਨ। ਕਮੇਟੀ ਦੇ ਆਗੂਆਂ ਵਲੋਂ ਲਗਾਤਾਰ ਸੂਬਾ ਸਰਕਾਰ ਦੇ ਮੰਤਰੀਆਂ ਇਨ੍ਹਾਂ ਮੰਗਾਂ ਸਬੰਧੀ ਹਲੂਣਾ ਦਿੱਤਾ ਜਾਂਦਾ ਰਿਹਾ। ਹੁਣ ਪੰਜਾਬ ਸਰਕਾਰ ਵਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਜੁਆਇੰਟ ਐਕਸ਼ਨ ਕਮੇਟੀ ਦੇ 30 ਨੁਕਾਤੀ ਮੰਗ ਪੱਤਰ ਸਬੰਧੀ ਵਿਸਥਾਰ ਰਿਪੋਰਟ ਆ ਗਈ ਹੈ ਅਤੇ ਕਮੇਟੀ ਦੇ 4 ਮੈਂਬਰ 28 ਅਗਸਤ 2023 ਨੂੰ ਕੈਬਨਿਟ ਸਬ-ਕਮੇਟੀ ਨਾਲ ਇਸ ਸਬੰਧੀ ਚਰਚਾ ਕਰ ਸਕਦੇ ਹਨ। ਮੀਟਿੰਗ ਦੌਰਾਨ ਆਗੂਆਂ ਨੇ ਜੋਰ ਦੇ ਕੇ ਕਿਹਾ ਕਿ ਜੇਕਰ ਇਹ ਵਿਸਥਾਰਪੂਰਵਕ ਰਿਪੋਰਟ ਵਿੱਚ ਉਨ੍ਹਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ ਤਾਂ ਪੂਰੀ ਤਾਕਤ ਨਾਲ ਅਗਲਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਸੰਘਰਸ਼ ਵਿੱਚ ਵੱਖ ਵੱਖ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਦੇ ਘਿਰਾਓ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮਾਨ ਦੇ ਘਿਰਾਓ ਦਾ ਪ੍ਰੋਗਰਾਮ ਵੀ ਸ਼ਾਮਲ ਹਨ।

ਇਸ ਸੰਘਰਸ਼ ਦੀ ਰੂਪ ਰੇਖਾ ਤਿਆਰ ਲਈ 2 ਅਕਤੂਬਰ 2023 ਨੂੰ ਸੂਬਾ ਪੱਧਰੀ ਮੀਟਿੰਗ ਬੁਲਾਈ ਗਈ ਹੈ। ਇਸ ਮੀਟਿੰਗ ਵਿੱਚ ਰਿਜਰਵੇਸ਼ਨ ਚੋਰੀ ਦਾ ਮੁੱਦਾ ਵੀ ਸ਼ਾਮਲ ਹੋਵੇਗਾ।

ਇਸ ਮੀਟਿੰਗ ਦੌਰਾਨ ਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਆਰਗੇਨਾਈਜ਼ੇਸ਼ਨ (ਐੱਨ. ਐੱਲ. ਓ.) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਐਵਾਰਡੀ ਨੂੰ ਜੁਆਇੰਟ ਐਕਸ਼ਨ ਕਮੇਟੀ ਦੇ ਮੀਡੀਆ ਇੰਚਾਰਜ ਵਜੋਂ ਸੇਵਾਵਾਂ ਦਿੱਤੀਆਂ ਗਈਆਂ। ਜਾਣਕਾਰੀ ਅਨੁਸਾਰ ਸੂਬੇ ਵਿੱਚ ਹੋਰ ਆਗੂਆਂ ਨੂੰ ਵੀ ਮੀਡੀਆ ਇੰਚਾਰਜਾਂ ਵਜੋਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

# ਡਾਕਟਰੀ ਦੀ ਪੜ੍ਹਾਈ ਛੱਡੀ, ਹੁਣ ਪੈਰਿਸ ਓਲੰਪਿਕ 'ਚ ਜਿੱਤੇਗੀ ਗੋਲਡ

ਚੰਡੀਗੜ੍ਹ- ਜਿਸ ਸ਼ੂਟਿੰਗ ਲਈ ਦੋ ਸਾਲ ਪਹਿਲਾਂ ਸਿਫਤ ਨੇ ਡਾਕਟਰੀ ਦੀ ਪੜ੍ਹਾਈ ਛੱਡੀ ਸੀ, ਉਸੇ ਖੇਡ 'ਚ ਉਹ ੨੦੨੪ ਦੇ ਪੈਰਿਸ ਓਲੰਪਿਕ ਖੇਡਾਂ ਚ ਦੇਸ਼ ਦੀ ਨੁਮਾਇੰਦਗੀ ਕਰੇਗੀ ਤੇ ਨਿਸ਼ਾਨੇ 'ਤੇ ਹੋਵੇਗਾ ਗੋਲਡ। ਬਾਕੂ 'ਚ ਵਰਲਡ ਸ਼ੂਟਿੰਗ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਸ਼ੂਟਰ ਸਿਫਤ ਕੌਰ ਸਮਰਾ ਨੇ ਓਲੰਪਿਕ ਦਾ ਕੋਟਾ ਹਾਸਲ ਕੀਤਾ। ਉਹ ਓਲੰਪਿਕ 'ਚ 50 ਮੀਟਰ ਰਾਈਫਲ ਥ੍ਰੀ ਪੁਜ਼ੀਸ਼ਨ 'ਚ ਦੇਸ਼ ਦੀ ਨੁਮਾਇੰਦਗੀ ਕਰੇਗੀ। ਹਾਲਾਂਕਿ, ਉਹ ਵਿਸ਼ਵ ਨਿਸ਼ਾਨੇਬਾਜ਼ੀ ਚੈਂਪੀਅਨਸ਼ਿਪ 'ਚ ਤਗਮੇ ਤੋਂ ਖੁੰਝ ਗਈ ਤੇ ਪੰਜਵੇਂ ਸਥਾਨ 'ਤੇ ਰਹੀ। ਅੰਤਰਰਾਸ਼ਟਰੀ ਪੱਧਰ 'ਤੇ ਕਈ ਮੁਕਾਬਲਿਆਂ 'ਚ ਆਪਣੇ-ਆਪ ਨੂੰ ਸਾਬਿਤ ਕਰ ਚੁੱਕੀ ਸਿਫਤ ਨੇ ਰਾਓ ਸ਼ੂਟਿੰਗ ਰੇਂਜ, ਸੈਕਟਰ-25, ਪਟਿਆਲਾ, ਚੰਡੀਗੜ੍ਹ ਵਿਖੇ ਖੇਡ ਦੇ ਗੁਰ ਸਿੱਖੇ ਹਨ। ਕੋਚ ਵਿਕਾਸ ਪ੍ਰਸਾਦ ਨੇ ਉਸ ਨੂੰ ਖੇਡ ਦੀਆਂ ਬਾਰੀਕੀਆਂ ਸਿਖਾਈਆਂ।



ਵਿਕਾਸ ਨੇ ਦੱਸਿਆ ਕਿ ਸਿਫਤ ਇਸ ਸਮੇਂ ਪੂਰੀ ਲੈਅ 'ਚ ਹੈ ਅਤੇ ਉਮੀਦ ਹੈ ਕਿ ਉਹ ਓਲੰਪਿਕ 'ਚ ਦੇਸ਼ ਲਈ ਤਮਗਾ ਜ਼ਰੂਰ ਲਿਆਵੇਗੀ। ਵਿਕਾਸ ਨੇ ਦੱਸਿਆ ਕਿ ਸਿਫਤ ਨੇ ਇਸ ਸਾਲ ਚੀਨ ਵਿੱਚ ਹੋਈਆਂ ਵਿਸ਼ਵ ਯੂਨੀਵਰਸਿਟੀ ਖੇਡਾਂ ਵਿੱਚ ਟੀਮ ਅਤੇ ਸਿੰਗਲ ਵਰਗ ਵਿੱਚ ਦੋ ਸੋਨ ਤਗਮੇ ਜਿੱਤੇ ਸਨ। ਇਸੇ ਸਾਲ 23 ਸਤੰਬਰ ਤੋਂ 8 ਅਕਤੂਬਰ ਤਕ ਚੀਨ 'ਚ ਹੋਣ ਵਾਲੀਆਂ ਏਸ਼ੀਆਈ ਖੇਡਾਂ ਲਈ ਭਾਰਤੀ ਟੀਮ 'ਚ ਸਿਫਤ ਦੀ ਚੋਣ ਹੋਈ ਹੈ। ਉੱਥੇ ਵੀ ਉਸ ਤੋਂ ਤਮਗਾ ਜਿੱਤਣ ਦੀ ਉਮੀਦ ਹੈ। ਸਿਫਤ ਮੂਲ ਰੂਪ ਤੋਂ ਪੰਜਾਬ ਦੇ ਫਰੀਦਕੋਟ ਦੀ ਰਹਿਣ ਵਾਲੀ ਹੈ। ਉਸਦੇ ਪਿਤਾ ਪਵਨਦੀਪ ਸਿੰਘ ਕਿਸਾਨ ਹਨ। ਸਿਫਤ ਨੂੰ ਸ਼ੂਟਿੰਗ ਦਾ ਇੰਨਾ ਜਨੂੰਨ ਹੈ ਕਿ ਇਸ ਲਈ ਉਸ ਨੇ ਆਪਣੀ ਮੈਡੀਕਲ ਦੀ ਪੜ੍ਹਾਈ ਵੀ ਛੱਡ ਦਿੱਤੀ। ਉਹ ਫਰੀਦਕੋਟ ਮੈਡੀਕਲ ਕਾਲਜ ਤੋਂ ਡਾਕਟਰੀ ਦੀ ਪੜ੍ਹਾਈ ਕਰ ਰਹੀ ਸੀ।

## ਸਾਡੀ ਸਿਹਤ

# ਸਬਜ਼ੀਆਂ ਦੇ ਜੂਸ ਨਾਲ ਸਿਹਤ ਨੂੰ ਮਿਲਣਗੇ ਕਈ ਲਾਭ



ਅਸੀਂ ਤੁਹਾਨੂੰ ਅੱਜ ਕੁਝ ਸਿਹਤਮੰਦ ਸਬਜ਼ੀਆਂ ਦੇ ਜੂਸ ਬਾਰੇ ਦੱਸਣ ਜਾ ਰਹੇ ਹਾਂ, ਜੋ ਤੁਹਾਡੇ ਲਈ ਫਲਾਂ ਦੇ ਜੂਸ ਨਾਲੋਂ ਜ਼ਿਆਦਾ ਫ਼ਾਇਦੇਮੰਦ ਹੋ ਸਕਦੇ ਹਨ। ਆਓ ਜਾਣਦੇ ਹਾਂ ਗਰਮੀਆਂ 'ਚ ਸਭ ਤੋਂ ਵਧੀਆ ਸਬਜ਼ੀਆਂ ਦੇ ਜੂਸ ਬਾਰੇ- ਖੀਰੇ ਦਾ ਜੂਸ-ਗਰਮੀਆਂ 'ਚ ਖੀਰਾ ਖਾਣਾ ਹਰ ਕੋਈ ਪਸੰਦ ਕਰਦਾ ਹੈ ਤੇ ਇਹ ਬਹੁਤ ਹੀ ਸਿਹਤਮੰਦ ਵੀ ਹੈ ਪਰ ਸਿਰਫ ਖੀਰਾ ਹੀ ਨਹੀਂ, ਸਗੋਂ ਖੀਰੇ ਦਾ ਜੂਸ ਵੀ ਤੁਹਾਡੇ ਲਈ ਸਿਹਤਮੰਦ ਵਿਕਲਪ ਹੋ ਸਕਦਾ ਹੈ। ਰੋਜ਼ਾਨਾ ਖੀਰੇ ਦਾ ਜੂਸ ਪੀਣ ਨਾਲ ਸਰੀਰ ਨੂੰ ਡੀਹਾਈਡ੍ਰੇਸ਼ਨ ਤੋਂ ਬਚਾਇਆ ਜਾਂਦਾ ਹੈ ਤੇ ਨਾਲ ਹੀ ਕਈ ਅਜਿਹੇ ਪੌਸ਼ਟਿਕ ਤੱਤ ਵੀ ਮਿਲਦੇ ਹਨ, ਜੋ ਕਈ ਫਲ ਮੁਹੱਈਆ ਨਹੀਂ ਕਰ ਪਾਉਂਦੇ।

ਲੌਕੀ ਦਾ ਜੂਸ-ਸਿਹਤਮੰਦ ਰਹਿਣ ਲਈ ਲੌਕੀ ਦਾ ਜੂਸ ਬਹੁਤ ਫ਼ਾਇਦੇਮੰਦ ਹੁੰਦਾ ਹੈ। ਲੌਕੀ ਦਾ ਜੂਸ ਭਾਵੇਂ ਫਲਾਂ ਦੇ ਜੂਸ ਜਿੰਨਾ ਸੁਆਦੀ ਨਾ ਹੋਵੇ ਪਰ ਇਹ ਤੁਹਾਡੇ ਸਰੀਰ ਨੂੰ ਸ਼ੂਗਰ ਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਬੀਮਾਰੀਆਂ ਤੋਂ ਦੂਰ ਰੱਖਣ 'ਚ ਮਦਦ ਕਰਦਾ ਹੈ। ਲੌਕੀ ਦੇ ਜੂਸ ਦਾ ਸੇਵਨ ਕਰਨਾ ਬਹੁਤ ਫ਼ਾਇਦੇਮੰਦ ਹੋ ਸਕਦਾ ਹੈ।

ਕਰੇਲੇ ਦਾ ਜੂਸ-ਕਰੇਲੇ ਦਾ ਜੂਸ ਸ਼ੂਗਰ ਦਾ ਦੁਸ਼ਮਣ ਮੰਨਿਆ ਜਾਂਦਾ ਹੈ। ਜਿਨ੍ਹਾਂ ਲੋਕਾਂ ਦਾ ਬਲੱਡ ਸ਼ੂਗਰ ਕੰਟਰੋਲ ਨਹੀਂ ਹੋ ਰਿਹਾ ਹੈ, ਉਨ੍ਹਾਂ ਨੂੰ ਕੁਝ ਹਫ਼ਤਿਆਂ ਤਕ ਰੋਜ਼ਾਨਾ ਕਰੇਲੇ ਦਾ ਜੂਸ ਪੀਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕਰੇਲੇ ਦਾ ਜੂਸ ਪੀਣ ਨਾਲ ਢਿੱਡ ਨਾਲ ਜੁੜੀਆਂ ਕਈ ਹੋਰ ਬੀਮਾਰੀਆਂ ਵੀ ਦੂਰ ਹੁੰਦੀਆਂ ਹਨ। ਤੋਰੀ ਦਾ ਜੂਸ-ਢਿੱਡ ਤੋਂ ਲੈ ਕੇ ਚਮੜੀ ਤੱਕ ਤੋਰੀ ਦੇ ਜੂਸ ਦਾ ਸੇਵਨ ਕਰਨ ਨਾਲ ਕਈ ਸਿਹਤ ਸਮੱਸਿਆਵਾਂ ਦੂਰ ਹੋ ਸਕਦੀਆਂ ਹਨ। ਜ਼ਿਆਦਾਤਰ ਲੋਕ ਤੋਰੀ ਦਾ ਜੂਸ ਪੀਣਾ ਪਸੰਦ ਨਹੀਂ ਕਰਦੇ ਤੇ ਇਸ ਲਈ ਇਸ ਜੂਸ ਨੂੰ ਕਿਸੇ ਵੀ ਫਲਾਂ ਦੇ ਜੂਸ 'ਚ ਮਿਲਾ ਕੇ ਪੀਤਾ ਜਾ ਸਕਦਾ ਹੈ।

ਟਮਾਟਰ ਦਾ ਜੂਸ-ਟਮਾਟਰ ਦਾ ਜੂਸ ਇਕ ਅਜਿਹੀ ਸਬਜ਼ੀ ਦਾ ਜੂਸ ਹੈ, ਜੋ ਸਿਹਤਮੰਦ ਹੋਣ ਦੇ ਨਾਲ-ਨਾਲ ਬਹੁਤ ਸਵਾਦਿਸ਼ਟ ਵੀ ਹੈ। ਟਮਾਟਰ ਦੇ ਜੂਸ 'ਚ ਬਹੁਤ ਸਾਰੇ ਵਿਟਾਮਿਨ ਤੇ ਹੋਰ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਸਰੀਰ ਦੇ ਕਈ ਹਿੱਸਿਆਂ ਨੂੰ ਲਾਭ ਪਹੁੰਚਾਉਂਦੇ ਹਨ। ਟਮਾਟਰ ਦਾ ਜੂਸ ਪੀਣ ਨਾਲ ਚਮੜੀ ਤੰਦਰੁਸਤ ਰਹਿੰਦੀ ਹੈ ਤੇ ਢਿੱਡ ਨਾਲ ਸਬੰਧਤ ਬੀਮਾਰੀਆਂ ਜਿਵੇਂ ਭੁੱਖ ਨਾ ਲੱਗਣਾ, ਕਬਜ਼ ਤੇ ਗੈਸ ਆਦਿ ਵੀ ਦੂਰ ਹੋ ਜਾਂਦੇ ਹਨ।

# ਪੰਜਾਬ ਸਰਕਾਰ ਵੱਲੋਂ ਹਰ ਇੱਕ ਟਿਊਬਵੈੱਲ ਤੇ ਲਗਾਏ ਜਾ ਰਹੇ ਨੇ ਤਿੰਨ ਪੌਦੇ : ਸ੍ਰੀ ਲਾਲ ਚੰਦ ਕਟਾਰੂਚੱਕ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)–** ਪੰਜਾਬ ਸਰਕਾਰ ਵਲੋਂ ਪੰਜਾਬ ਨੂੰ ਹਰਿਆ-ਭਰਿਆ ਬਣਾਉਣ ਲਈ ਹਰੇਕ ਟਿਊਬਵੈਲ ਤੇ ਤਿੰਨ ਪੌਦੇ ਲਗਾਉਣ ਦਾ ਉਪਰਾਲਾ ਕੀਤਾ ਗਿਆ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਵਣ ਵਿਭਾਗ ਵੱਲੋਂ ਪਿੰਡ ਮਾਨ ਸਿੰਘਪੁਰ ਵਿਖੇ ਉਕਤ



ਪ੍ਰੋਗਰਾਮ ਤਹਿਤ ਪੌਦਾ ਲਗਾਉਣ ਉਪਰੰਤ ਕੀਤਾ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਦਿਸਾ ਨਿਰਦੇਸਾਂ ਅਨੁਸਾਰ ਪੰਜਾਬ ਸਰਕਾਰ ਦੇ ਜੰਗਲਾਤ ਵਿਭਾਗ ਵੱਲੋਂ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਲਈ ਹਰੇਕ ਟਿਊਬਵੈਲ ਤੇ ਤਿੰਨ ਪੋਦੇ ਲਗਾਉਂਣ ਦੀ ਮੂਹਿੰਮ ਸੁਰੂ ਕੀਤੀ ਗਈ ਹੈ ਜਿਸ ਦੀ ਜਿਲ੍ਹੇ ਅੰਦਰ ਸੁਰੂਆਤ ਅੱਜ ਪਿੰਡ ਮਾਨਸਿੰਘਪੂਰ ਵਿਖੇ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਾਨੂੰ ਪਿਛਲੇ ਦਿਨ੍ਹਾਂ ਦੋਰਾਨ ਹੋਈ ਭਾਰੀ ਬਾਰਿਸ ਅਤੇ ਹੜ੍ਹਾਂ ਤੋਂ ਇਹ ਸਿੱਖਿਆ ਲੈਣੀ ਚਾਹੀਦੀ ਹੈ ਕਿ ਜਿਆਦਾ ਤੋਂ ਜਿਆਦਾ ਪੋਦੇ ਲਗਾ ਕੇ ਇਸ ਧਰਤ ਨੂੰ ਹਰਿਆ ਭਰਿਆ ਕਰੀਏ। ਉਨ੍ਹਾਂ ਕਿਹਾ ਕਿ ਅੱਜ ਰੁੱਖ ਹਨ ਤਾਂ ਅਸੀਂ ਸੁਰੱਖਿਅਤ ਹਾਂ ਅਗਰ ਰੁੱਖ ਨਾ ਹੋਣਗੇ ਤਾਂ ਮਨੁੱਖੀ ਜੀਵਨ ਵੀ ਖਤਰੇ ਵਿੱਚ ਪੈ ਜਾਵੈਗਾ। ਇਸ ਲਈ ਸਾਨੂੰ ਕੁਦਰਤ ਦੇ ਪ੍ਰਤੀ ਜਾਗਰੂਕ ਰਹਿਣਾ ਚਾਹੀਦਾ ਹੈ ਅਤੇ ਜਿਆਦ ਤੋਂ ਜਿਆਦਾ ਪੋਦੇ ਲਗਾਏ ਚਾਹੀਦੇ ਹਨ।

# ਨਾ ਕੋਚ ਤੇ ਨਾ ਸਰਕਾਰ ਦਾ ਸਾਥ, ਪਰ ਨੀਰਜ ਚਹਿਲ ਨੇ ਬਣਾਇਆ ਵਿਸ਼ਵ ਰਿਕਾਰਡ

**ਲੁਧਿਆਣਾ–** ਸ਼ਹਿਰ ਦਾ ਅਮਰਪੁਰਾ ਇਲਾਕਾ, ਜੋ ਕਿ ਨਸ਼ਿਆਂ ਲਈ ਬਦਨਾਮ ਹੈ, ਪਰ ਇਸੇ ਇਲਾਕੇ ਦੇ 20 ਸਾਲ ਦੇ ਨੌਜਵਾਨ ਨੇ ਪੂਰੇ ਪੰਜਾਬ ਲਈ ਮਿਸਾਲ ਕਾਇਮ ਕੀਤੀ ਹੈ। ਦਿਹਾੜੀਆਂ ਕਰਨ ਦੇ ਬਾਵਜੂਦ ਉਸ ਨੇ ਵਿਸ਼ਵ ਕੀਰਤੀਮਾਨ ਸਥਾਪਿਤ ਕਰ ਦਿੱਤਾ ਹੈ। ਨੀਰਜ ਨੇ ਪਹਿਲਾਂ ਇੰਡੀਆਂ ਬੁੱਕ ਆਫ ਰਿਕਾਰਡ ਵਿੱਚ ਆਪਣਾ ਨਾਂਅ ਦਰਜ ਕਰਵਾਇਆ ਅਤੇ ਹੁਣ ਵਿਸ਼ਵ ਰਿਕਾਰਡ ਬਣਾ ਦਿੱਤਾ ਹੈ। ਉਸ ਨੇ 1 ਮਿੰਟ ਵਿੱਚ, 360 ਡਿਗਰੀ ਘੁੰਮ ਕੇ ਲਾਉਣ ਵਾਲੇ 25 ਡੰਡ (ਪੁਸ਼ਅਪਸ) ਲਾ ਕੇ ਇੰਡੀਆਂ ਬੁੱਕ ਆਫ ਰਿਕਾਰਡ ਵਿੱਚ ਆਪਣਾ ਨਾਂਅ ਦਰਜ ਕਰਵਾਇਆ, ਫਿਰ 1 ਮਿੰਟ ਵਿੱਚ ਹਵਾ ਵਿੱਚ ਉੱਡ ਕੇ ਤਾੜੀ ਮਾਰਨ ਵਾਲੇ 52 ਡੰਡ ਲਾ ਕੇ ਵਿਸ਼ਵ ਕੀਰਤੀਮਾਨ ਸਥਾਪਿਤ ਕਰ ਦਿੱਤਾ ਹੈ।



ਹਾਲਾਂਕਿ, ਜੇਕਰ ਉਹ 25 ਵੀ ਲਾ ਦਿੰਦਾ, ਤਾਂ ਵਿਸ਼ਵ ਰਿਕਾਰਡ ਵਿੱਚ ਨਾਂਅ ਦਰਜ ਹੋ ਜਾਣਾ ਸੀ, ਪਰ ਉਸ ਨੇ 52 ਡੰਡ ਲਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਹੁਣ ਉਹ ਜਲਦ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿੱਚ ਅਪਣਾ ਨਾਂਅ ਦਰਜ ਕਰਵਾਉਣ ਦੀ ਤਿਆਰੀ ਕਰ ਰਿਹਾ ਹੈ। ਲਗਭਗ ਤਿਆਰੀ ਮੁਕੰਮਲ ਹੋ ਗਈ ਹੈ, ਜਲਦ ਹੀ ਇਕ ਹੋਰ ਖਿਤਾਬ ਉਸ ਦੇ ਨਾਂਅ ਹੋ ਜਾਵੇਗਾ।

ਨੀਰਜ ਚਹਿਲ ਇਕ ਬੇਹੱਦ ਗਰੀਬ ਪਰਿਵਾਰ ਤੋਂ ਸਬੰਧ ਰੱਖਦਾ ਹੈ, ਉਸ ਦੇ ਪਿਤਾ ਚੱਪਲਾਂ ਦਾ ਕੰਮ ਕਰਦੇ ਹਨ। ਉਹ ਖੁਦ ਵੀ ਇਹੀ ਕੰਮ ਕਰਦਾ ਹੈ ਅਤੇ ਕਈ ਵਾਰ ਦਿਹਾੜੀ ਵੀ ਲਾਉਣ ਚਲਾ ਜਾਂਦਾ ਹੈ। ਇੱਟਾਂ ਕੁੱਟ ਕੇ ਉਸ ਦੀ ਰੋੜੀ ਬਣਾਉਣ ਦਾ ਕੰਮ ਵੀ ਕਰ ਚੁੱਕਾ ਹੈ, ਪਰ ਉਸ ਦੀ ਮਿਹਨਤ ਲਗਨ ਅਤੇ ਕੁਝ ਕਰਨ ਦੀ ਚਾਹਤ ਕਾਰਨ ਉਸ ਨੇ ਇਹ ਰਿਕਾਰਡ ਬਣਾਏ ਹਨ। ਨੀਰਜ ਦਾ ਇਕ ਭਰਾ ਅਤੇ 4 ਭੈਣਾਂ ਨੇ 1 ਭੈਣ ਵਿਆਹੀ ਹੋਈ ਹੈ, ਜਦਕਿ 3 ਹਾਲੇ ਅਣਵਿਆਹੀਆਂ ਹਨ। ਪਿਤਾ ਬਿਮਾਰ ਰਹਿੰਦੇ ਹਨ। ਉਹ ਜਿੰਨਾ ਵੀ ਕਮਾਉਂਦਾ ਹੈ, ਘਰ ਦਾ ਖ਼ਰਚਾ ਉਸ ਦੇ ਨਾਲ ਹੀ ਚੱਲਦਾ ਹੈ। ਨੀਰਜ ਦਾ ਭਰਾ ਪੜ੍ਹਦਾ ਹੈ, ਪਰ, ਘਰ ਦੀਆਂ ਮਜ਼ਬੂਰੀਆਂ ਕਰਕੇ ਨੀਰਜ ਨੇ ਆਪਣੀ ਪੜਾਈ ਛੱਡ ਦਿੱਤੀ। ਜਦੋਂ ਉਸ ਨੇ ਪੁਸ਼ਅਪਸ ਵਿੱਚ ਪਹਿਲਾ ਰਿਕਾਰਡ ਬਣਾਇਆ, ਤਾਂ ਉਸ ਸਮੇਂ ਉਸ ਦੀ ਉਮਰ ਮਹਿਜ਼ 19 ਸਾਲ ਦੀ ਸੀ।

ਨੀਰਜ ਨੇ ਅੱਜ ਤੱਕ ਕਿਸੇ ਤੋਂ ਕੋਈ ਪ੍ਰੋਫੈਸ਼ਨਲ ਕੋਚਿੰਗ ਨਹੀਂ ਲਈ, ਉਹ ਨਾ ਹੀ ਕਦੇ ਜਿਮ ਗਿਆ, ਨਾ ਉਸ ਨੇ ਕਦੀ ਕੋਈ ਖਾਸ ਖੁਰਾਕ (ਸਪਲੀਮੈਂਟ ਪ੍ਰੋਟੀਨ) ਲਈ ਹੈ। ਉਸ ਨੇ ਸਭ ਤੋਂ ਪਹਿਲਾ ਫਿੱਟਨੈੱਸ ਕਿੰਗ ਕੁੰਵਰ ਦੀ ਵੀਡਿਓ ਸੋਸ਼ਲ ਮੀਡੀਆ ਉੱਤੇ ਵੇਖੀ ਜਿਸ ਨੇ ਡੰਡ ਬੈਠਕਾਂ ਵਿੱਚ ਕਈ ਰਿਕਾਰਡ ਬਣਾਏ ਹਨ, ਫਿਰ ਬੱਸ ਉਸ ਨੂੰ ਵੇਖ ਕੇ ਸਿੱਖਣ ਲੱਗਾ ਅਤੇ ਰਿਕਾਰਡ ਆਪਣੇ ਨਾਂਅ ਦਰਜ ਕਰ ਲਏ। ਨੀਰਜ ਕਦੇ-ਕਦੇ ਕੁੰਵਰ ਨਾਲ ਗੱਲ ਕਰ ਲੈਂਦਾ ਹੈ। ਉਸ ਨੇ ਸੋਸ਼ਲ ਮੀਡੀਆ ਤੋਂ ਹੀ ਆਪਣੀ ਟ੍ਰੇਨਿੰਗ ਲਈ ਹੈ। ਘਰ ਦੀ ਰੋਟੀ, ਸਬਜ਼ੀ ਖਾ ਕੇ ਹੀ ਇਹ ਖਿਤਾਬ ਆਪਣੇ ਨਾਂਅ ਕੀਤੇ ਹਨ।

ਦਰਅਸਲ, ਨੀਰਜ ਸ਼ੁਰੂ ਤੋਂ ਹੀ ਭਾਰਤੀ ਫੌਜ ਵਿੱਚ ਜਾਣ ਦਾ ਚਾਹਵਾਨ ਸੀ। ਉਹ ਕਈ ਵਾਰ ਭਰਤੀ ਵਿੱਚ ਜਾ ਵੀ ਚੁੱਕਾ ਹੈ, ਪਰ ਨੌਕਰੀਆਂ ਘਟ ਅਤੇ ਉਮੀਦਵਾਰ ਜਿਆਦਾ ਹੋਣ ਕਰਕੇ ਉਸ ਦਾ ਕਦੀ ਨੰਬਰ ਨਹੀਂ ਆਇਆ। ਫਿਰ ਵੀ ਉਹ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ। ਹੁਣ ਉਹ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿੱਚ ਆਪਣਾ ਨਾਮ ਦਰਜ ਕਰਵਾਉਣਾ ਚਾਹੁੰਦਾ ਹੈ ਜਿਸ ਸਬੰਧੀ ਉਹ ਲਗਾਤਾਰ ਕੋਸ਼ਿਸ਼ਾਂ ਕਰ ਰਿਹਾ ਹੈ। ਉਸ ਨੇ 125 ਡੰਡ ਲਾਉਣੇ ਹਨ ਅਤੇ 115 ਤੱਕ ਉਹ ਪਹੁੰਚ ਚੁੱਕਾ ਹੈ। ਜਲਦ ਹੀ, ਉਹ ਇਹ ਕੀਰਤੀਮਾਨ ਵੀ ਸਥਾਪਿਤ ਕਰ ਦੇਵੇਗਾ।

ਦਰਅਸਲ, ਨੀਰਜ ਡੇਢ ਸਾਲ ਤੱਕ ਬੈਡ ਉੱਤੇ ਰਿਹਾ ਹੈ, ਜਦੋਂ ਉਸ ਨੇ ਸੋਸ਼ਲ ਮੀਡੀਆ ਤੋਂ ਪ੍ਰਭਾਵਿਤ ਹੋ ਕੇ ਡੰਡ ਮਾਰਨੇ ਸ਼ੁਰੂ ਕੀਤੇ, ਤਾਂ ਲਗਾਤਾਰ ਉਹ 12 ਘੰਟੇ ਪਹਿਲਾਂ ਕੰਮ ਕਰਦਾ ਫਿਰ 6 ਤੋਂ 7 ਘੰਟੇ ਪ੍ਰੈਕਟਿਸ ਕਰਦਾ। ਇਸ ਕਰਕੇ ਉਸ ਨੇ ਨੀਂਦ ਘੱਟ ਲਈ, ਉਸ ਦੀ ਖੁਰਾਕ ਗਰੀਬੀ ਕਰਕੇ ਨਾ ਮਾਤਰ ਸੀ। ਇਸ ਕਾਰਨ ਇੱਕ ਦਿਨ ਉਸ ਦੇ ਮੂੰਹ ਵਿੱਚੋਂ ਖੂਨ ਆਉਣ ਲੱਗ ਗਿਆ। ਪਰਿਵਾਰ ਨੇ ਕਈ ਡਾਕਟਰਾਂ ਨੂੰ ਵਿਖਾਇਆ, ਤਾਂ ਪਤਾ ਲੱਗਾ ਕਿ ਜਿਆਦਾ ਮਿਹਨਤ ਕਰਕੇ ਉਸ ਦੀ ਪੱਸਲੀਆਂ ਵਿੱਚ ਪਾਣੀ ਭਰਨ ਲੱਗ ਗਿਆ ਹੈ। ਡੇਢ ਸਾਲ ਤੱਕ ਉਸ ਦਾ ਇਲਾਜ ਚੱਲਦਾ ਰਿਹਾ। ਇਸ ਦੌਰਾਨ ਉਸ ਨੇ ਕੋਈ ਪ੍ਰੈਕਟਿਸ ਨਹੀਂ ਕੀਤੀ। ਪਰ, ਇਸ ਬਿਮਾਰੀ ਨੇ ਹੌਂਸਲਾ ਨਹੀਂ ਢਾਹੁਣ ਦਿੱਤਾ, ਸਗੋਂ ਦੁਗਣਾ ਤਕੜਾ ਹੋ ਕੇ ਨੀਰਜ ਫਿਰ ਉੱਠਿਆ ਅਤੇ ਦੋ ਰਿਕਾਰਡ ਬਣਾ ਕੇ ਨੌਜਵਾਨਾਂ ਲਈ ਮਿਸਾਲ ਕਾਇਮ ਕਰ ਦਿੱਤੀ।

ਨੀਰਜ ਨੇ ਕਿਹਾ ਕਿ ਉਹ ਲੋਕਾਂ ਨੂੰ ਵਿਖਾਉਣਾ ਚਾਹੁੰਦਾ ਹੈ ਕਿ ਪੰਜਾਬ ਸਿਰਫ ਨਸ਼ੇੜੀਆਂ ਕਰਕੇ ਹੀ ਨਹੀਂ ਜਾਣਿਆ ਜਾਂਦਾ, ਸਗੋਂ ਪੰਜਾਬ ਦੇ ਨੌਜਵਾਨ ਖੇਡਾਂ ਵਿੱਚ ਵੀ ਅੱਗੇ ਹਨ। ਨਵੇਂ-ਨਵੇਂ ਕੀਰਤੀਮਾਨ ਬਣਾ ਰਹੇ ਹਨ। ਨੀਰਜ ਅਤੇ ਉਸ ਦੀ ਮਾਂ ਕਿਰਨ ਨੇ ਅਪੀਲ ਕੀਤੀ ਕਿ ਸਰਕਾਰ ਉਨ੍ਹਾਂ ਦੀ ਮਦਦ ਕਰੇ। ਨੀਰਜ ਦੀ ਮਾਂ ਕਿਰਨ ਦਾ ਕਹਿਣਾ ਹੈ ਕਿ ਸਾਨੂੰ ਮੀਡੀਆ ਤੋਂ ਹੀ ਉਮੀਦ ਹੈ, ਕਿ ਸਾਡੀ ਗੱਲ ਉੱਪਰ ਤੱਕ ਪਹੁੰਚੇਗੀ, ਜਦੋਂ ਉਹ ਰਿਕਾਰਡ ਬਣਾ ਕੇ ਆਇਆ ਸੀ, ਤਾਂ ਇਲਾਕੇ ਦੇ ਕਿਸੇ ਕੌਂਸਲਰ ਜਾਂ ਕਿਸੇ ਐਮਐਲਏ ਨੇ ਸਾਡੇ ਤੱਕ ਪਹੁੰਚ ਨਹੀਂ ਕੀਤੀ। ਇਸ ਕਰਕੇ ਮਨ ਬਹੁਤ ਨਿਰਾਸ਼ ਵੀ ਹੋਇਆ, ਪਰ ਉਮੀਦ ਜ਼ਰੂਰ ਹੈ ਕਿ ਇੱਕ ਨਾ ਇੱਕ ਦਿਨ ਉਨ੍ਹਾਂ ਦੇ ਬੇਟੇ ਨੂੰ ਕਾਮਯਾਬੀ ਜ਼ਰੂਰ ਮਿਲੇਗੀ।

# ਪਾਕਿ ਸਰਕਾਰ ਦੋ ਸਿੱਖਾਂ ਨੂੰ ਕੌਮੀ ਸਨਮਾਨ ਨਾਲ ਕਰੇਗੀ ਸਨਮਾਨਿਤ

**ਅੰਮ੍ਰਿਤਸਰ–** ਪਾਕਿਸਤਾਨ ਵਿਚ ਸਿੱਖਾਂ ਦੀ ਗਿਣਤੀ ਬਹੁਤ ਘੱਟ ਹੈ। ਖ਼ਬਰ ਮੁਤਾਬਕ ਪਾਕਿਸਤਾਨ ਸਰਕਾਰ ਉੱਥੇ ਵਸਦੇ ਸਿੱਖ ਭਾਈਚਾਰੇ ਵਿਚ ਦੋ ਸਿੱਖਾਂ ਨੂੰ ਆਪਣੇ ਕੌਮੀ ਸਨਮਾਨ ਦੇ ਕੇ ਸਨਮਾਨਿਤ ਕਰਨ ਜਾ ਰਹੀ ਹੈ। ਸਰਕਾਰ ਵਲੋਂ ਸ੍ਰੀ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੇ ਐਮਬੈਸਡਰ ਅਤੇ ਐੱਮ. ਐੱਨ. ਏ. ਰਮੇਸ਼ ਸਿੰਘ ਅਰੋੜਾ



ਸਿਤਾਰਾ ਏ ਇਮਤਿਆਜ ਅਤੇ ਪਾਕਿਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਡਾ. ਮੀਮਪਾਲ ਸਿੰਘ ਤਮਗਾ ਏ ਇਮਤਿਆਜ ਨੂੰ ਸਨਮਾਨਿਤ ਕਰਨ ਦਾ ਫ਼ੈਸਲਾ ਲਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਿਤਾਰਾ ਏ ਇਮਤਿਆਜ ਹਾਸਲ ਕਰਨ ਵਾਲੇ ਰਮੇਸ਼ ਸਿੰਘ ਅਰੋੜਾ ਪਾਕਿਸਤਾਨ ਦੇ ਪਹਿਲੇ ਸਿੱਖ ਹਨ। ਤਮਗਾ ਏ ਇਮਤਿਆਜ ਹਾਸਲ ਕਰਨ ਵਾਲੇ ਡਾਕਟਰ ਮੀਮਪਾਲ ਸਿੰਘ ਦੂਜੇ ਸਿੱਖ ਹਨ। ਇਸ ਤੋਂ ਪਹਿਲਾਂ ਇਹ ਸਨਮਾਨ ਪਾਕਿਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪਹਿਲੇ ਪ੍ਰਧਾਨ ਬਾਬਾ ਸ਼ਾਮ ਸਿੰਘ ਨੂੰ ਦਿੱਤਾ ਗਿਆ ਸੀ। 'ਜਗਬਾਣੀ' ਨਾਲ ਗੱਲ ਕਰਦਿਆਂ ਰਮੇਸ਼ ਸਿੰਘ ਅਰੋੜਾ ਨੇ ਦੱਸਿਆ ਕਿ ਇਹ ਸਨਮਾਨ 23 ਮਾਰਚ ਨੂੰ ਇਕ ਸਰਕਾਰੀ ਸਮਾਗਮ ਦੌਰਾਨ ਦਿੱਤਾ ਜਾਵੇਗਾ। ਡਾਕਟਰ ਮੀਮਪਾਲ ਸਿੰਘ ਪਾਕਿਸਤਾਨ ਦੇ ਪਹਿਲੇ ਸਿੱਖ ਡਾਕਟਰ ਹਨ ਤੇ ਉਨ੍ਹਾਂ ਨੂੰ ਬੱਚਿਆਂ ਦੇ ਇਲਾਜ ਵਿਚ ਮੁਹਾਰਤ ਹਾਸਲ ਹੈ।

ਰਮੇਸ਼ ਸਿੰਘ ਅਰੋੜਾ ਤੇ ਡਾਕਟਰ ਮੀਮਪਾਲ ਸਿੰਘ ਨੂੰ ਇਹ ਸਨਮਾਨ ਮਿਲਣ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਦੁਨੀਆ ਭਰ ਵਿਚ ਸਿੱਖ ਜਿੱਥੇ ਵੀ ਵਸਦਾ ਹੈ, ਉਹ ਆਪਣੀ ਮਿਹਨਤ ਨਾਲ ਆਪਣਾ ਵਖਰਾ ਮੁਕਾਮ ਹਾਸਲ ਕਰਦਾ ਹੈ। ਉਨ੍ਹਾਂ ਦੋਹਾਂ ਆਗੂਆਂ ਨੂੰ ਵਧਾਈ ਦਿੰਦੇ ਕਿਹਾ ਕਿ ਇਸ ਨਾਲ ਬਾਕੀ ਸਿੱਖਾਂ ਦੇ ਮਨ ਵਿਚ ਵੀ ਉਤਸ਼ਾਹ ਪੈਦਾ ਹੋਵੇਗਾ। ਉਨ੍ਹਾਂ ਕਿਹਾ ਕਿ ਬੇਸ਼ਕ ਪਾਕਿਸਤਾਨ ਵਿਚ ਸਿੱਖਾਂ ਦੀ ਗਿਣਤੀ ਬਹੁਤ ਘੱਟ ਹੈ। ਇਸ ਦੇ ਬਾਵਜੂਦ ਇਨਾਂ ਸਿੱਖ ਵੀਰਾਂ ਦਾ ਸਨਮਾਨ ਪਾਕਿਸਤਾਨ ਸਰਕਾਰ ਦਾ ਇਤਿਹਾਸਕ ਫ਼ੈਸਲਾ ਹੈ।

# ਹੁਣ ਜਰਮਨੀ 'ਚ 'ਭੰਗ' ਘਰ 'ਚ ਉਗਾ ਸਕਣਗੇ ਲੋਕ, ਬਿੱਲ ਪਾਸ

**ਬਰਲਿਨ–** ਜਰਮਨੀ 'ਚ ਭੰਗ ਦੀ ਕਾਲਾਬਾਜ਼ਾਰੀ ਰੋਕਣ ਨੂੰ ਲੈਕੇ ਵਿਸ਼ੇਸ਼ ਖ਼ਬਰ ਸਾਹਮਣੇ ਆਈ ਹੈ। ਜਰਮਨੀ ਦੀ ਕੈਬਨਿਟ ਨੇ ਬੁੱਧਵਾਰ ਨੂੰ ਮਾਰਿਜੁਆਨਾ ਮਤਲਬ ਭੰਗ ਦੀ ਵਰਤੋਂ ਅਤੇ ਖੇਤੀ ਨੂੰ ਕਾਨੂੰਨੀ ਬਣਾਉਣ ਲਈ ਇੱਕ ਵਿਵਾਦਪੂਰਨ ਬਿੱਲ ਪਾਸ ਕੀਤਾ। ਇਸ ਬਿੱਲ ਦਾ ਉਦੇਸ਼ ਭੰਗ ਦੀ ਕਾਲਾਬਾਜ਼ਾਰੀ ਨੂੰ ਰੋਕਣਾ ਹੈ ਤਾਂ ਜੋ ਹਾਨੀਕਾਰਕ ਪਦਾਰਥਾਂ ਦੀ ਵਰਤੋਂ ਨੂੰ ਰੋਕਿਆ ਜਾ ਸਕੇ ਅਤੇ ਇਸ ਦੇ ਗਾਹਕਾਂ ਦੀ ਗਿਣਤੀ ਵੀ ਘਟਾਈ ਜਾ ਸਕੇ। ਇਸ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਬਾਲਗ ਇੱਕ ਨਿਸ਼ਚਿਤ ਜਗ੍ਹਾ ਤੋਂ 25 ਗ੍ਰਾਮ ਜਾਂ ਪ੍ਰਤੀ ਮਹੀਨਾ 50 ਗ੍ਰਾਮ ਤੱਕ ਭੰਗ ਲੈ ਸਕਦੇ ਹਨ। ਇੰਨਾ ਹੀ ਨਹੀਂ ਨਵੇਂ ਕਾਨੂੰਨ ਮੁਤਾਬਕ ਲੋਕ ਆਪਣੇ ਘਰਾਂ 'ਚ ਵੱਧ ਤੋਂ ਵੱਧ ਤਿੰਨ ਪੌਦੇ ਲਗਾ ਸਕਣਗੇ।



ਜਰਮਨੀ ਵਿੱਚ ਚਾਂਸਲਰ ਓਲਾਫ ਸ਼ੋਲਟਜ਼ ਦੀ ਕੇਂਦਰ-ਖੱਬੇ ਪੱਖੀ ਸਰਕਾਰ ਨੂੰ ਉਮੀਦ ਹੈ ਕਿ ਨਵਾਂ ਕਾਨੂੰਨ ਭੰਗ ਦੇ ਕਾਲੇ ਬਾਜ਼ਾਰ ਨੂੰ ਨੱਥ ਪਾਵੇਗਾ ਅਤੇ ਖਪਤਕਾਰਾਂ ਨੂੰ ਦਾਗੀ ਮਾਰਿਜੁਆਨਾ ਤੋਂ ਬਚਾਏਗਾ। ਇੰਨਾ ਹੀ ਨਹੀਂ, ਇਸ ਨਾਲ ਨਿਆਂ ਪ੍ਰਣਾਲੀ ਲਈ ਕੰਮ ਦਾ ਬੋਝ ਵੀ ਘਟੇਗਾ। ਹਾਲਾਂਕਿ ਸਰਕਾਰ ਦੇ ਇਸ ਕਾਨੂੰਨ ਨੂੰ ਲੈ ਕੇ ਦੇਸ਼ 'ਚ ਵਿਰੋਧ ਪ੍ਰਦਰਸ਼ਨ ਤੇਜ਼ ਹੋ ਗਏ ਹਨ। ਸੱਜੇ-ਪੱਖੀ ਪਾਰਟੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਭੰਗ ਦੀ ਵਰਤੋਂ ਨੂੰ ਵਧਾਵਾ ਦੇਵੇਗਾ।

ਜੱਜਾਂ ਦੀ ਨੁਮਾਇੰਦਗੀ ਕਰਨ ਵਾਲੀ ਇੱਕ ਐਸੋਸੀਏਸ਼ਨ ਨੇ ਵੀ ਸਹਿਮਤੀ ਜਤਾਉਂਦੇ ਹੋਏ ਕਿਹਾ ਕਿ ਸਰਕਾਰ ਦੀ ਯੋਜਨਾ ਨਿਆਂ ਪ੍ਰਣਾਲੀ 'ਤੇ ਬੋਝ ਘਟਾਉਣ ਦੀ ਬਜਾਏ ਵਧਣ ਦੀ ਸੰਭਾਵਨਾ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਸਰਕਾਰ ਵੱਲੋਂ ਭੰਗ ਨੂੰ ਕਾਨੂੰਨੀ ਮਾਨਤਾ ਦੇਣ ਤੋਂ ਬਾਅਦ ਇਹ ਕਈ ਲੋਕਾਂ ਤੱਕ ਪਹੁੰਚ ਜਾਵੇਗੀ। ਜਿਵੇਂ-ਜਿਵੇਂ ਲੋਕ ਇਸ ਦੀ ਆਦਤ ਪਾਉਣਗੇ, ਇਸਦੀ ਖਪਤ ਵਧੇਗੀ, ਜਿਸ ਨਾਲ ਕਾਲੇ ਬਾਜ਼ਾਰ ਵਿੱਚ ਭੰਗ ਦੀ ਮੰਗ ਹੋਰ ਵੱਧ ਸਕਦੀ ਹੈ। ਜੇ ਬਿੱਲ ਸੰਸਦ ਵਿਚ ਪਾਸ ਹੋ ਜਾਂਦਾ ਹੈ, ਤਾਂ ਜਰਮਨੀ ਯੂਰਪ ਵਿੱਚ ਸਭ ਤੋਂ ਵੱਧ ਉਦਾਰ ਭੰਗ ਕਾਨੂੰਨਾਂ ਵਾਲੇ ਦੇਸ਼ਾਂ ਵਿੱਚੋਂ ਇੱਕ ਬਣ ਜਾਵੇਗਾ। ਨੀਦਰਲੈਂਡ ਲੰਬੇ ਸਮੇਂ ਤੋਂ ਕੈਨਾਬਿਸ ਪੀਣਾ ਚਾਹੁਣ ਵਾਲੇ ਸੈਲਾਨੀਆਂ ਲਈ ਆਕਰਸ਼ਣ ਦਾ ਕੇਂਦਰ ਰਿਹਾ ਹੈ। ਇਸ ਤੋਂ ਪਹਿਲਾਂ ਯੂਰਪੀ ਦੇਸ਼ ਡੈਨਮਾਰਕ ਨੇ ਵੀ ਭੰਗ ਨੂੰ ਕਾਨੂੰਨੀ ਮਾਨਤਾ ਦੇਣ ਦਾ ਪ੍ਰਸਤਾਵ ਰੱਖਿਆ ਸੀ ਪਰ ਸੰਸਦ ਨੇ ਇਸ ਨੂੰ ਰੱਦ ਕਰ ਦਿੱਤਾ ਸੀ।

ਉੱਧਰ ਸੰਯੁਕਤ ਰਾਸ਼ਟਰ ਦੇ ਡਰੱਗ ਵਾਚਡੌਗ ਨੇ ਮਾਰਚ ਵਿੱਚ ਅਜਿਹਾ ਹੀ ਬਿਆਨ ਦਿੱਤਾ ਸੀ ਕਿ ਸਰਕਾਰਾਂ ਦੁਆਰਾ ਭੰਗ ਦੀ ਵਰਤੋਂ ਨੂੰ ਕਾਨੂੰਨੀ ਬਣਾਉਣ ਦੀਆਂ ਚਾਲਾਂ ਨੇ ਇਸਦੀ ਖਪਤ ਅਤੇ ਭੰਗ ਨਾਲ ਸਬੰਧਤ ਸਿਹਤ ਸਮੱਸਿਆਵਾਂ ਵਿੱਚ ਵਾਧਾ ਕੀਤਾ ਹੈ।

# ਜਹਾਜ਼ 'ਚ 271 ਯਾਤਰੀ ਲਿਜਾ ਰਹੇ ਪਾਇਲਟ ਦੀ ਦਿਲ ਦੇ ਦੌਰੇ ਕਾਰਨ ਮੌਤ

**ਨਿਊਯਾਰਕ–** ਨਿਊਜ਼ ਵੈੱਬਸਾਈਟ 'ਦਿ ਸਨ' ਦੀ ਰਿਪੋਰਟ ਮੁਤਾਬਕ ਮਿਆਮੀ ਤੋਂ ਚਿਲੀ ਦੀ ਰਾਜਧਾਨੀ ਸੈਂਟੀਆਗੋ ਜਾ ਰਹੀ ਇੱਕ ਫਲਾਈਟ ਦੇ ਪਾਇਲਟ ਦੀ ਬਾਥਰੂਮ ਵਿੱਚ ਮੌਤ ਹੋਣ ਕਾਰਨ ਫਲਾਈਟ ਦੀ ਰਾਤ ਨੂੰ ਪਨਾਮਾ 'ਚ ਐਮਰਜੈਂਸੀ ਲੈਂਡਿੰਗ ਕਰਵਾਉਣੀ ਪਈ। ਫਲਾਈਟ 'ਚ 271 ਯਾਤਰੀ ਸਵਾਰ ਸਨ। ਪਾਇਲਟ ਦੀ ਪਛਾਣ ਕੈਪਟਨ ਇਵਾਨ ਐਂਡੋਰ ਵਜੋਂ ਹੋਈ ਹੈ, ਜਿਨ੍ਹਾਂ ਦੀ ਉਮਰ 56 ਸਾਲ ਸੀ। ਐਂਡੋਰ ਲੈਟਮ ਏਅਰਲਾਈਨ ਦੀ ਉਡਾਣ ਭਰ ਰਹੇ ਸਨ, ਇਸ ਦੌਰਾਨ ਉਨ੍ਹਾਂ ਨੂੰ ਛਾਤੀ ਵਿੱਚ ਦਰਦ ਹੋਣ ਲੱਗਾ। ਇਵਾਨ ਜਹਾਜ਼ ਨੂੰ ਆਪਣੇ ਸਾਥੀ ਕੋ-ਪਾਇਲਟ ਨੂੰ ਸਪੁਰਦ ਕਰਕੇ ਬਾਥਰੂਮ ਚਲੇ ਗਏ ਪਰ ਬਾਥਰੂਮ ਵਿੱਚ ਅਚਾਨਕ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ ਅਤੇ ਉਹ ਉੱਥੇ ਹੀ ਡਿੱਗ ਪਏ। ਪਾਇਲਟ ਨੂੰ ਇਸ ਹਾਲਤ 'ਚ ਦੇਖ ਕੇ ਏਅਰਲਾਈਨਜ਼ ਦੇ ਕਰੂ ਮੈਂਬਰ ਨੇ ਉਨ੍ਹਾਂ ਦਾ ਇਲਾਜ ਕਰਨ ਦੀ ਕੋਸ਼ਿਸ਼ ਕੀਤੀ ਪਰ ਇਹ ਕਾਫੀ ਨਹੀਂ ਸੀ, ਜਿਸ ਮਗਰੋਂ ਕੋ-ਪਾਇਲਟ ਦੀ ਮਦਦ ਨਾਲ ਫਲਾਈਟ ਦੀ ਪਨਾਮਾ ਸਿਟੀ ਦੇ ਟੋਕੁਮੇਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਐਮਰਜੈਂਸੀ ਲੈਂਡਿੰਗ ਕਰਵਾਈ ਗਈ। ਲੈਂਡਿੰਗ ਤੋਂ ਬਾਅਦ ਉਨ੍ਹਾਂ ਨੂੰ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ ਪਰ ਉਦੋਂ ਤੱਕ ਪਾਇਲਟ ਇਵਾਨ ਐਂਡੋਰ ਦੀ ਮੌਤ ਹੋ ਚੁੱਕੀ ਸੀ।



ਲੈਟਮ ਏਅਰਲਾਈਨ ਗਰੁੱਪ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਮਿਆਮੀ ਤੋਂ ਸੈਂਟੀਆਗੋ ਜਾਣ ਵਾਲੀ ਫਲਾਈਟ ਐੱਲਏ 505 ਨੂੰ ਸਿਹਤ ਐਮਰਜੈਂਸੀ ਕਾਰਨ ਪਨਾਮਾ ਸਿਟੀ ਦੇ ਟੋਕੁਮੇਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਲੈਂਡ ਕਰਨਾ ਪਿਆ। ਏਅਰਲਾਈਨ ਨੇ ਪਾਇਲਟ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਅਤੇ ਕਿਹਾ, ਅਸੀਂ ਉਨ੍ਹਾਂ ਦੇ 25 ਸਾਲਾਂ ਦੇ ਕਰੀਅਰ ਅਤੇ ਮਹੱਤਵਪੂਰਨ ਯੋਗਦਾਨ ਲਈ ਧੰਨਵਾਦੀ ਹਾਂ। ਉਡਾਣ ਦੌਰਾਨ ਪਾਇਲਟ ਦੀ ਸੁਰੱਖਿਆ ਲਈ ਸਾਰੇ ਜ਼ਰੂਰੀ ਪ੍ਰੋਟੋਕੋਲ ਦੀ ਪਾਲਣਾ ਵੀ ਕੀਤੀ ਗਈ ਸੀ। ਅਫ਼ਸੋਸ ਦੀ ਗੱਲ ਹੈ ਕਿ ਲੈਂਡਿੰਗ ਦੇ ਤੁਰੰਤ ਬਾਅਦ ਡਾਕਟਰੀ ਸਹਾਇਤਾ ਦੇ ਬਾਵਜੂਦ, ਇਵਾਨ ਐਂਡੋਰ ਨੂੰ ਬਚਾਇਆ ਨਹੀਂ ਜਾ ਸਕਿਆ। ਇਵਾਨ 25 ਸਾਲਾਂ ਤੋਂ ਪਾਇਲਟ ਵਜੋਂ ਸੇਵਾਵਾਂ ਦੇ ਰਹੇ ਸਨ।


"ਦੇਸ਼ ਦੁਆਬਾ"

ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920, (ਫੈਕਸ) 1-916-238-1393

www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

### ਪ੍ਰਭੂ ਦਾ ਘਰ

# ਯੂਬਾ ਸਿਟੀ ਵਿੱਚ ਫੈਦਰ ਰਿਵਰ ਟੈਂਪਲ

## ਕਿਵੇਂ ਪ੍ਰਮਾਤਮਾ ਆਪਣੇ ਬੱਚਿਆਂ ਨੂੰ ਅੰਦਰੋਂ ਬਾਹਰੋਂ ਬਦਲਦਾ ਹੈ

ਯੂਬਾ ਸਿਟੀ (ਕੈਲੀਫੋਰਨੀਆ) ਵਿੱਚ ਫੈਦਰ ਰਿਵਰ ਟੈਂਪਲ



ਪਵਿੱਤਰ ਟੈਂਪਲਸ ਦੀਆਂ ਕੰਧਾਂ ਦੇ ਅੰਦਰ, ਯਿਸੂ ਮਸੀਹ ਦੇ ਗਿਰਜਾ ਘਰ ਦੇ ਲੈਟਰ-ਡੇ ਸੇਂਟਸ ਦੇ ਮੈਂਬਰ ਇੱਕ ਕਾਨਾਫੂਸੀ ਤੋਂ ਵੱਧ ਕੁਝ ਨਹੀਂ ਬੋਲਦੇ। ਇਹ ਸ਼ਰਧਾ ਦਾ ਸਥਾਨ ਹੈ, ਪਵਿੱਤਰਤਾ ਦੀ ਜਗ੍ਹਾ, ਸ਼ੁੱਧਤਾ ਦੀ ਇੱਕ ਜਗ੍ਹਾ। ਜੋ ਕੋਈ ਵੀ ਪ੍ਰਵੇਸ਼ ਕਰਦਾ ਹੈ ਉਹ ਪਰਮਾਤਮਾ ਦੇ ਪਿਆਰ ਨੂੰ ਮਹਿਸੂਸ ਕਰੇਗਾ। ਪਰਮੇਸ਼ੁਰ ਨੇ ਹਮੇਸ਼ਾ ਆਪਣੇ ਬੱਚਿਆਂ ਨੂੰ ਮੰਦਰ ਬਣਾਉਣ ਦਾ ਹੁਕਮ ਦਿੱਤਾ ਹੈ। ਇਹ ਉਹ ਚੀਜ਼ ਹੈ ਜੋ ਪੁਰਾਣੇ ਟੇਸਟਾਮੈਂਟ ਦੇ ਸਮੇਂ ਤੋਂ ਆਈ ਹੈ। ਯੂਬਾ ਸਿਟੀ, ਕੈਲੀਫੋਰਨੀਆ ਵਿਚ ਫੈਦਰ ਰਿਵਰ ਟੈਂਪਲ, ਇਸ ਹੁਕਮ ਦੀ ਪੂਰਤੀ ਹੈ।

### ਤੰਬੜ ਪਰਿਵਾਰ

ਜਿਸ ਜ਼ਮੀਨ 'ਤੇ ਟੈਂਪਲ ਬਣਾਇਆ ਗਿਆ ਹੈ, ਉਸ ਦਾ ਵਿਸ਼ੇਸ਼ ਇਤਿਹਾਸ ਹੈ, ਜਿਸ ਨੇ ਸਿੱਖਾਂ ਅਤੇ ਯਿਸੂ ਮਸੀਹ ਦੇ ਗਿਰਜਾ ਘਰ ਦੇ ਲੈਟਰ-ਡੇ ਸੇਂਟਸ ਦੇ ਮੈਂਬਰਾਂ ਵਿਚਕਾਰ ਬਹੁਤ ਵਧੀਆ ਦੋਸਤੀ ਲਿਆਂਦੀ ਹੈ। 50 ਸਾਲ ਪਹਿਲਾਂ, ਗਿਰਜਾ ਘਰ ਦੇ ਇੱਕ ਨੁਮਾਇੰਦੇ ਨੇ ਮੇਹਰ ਤੰਬੜ, ਇੱਕ ਸ਼ਰਧਾਲੂ ਸਿੱਖ, ਕੋਲ ਪਹੁੰਚ ਕੀਤੀ, ਅਤੇ ਪੁੱਛਿਆ ਕਿ ਕੀ ਉਹ ਉਸ ਜ਼ਮੀਨ ਨੂੰ ਵੇਚਣ ਲਈ ਤਿਆਰ ਹੈ ਜੋ ਉਹ ਆਪਣੇ ਸੁੰਦਰ ਆੜੂ ਦੇ ਬਾਗ ਲਈ ਵਰਤ ਰਿਹਾ ਸੀ। ਹਾਲਾਂਕਿ ਉਸਨੇ ਵੇਚਣ ਦੀ ਯੋਜਨਾ ਨਹੀਂ ਬਣਾਈ ਸੀ, ਉਸਨੇ ਮਹਿਸੂਸ ਕੀਤਾ ਕਿ ਇਹ ਸਮਾਜ ਨੂੰ ਬਰਕਤ ਦੇਵੇਗਾ ਅਤੇ ਪਰਮੇਸ਼ੁਰ ਦੇ ਉਦੇਸ਼ਾਂ ਨੂੰ ਅੱਗੇ ਵਧਾਏਗਾ। ਜ਼ਮੀਨ ਦੀ ਵਰਤੋਂ ਪਹਿਲਾਂ ਇੱਕ ਗਿਰਜਾ ਘਰ ਦੀ ਇਮਾਰਤ ਬਣਾਉਣ ਲਈ ਕੀਤੀ ਗਈ ਸੀ ਜੋ ਇੱਕੋ ਸਮੇਂ ਕਈ ਕੌਂਗਰੀਗੇਸ਼ਨਸ ਰੱਖ ਸਕਦੀ ਸੀ। ਇਸ ਇਮਾਰਤ ਨੂੰ ਢਾਹ ਦਿੱਤਾ ਗਿਆ ਸੀ ਅਤੇ ਜ਼ਮੀਨ ਨੂੰ ਇੱਕ ਇਮਾਰਤ ਲਈ ਦੁਬਾਰਾ ਤਿਆਰ ਕੀਤਾ ਗਿਆ ਸੀ ਜੋ ਹੋਰ ਵੀ ਪਵਿੱਤਰ ਹੈ, ਇੱਕ ਟੈਂਪਲ। ਟੈਂਪਲ ਵਿੱਚ ਫਲਾਂ ਅਤੇ ਅਖਰੋਟ ਦੇ ਫੁੱਲਾਂ ਦੇ ਨਾਲ ਰੰਗੇ ਹੋਏ ਸ਼ੀਸ਼ੇ ਦੀਆਂ ਖਿੜਕੀਆਂ ਦਿਖਾਈਆਂ ਗਈਆਂ ਹਨ ਜੋ ਕਿ ਤੰਬੜ ਪਰਿਵਾਰ ਦੇ ਆੜੂ ਦੇ ਬਾਗ ਵਾਂਗ ਖੇਤਰ ਦੀ ਅਮੀਰ ਖੇਤੀ ਵਾਲੀ ਜ਼ਮੀਨ ਦਾ ਸਨਮਾਨ ਕਰਦੀਆਂ ਹਨ।



ਤੰਬੜ ਪਰਿਵਾਰਕ ਫੋਟੋ



ਵਿੰਡੋਜ਼ ਵਿੱਚ ਆਰਟ ਗਲਾਸ ਸਥਾਨਕ ਫਲ ਅਤੇ ਗਿਰੀਦਾਰ ਫੁੱਲਾਂ ਦਾ ਸਨਮਾਨ ਕਰਦਾ ਹੈ।




ਯਿਸੂ ਮਸੀਹ ਦੇ ਗਿਰਜਾ ਘਰ ਦੇ ਲੈਟਰ-ਡੇ ਸੇਂਟਸ ਦੇ ਹਰ ਟੈਂਪਲ ਦੇ ਮੂਹਰਲੇ ਦਰਵਾਜ਼ੇ ਦੇ ਉੱਪਰ ਸ਼ਿਲਾਲੇਖ, ਪ੍ਰਭੂ ਦੇ ਘਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਆਪਣੇ ਆਪ ਨੂੰ ਤਿਆਰ ਕਰਨ ਲਈ ਇੱਕ ਰੀਮਾਈਂਡਰ




(ਬਾਕੀ ਅਗਲੇ ਸਫੇ 'ਤੇ)

# ਯੂਬਾ ਸਿਟੀ ਵਿੱਚ ਫੈਦਰ ਰਿਵਰ ਟੈਂਪਲ

## ਪ੍ਰਭੂ ਦਾ ਘਰ

## ਇੱਕ ਟੈਂਪਲ ਇੱਕ ਚੈਪਲ ਤੋਂ ਵੱਖਰਾ ਹੁੰਦਾ ਹੈ।

ਇੱਕ ਚੈਪਲ ਇੱਕ ਗਿਰਜਾ ਘਰ ਦੀ ਇਮਾਰਤ ਹੈ ਜੋ ਮੁੱਖ ਤੌਰ 'ਤੇ ਇੱਕ ਮੀਟਿੰਗ ਹਾਊਸ ਵਜੋਂ ਕੰਮ ਕਰਦੀ ਹੈ। ਗਿਰਜਾ ਘਰ ਦੇ ਮੈਂਬਰ ਐਤਵਾਰ ਨੂੰ ਪਰਿਵਾਰ ਅਤੇ ਦੋਸਤਾਂ ਦੇ ਰੂਪ ਵਿੱਚ ਇਕੱਠੇ ਹੁੰਦੇ ਹਨ ਤਾਂ ਜੋ ਪਰਮੇਸ਼ੁਰ, ਸਾਡੇ ਸਵਰਗ ਵਿੱਚ ਪਿਤਾ, ਅਤੇ ਸੰਸਾਰ ਦੇ ਮੁਕਤੀਦਾਤਾ ਯਿਸੂ ਮਸੀਹ ਪ੍ਰਤੀ ਆਪਣੀ ਨਿੱਜੀ ਵਚਨਬੱਧਤਾ ਨੂੰ ਨਵਿਆਇਆ ਜਾ ਸਕੇ। ਜਦੋਂ ਉਹ ਸੰਸਕਾਰ ਸਮਾਰੋਹ ਦੌਰਾਨ ਰੋਟੀ ਅਤੇ ਪਾਣੀ ਦਾ ਹਿੱਸਾ ਲੈਂਦੇ ਹਨ, ਤਾਂ ਉਹ ਇਸ ਗੱਲ 'ਤੇ ਵਿਚਾਰ ਕਰਦੇ ਹਨ ਕਿ ਉਹ ਪਰਮੇਸ਼ੁਰ ਨਾਲ ਕੀਤੇ ਆਪਣੇ ਵਾਅਦਿਆਂ ਦਾ ਸਨਮਾਨ ਕਿਵੇਂ ਕਰ ਰਹੇ ਹਨ। ਇੱਕ ਚੈਪਲ ਦੀ ਵਰਤੋਂ ਸੰਸਕਾਰ, ਬਪਤਿਸਮੇ ਅਤੇ ਕਈ ਵਾਰ ਸਮਾਜਿਕ ਸਮਾਗਮਾਂ ਲਈ ਕੀਤੀ ਜਾਂਦੀ ਹੈ ਜੋ ਆਂਢ-ਗੁਆਂਢ ਅਤੇ ਭਾਈਚਾਰਿਆਂ ਨੂੰ ਇਕਜੁੱਟ ਕਰਨ ਵਿੱਚ ਮਦਦ ਕਰਦੇ ਹਨ।

ਟੈਂਪਲ ਸਭਾ ਘਰ ਨਾਲੋਂ ਵੀ ਵੱਧ ਪਵਿੱਤਰ ਹਨ। ਇੱਕ ਟੈਂਪਲ ਦੇ ਅੰਦਰ, ਤੁਸੀਂ ਪਰਮੇਸ਼ੁਰ ਨਾਲ ਵਾਅਦੇ ਕਰ ਸਕਦੇ ਹੋ। ਇਹ ਵਾਅਦੇ ਅਤੇ ਬਰਕਤਾਂ ਕਿਸੇ ਲਈ ਵੀ ਉਪਲਬਧ ਹਨ, ਪਰ ਸੁਹਿਰਦ ਤਿਆਰੀ ਦੀ ਲੋੜ ਹੈ। ਟੈਂਪਲਸ ਦੇ ਅੰਦਰ, ਯਿਸੂ ਮਸੀਹ ਦੇ ਗਿਰਜਾ ਘਰ ਦੇ ਲੈਟਰ-ਡੇ ਸੇਂਟਸ ਦੇ ਮੈਂਬਰ ਪਵਿੱਤਰ ਰਸਮਾਂ ਵਿੱਚ ਹਿੱਸਾ ਲੈਂਦੇ ਹਨ, ਪ੍ਰਮਾਤਮਾ ਦੀ ਖੁਸ਼ੀ ਦੀ ਯੋਜਨਾ ਬਾਰੇ ਸਿੱਖਦੇ, ਅਤੇ ਪ੍ਰਾਰਥਨਾ ਅਤੇ ਸ਼ਾਸਤਰ ਅਧਿਐਨ ਦੁਆਰਾ ਆਪਣੇ ਪਰਿਵਾਰਾਂ ਲਈ ਨਿੱਜੀ ਮਾਰਗਦਰਸ਼ਨ ਲੱਭਦੇ ਹਨ।



ਮੁੱਖ ਕੋਰੀਡੋਰ ਅਤੇ ਰਿਸੈਪਸ਼ਨ ਡੈਸਕ, ਕੈਲੀਫੋਰਨੀਆ ਪੋਪੀਜ਼ ਨਾਲ ਸਜਾਇਆ ਗਿਆ



ਪ੍ਰੌਕਸੀ ਬਪਤਿਸਮੇ ਲਈ ਬੈਪਟਿਸਮਲ ਫੌਂਟ



ਹਦਾਇਤ ਕਮਰਾ



ਆਕਾਸ਼ੀ ਕਮਰਾ

ਇੱਕ ਆਦਮੀ ਅਤੇ ਇੱਕ ਔਰਤ ਹਮੇਸ਼ਾ ਲਈ ਵਿਆਹ ਕਰ ਸਕਦੇ ਹਨ। ਪਰਿਵਾਰਾਂ ਨੂੰ ਇਕੱਠੇ ਸੀਲ ਕੀਤਾ ਜਾ ਸਕਦਾ ਹੈ, ਅਤੇ ਜੇਕਰ ਉਹ ਸਾਰੇ ਆਪਣੇ ਵਿਅਕਤੀਗਤ ਇਕਰਾਰਨਾਮਿਆਂ ਦਾ ਸਨਮਾਨ ਕਰਦੇ ਹਨ, ਤਾਂ ਉਹਨਾਂ ਨਾਲ ਵਾਅਦਾ ਕੀਤਾ ਜਾਂਦਾ ਹੈ ਕਿ ਉਹ ਇੱਕ ਸਦੀਵੀ ਪਰਿਵਾਰ ਹੋਣਗੇ। ਇੱਕ ਸਦੀਵੀ ਪਰਿਵਾਰ ਇੱਕ ਪਰਿਵਾਰ ਹੁੰਦਾ ਹੈ ਜੋ ਪ੍ਰਮਾਤਮਾ ਦੀ ਹਜ਼ੂਰੀ ਵਿੱਚ ਖੁਸ਼ੀ ਨਾਲ ਇਕੱਠੇ ਰਹਿੰਦਾ ਹੈ ਕਿਉਂਕਿ ਉਹ ਪਿਆਰ ਨਾਲ ਉਸ ਦੇ ਨਿਯਮਾਂ ਦੀ ਪਾਲਣਾ ਕਰਦੇ ਹਨ। ਗਿਰਜਾ ਘਰ ਦੇ ਮੈਂਬਰ ਉਹਨਾਂ ਅਜ਼ੀਜ਼ਾਂ ਦੀ ਤਰਫੋਂ ਪ੍ਰੌਕਸੀ ਬਪਤਿਸਮੇ ਅਤੇ ਹੋਰ ਨਿਯਮ ਵੀ ਕਰਦੇ ਹਨ ਜੋ ਇਹ ਅਸੀਸਾਂ ਪ੍ਰਾਪਤ ਕੀਤੇ ਬਿਨਾਂ ਲੰਘ ਜਾਂਦੇ ਹਨ। ਇਹ ਪ੍ਰੌਕਸੀ ਰਸਮਾਂ ਪੂਰਵਜਾਂ ਦੁਆਰਾ ਸਵੀਕਾਰ ਜਾਂ ਅਸਵੀਕਾਰ ਕੀਤੀਆਂ ਜਾ ਸਕਦੀਆਂ ਹਨ, ਅਤੇ ਹਮੇਸ਼ਾ ਪਿਆਰ ਨਾਲ ਪੇਸ਼ ਕੀਤੀਆਂ ਜਾਂਦੀਆਂ ਹਨ।

"ਪ੍ਰਭੂ ਦਾ ਘਰ, ਤੁਸੀਂ ਦੇਖੋਗੇ, ਸਿਰਫ਼ ਇੱਕ ਸੁੰਦਰ ਇਮਾਰਤ ਤੋਂ ਵੱਧ ਹੈ। ਇਹ ਉਹ ਹੈ ਜੋ ਅੰਦਰ ਵਾਪਰਦਾ ਹੈ ਜੋ ਅਸਲ ਚਮਤਕਾਰੀ ਹੈ ... ਇਹ ਇੱਥੇ ਜੀਵਨ ਅਤੇ ਸਦੀਵਤਾ ਦੇ ਵਿਚਕਾਰ ਇੱਕ ਲਾਂਘਾ ਹੈ। ਮੈਂ ਇਸਨੂੰ ਕਈ ਵਾਰ 'ਅਕਾਸ਼ ਅਤੇ ਧਰਤੀ ਨੂੰ ਜੋੜਨ ਵਾਲੀ ਗੰਢ' ਦੇ ਤੌਰ 'ਤੇ ਵਰਣਿਤ ਸੁਣਿਆ ਹੈ। ਇਹ ਉਹ ਹੈ ਜੋ ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਮਹਿਸੂਸ ਕਰੋਗੇ।

ਸੰਸਾਰ ਵਿੱਚ, ਅਸੀਂ ਕਈ ਵਾਰ ਸੋਚਦੇ ਹਾਂ ਕਿ ਲੋਕਾਂ ਨੂੰ ਅਸੀਸ ਦੇਣ ਦਾ ਤਰੀਕਾ ਉਹਨਾਂ ਦੇ ਹਾਲਾਤਾਂ ਨੂੰ ਬਦਲਣਾ ਹੈ, ਅਤੇ ਇਹ ਲਗਭਗ ਇੱਕ ਬਾਹਰੀ ਪਹੁੰਚ ਹੈ। ਪਰ ਪਰਮੇਸ਼ੁਰ ਕੁਝ ਵੱਖਰੇ ਢੰਗ ਨਾਲ ਕਰਦਾ ਹੈ। ਉਹ ਅੰਦਰੋਂ ਬਾਹਰੋਂ ਕੰਮ ਕਰਦਾ ਹੈ। ਅਤੇ ਟੈਂਪਲ, ਅਜਿਹਾ ਕਰਨ ਦੀ ਕੋਸ਼ਿਸ਼ ਕਰਦਾ ਹੈ - ਅੰਦਰੋਂ ਬਾਹਰੋਂ ਕੰਮ ਕਰਦਾ ਹੈ, ਸਾਡੇ ਦਿਲਾਂ ਨੂੰ ਬਦਲਦਾ ਹੈ - ਤਾਂ ਜੋ ਸਾਡੇ ਕੋਲ ਆਪਣੇ ਹਾਲਾਤਾਂ ਨੂੰ ਬਦਲਣ ਦੀ ਸਮਰੱਥਾ ਹੋਵੇ। ਹਰ ਚੀਜ਼ ਜੋ ਪ੍ਰਭੂ ਦੇ ਘਰ ਵਿੱਚ ਵਾਪਰਦੀ ਹੈ ਸਾਨੂੰ ਮਸੀਹ ਵੱਲ ਇਸ਼ਾਰਾ ਕਰਨ ਲਈ ਹੈ।

**- ਏਲਡਰ ਮਾਰਕ ਏ. ਬ੍ਰੈਗ, ਚਰਚ ਆਫ਼ ਜੀਸਸ ਕ੍ਰਾਈਸਟ ਆਫ਼ ਲੈਟਰ-ਡੇ ਸੇਂਟਸ ਲਈ ਉੱਤਰੀ**



ਪ੍ਰੇਮ ਚੁੰਬਰ, ਗੈਰੀ ਬਾਘਾ, ਲੀਨੇ ਤਕਾਹਸ਼ੀ, ਕਰਮ ਬੈਂਸ, ਚੇਮਸ ਭੱਟੀ

**ਅਮਰੀਕਾ ਪੱਛਮੀ ਖੇਤਰ ਦੇ ਪ੍ਰਧਾਨ** ਯੂਬਾ ਸਿਟੀ, ਕੈਲੀਫੋਰਨੀਆ ਵਿੱਚ ਫੈਦਰ ਰਿਵਰ ਟੈਂਪਲ, ਐਤਵਾਰ 8 ਅਕਤੂਬਰ, 2023 ਨੂੰ ਦੋ ਸੈਸ਼ਨਾਂ ਵਿੱਚ ਸਮਰਪਿਤ ਕੀਤਾ ਜਾਵੇਗਾ।

41,655 ਵਰਗ ਫੁੱਟ ਦਾ ਢਾਂਚਾ ਯੂਬਾ ਸਿਟੀ ਦੇ 1470 ਬੁਟੇ ਹਾਊਸ ਰੋਡ 'ਤੇ ਸਥਿਤ ਹੈ। ਟੈਂਪਲ ਦੇ ਨਾਲ ਲੱਗਦੇ ਇੱਕ ਨਵਾਂ ਮੀਟਿੰਗ ਹਾਊਸ ਬਣਾਇਆ ਗਿਆ ਹੈ, ਅਤੇ ਇਸਦੀ ਵਰਤੋਂ ਚਰਚ ਅਤੇ ਭਾਈਚਾਰੇ ਦੇ ਮੈਂਬਰਾਂ ਦੀ ਸੇਵਾ ਲਈ ਕੀਤੀ ਜਾਵੇਗੀ।

ਇਸ ਤੋਂ ਪਹਿਲਾਂ ਕਿ ਟੈਂਪਲ ਅਧਿਕਾਰਤ ਤੌਰ 'ਤੇ ਮੈਂਬਰਾਂ ਲਈ ਇਸਨੂੰ ਆਪਣੇ ਪਵਿੱਤਰ ਉਦੇਸ਼ਾਂ ਲਈ ਵਰਤਣ ਲਈ ਖੋਲ੍ਹਦਾ ਹੈ, ਚਰਚ ਇਸਨੂੰ ਜਨਤਾ ਨਾਲ ਸਾਂਝਾ ਕਰਨਾ ਚਾਹੁੰਦਾ ਹੈ। ਇਹ ਮੌਕਾ ਸਿਰਫ ਲਾਭਦਾਇਕ ਹੈ।

ਆਓ ਅਤੇ ਵੇਖੋ। ਆਓ ਅਤੇ ਮਹਿਸੂਸ ਕਰੋ। ਆਓ ਅਤੇ ਸੰਬੰਧਿਤ ਹੋਵੋ।

"ਅੱਜ ਸਵੇਰੇ ਤੁਹਾਡੇ ਲਈ ਮੇਰੀ ਬੇਨਤੀ ਹੈ ਕਿ ਤੁਸੀਂ ਪ੍ਰਮਾਤਮਾ ਨਾਲ ਆਪਣੇ ਇਕਰਾਰਨਾਮਿਆਂ ਦੁਆਰਾ ਸੰਸਾਰ ਨੂੰ ਜਿੱਤ ਕੇ ਇਸ ਸੰਸਾਰ ਦੀ ਤੀਬਰਤਾ, ਅਨਿਸ਼ਚਿਤਤਾ ਅਤੇ ਦੁੱਖ ਤੋਂ ਆਰਾਮ ਪ੍ਰਾਪਤ ਕਰੋ। ... ਮੰਦਰ ਵਿੱਚ ਵਧੇਰੇ ਸਮਾਂ ਬਿਤਾਓ, ਅਤੇ ਇਹ ਸਮਝਣ ਦੀ ਕੋਸ਼ਿਸ਼ ਕਰੋ ਕਿ ਕਿਵੇਂ ਟੈਂਪਲ ਤੁਹਾਨੂੰ ਇਸ ਡਿੱਗੀ ਹੋਈ ਦੁਨੀਆਂ ਤੋਂ ਉੱਪਰ ਉੱਠਣਾ ਸਿਖਾਉਂਦਾ ਹੈ....ਪ੍ਰਭੂ॥ ਸਾਡੇ ਵਿੱਚੋਂ ਹਰੇਕ ਲਈ ਅਧਿਆਤਮਿਕ ਤੌਰ 'ਤੇ ਸ਼ੁੱਧ ਹੋਣ ਲਈ ਵੀ ਆਸਾਨ ਬਣਾ ਰਿਹਾ ਹੈ। ਮੈਂ ਵਾਅਦਾ ਕਰਦਾ ਹਾਂ ਕਿ ਟੈਂਪਲ ਵਿਚ ਵਧਿਆ ਸਮਾਂ ਤੁਹਾਡੀ ਜ਼ਿੰਦਗੀ ਵਿਚ ਬਰਕਤਾਂ ਦੇਵੇਗਾ ਜੋ ਹੋਰ ਕੁਝ ਨਹੀਂ ਕਰ ਸਕਦਾ ਹੈ।" - ਪ੍ਰਧਾਨ ਰਸਲ ਐਮ. ਨੈਲਸਨ, ਪੈਗੰਬਰ ਅਤੇ ਚਰਚ ਆਫ਼ ਜੀਸਸ ਕ੍ਰਾਈਸਟ ਆਫ਼ ਲੈਟਰ-ਡੇ ਸੇਂਟਸ ਦੇ ਪ੍ਰਧਾਨ।

ਤੁਹਾਨੂੰ ਸ਼ਨੀਵਾਰ, ਅਗਸਤ 19, ਤੋਂ ਸ਼ਨੀਵਾਰ, ਸਤੰਬਰ 9, 2023, ਐਤਵਾਰ ਨੂੰ ਛੱਡ ਕੇ ਮੰਦਰ ਦੇ ਦੌਰੇ ਲਈ ਸੱਦਾ ਦਿੱਤਾ ਜਾਂਦਾ ਹੈ।

ਹੋਰ ਜਾਣਨ ਲਈ ਇਹ ਵੀਡੀਓ ਦੇਖੋ

https://docs.google.com/document/d/1GmKo0lNAbMs1fR9myq93JXKPQgNA7G3t6gm-TQYEqDU/edit



# 29 ਅਗਸਤ ਕੌਮੀ ਖੇਡ ਦਿਵਸ ਮੌਕੇ ਮਿਲਣ ਵਾਲੇ ਖੇਡ ਐਵਾਰਡ

ਗੁਰਿੰਦਰ ਸਿੰਘ ਮੱਟੂ 91-99884-73008

ਕੌਮੀ ਖੇਡ ਦਿਵਸ, 29 ਅਗਸਤ ਨੂੰ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਜਨਮ ਦਿਵਸ ' ਤੇ ਮਨਾਇਆ ਜਾਂਦਾ ਹੈ। ਕੌਮੀ ਤੇ ਕੌਮਾਂਤਰੀ ਪੱਧਰ ' ਤੇ ਪ੍ਰਾਪਤੀਆਂ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਇਹ ਐਵਾਰਡ ਕੌਮੀ ਖੇਡ ਦਿਵਸ ਮੌਕੇ ਦਿੱਤੇ ਜਾਂਦੇ ਹਨ।

**ਭਾਰਤ ਰਤਨ ਐਵਾਰਡ :** ਭਾਰਤ ਸਰਕਾਰ ਵੱਲੋਂ ਖਿਡਾਰੀਆਂ ਨੂੰ ਦਿੱਤਾ ਜਾਂਦਾ ਇਹ ਸਰਵਉੱਚ ਐਵਾਰਡ ਹੈ । ਭਾਰਤ ਦੇ ਰਾਸ਼ਟਰਪਤੀ ਵੱਲੋਂ ਭਾਰਤ ਰਤਨ ਐਵਾਰਡ 2 ਜਨਵਰੀ , 1954 ਨੂੰ ਸ਼ੁਰੂ ਕੀਤਾ ਗਿਆ । ਇਹ ਐਵਾਰਡ ਮਰਨ ਉਪਰੰਤ ਵੀ ਦਿੱਤਾ ਜਾਂਦਾ ਹੈ । ਪਿੱਪਲ ਦੇ ਪੱਤੇ ਦੇ ਅਕਾਰ ਵਿੱਚ ਬਣੇ ਇਸ ਮੈਡਲ ਦਾ ਅਕਾਰ 1.30 ਡਾਇਆ ਮੀਟਰ ਗੋਲੇ ਵਿੱਚ ਸੋਨੇ ਦਾ ਬਣਿਆ ਹੁੰਦਾ ਹੈ। ਇਸ ਉਪਰ ਸੂਰਜ ਚੜਦਾ ਦਿਖਾਈ ਦਿੰਦਾ ਹੈ । ਸੂਰਜ ਦੇ ਹੇਠਾਂ ਹਿੰਦੀ ਭਾਸ਼ਾ ' ਚ ਭਾਰਤ ਰਤਨ ਲਿਖਿਆ ਹੁੰਦਾ ਹੈ।

**ਦਰੋਣਾਚਾਰੀਆ ਐਵਾਰਡ:** ਇਹ ਐਵਾਰਡ ਖਿਡਾਰੀਆਂ ਦੇ ਕੋਚਾਂ ਤੇ ਗੁਰੂਆਂ ਨੂੰ ਦਿੱਤਾ ਜਾਂਦਾ ਹੈ । ਸੰਨ 1985 ਵਿੱਚ ਇਸ ਐਵਾਰਡ ਦੀ ਸ਼ੁਰੂਆਤ ਹੋਈ । ਇਹ ਇਕ ਬੁੱਤ ਦੇ ਰੂਪ ਵਿੱਚ ਹੁੰਦਾ ਹੈ , ਇਕ ਸਰਟੀਫਿਕੇਟ ਅਤੇ ਪੰਜ ਲੱਖ ਰੁਪਏ ਦੀ ਰਾਸ਼ੀ ਹੁੰਦੀ ਹੈ। ਇਹ ਇਨਾਮ ਹਜ਼ਾਰਾਂ ਸਾਲਾਂ ਤੋਂ ਗੁਰੂਆਂ ਨੂੰ ਰਾਜਿਆਂ ਮਹਾਰਾਜਿਆਂ ਵੱਲੋਂ ਦਿੱਤਾ ਜਾਂਦਾ ਹੈ।

**ਰਾਜੀਵ ਗਾਂਧੀ ਖੇਡ ਰਤਨ ਐਵਾਰਡ:** ਇਹ ਐਵਾਰਡ ਵੀ ਮੈਡਲ ਦੀ ਸ਼ਕਲ ਦਾ ਗੋਲ ਹੁੰਦਾ ਹੈ ਅਤੇ 1991-92 ਤੋਂ ਕੌਮਾਂਤਰੀ ਪੱਧਰ ' ਤੇ ਸਰਬਉੱਚ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਦੇਣਾ ਸ਼ੁਰੂ ਕੀਤਾ ਗਿਆ। ਅੱਜ ਤੱਕ 1991 2009 ਤੱਕ 18 ਖਿਡਾਰੀ ਇਸ ਐਵਾਰਡ ਨੂੰ ਪ੍ਰਾਪਤ ਕਰ ਚੁੱਕੇ ਹਨ । ਇਸ ਐਵਾਰਡ ਨੂੰ ਪ੍ਰਾਪਤ ਕਰਨ ਵਾਲੇ ਨੂੰ ਇਕ ਬਲੈਜ਼ਰ ਸਕਾਰਫ ਅਤੇ ਇਨਾਮ ਰਾਸ਼ੀ 1.5 ਲੱਖ ਹੈ । ਇਸ ਐਵਾਰਡ ਨੂੰ ਰਾਜ ਸਰਕਾਰ ਤਜਵੀਜ਼ ਕਰਦੀ ਹੈ ।

**ਅਰਜੁਨਾ ਐਵਾਰਡ :** ਇਹ ਐਵਾਰਡ ਇਕ ਟਰਾਫੀ ਦੀ ਸ਼ਕਲ ਵਿੱਚ ਹੁੰਦਾ ਹੈ । 1961 ਨੂੰ ਸ਼ੁਰੂ ਹੋਏ ਇਸ ਐਵਾਰਡ ਨੂੰ ਪ੍ਰਾਪਤ ਕਰਨ ਲਈ ਅੰਮ੍ਰਿਤਸਰ ਦੇ ਜੰਮਪਲ ਅੰਤਰਰਾਸ਼ਟਰੀ ਐਥਲੀਟ ਗੁਰਬਚਨ ਸਿੰਘ ਰੰਧਾਵਾ ਨੇ ਪਹਿਲੀ ਵਾਰ ਭਾਰਤ ਦੇ ਰਾਸ਼ਟਰਪਤੀ ਕੋਲੋਂ ਪ੍ਰਾਪਤ ਕੀਤਾ। ਟਰਾਫੀ ਨਾਲ ਇਕ ਸਰਟੀਫਿਕੇਟ ਵੀ ਮਿਲਦਾ ਹੈ । ਪੰਜ ਲੱਖ ਰੁਪਏ ਦੀ ਰਾਸ਼ੀ ਵਾਲਾ ਇਹ ਐਵਾਰਡ ਭਾਰਤ ਦੇ ਰਾਸ਼ਟਰਪਤੀ ਵੱਲੋਂ 29 ਅਗਸਤ ਨੂੰ ਰਾਸ਼ਟਰੀ ਖੇਡ ਦਿਵਸ ਮੌਕੇ ਰਾਸ਼ਟਰਪਤੀ ਭਵਨ ਵਿਖੇ ਦਿੱਤਾ ਜਾਂਦਾ ਹੈ।




**ਪਦਮਸ਼੍ਰੀ ਐਵਾਰਡ:** ਇਹ ਐਵਾਰਡ ਦੀ 2 ਜਨਵਰੀ , 1954 ਨੂੰ ਰਾਸ਼ਟਰਪਤੀ ਵੱਲੋਂ ਸ਼ੁਰੂ ਕੀਤਾ ਗਿਆ । ਇਹ ਮੈਡਲ ਦੀ ਸ਼ਕਲ ਦਾ ਹੁੰਦਾ ਹੈ ਅਤੇ ਇਕ ਇੰਚ ਦਾ ਅੱਠਵਾਂ ਹਿੱਸਾ ਮੋਟਾ ਹੁੰਦਾ ਹੈ । ਇਕ ਪਾਸੇ ਐਵਾਰਡ ਪ੍ਰਾਪਤ ਕਰਨ ਵਾਲੇ ਦਾ ਨਾਂ ਅਤੇ ' ਪਦਮਸ਼੍ਰੀ ਲਿਖਿਆ ਹੁੰਦਾ ਹੈ । ਇਹ ਕਾਂਸੇ ਦਾ ਬਣਿਆ ਹੁੰਦਾ ਹੈ । ਕੁਝ ਹਿੱਸਾ ਸਟੀਲ ਦਾ ਬਣਿਆ ਹੁੰਦਾ ਹੈ ਅਤੇ ਉਪਰ ਚਾਂਦੀ ਦਾ ਪਾਣੀ ਚੜਿਆ ਹੁੰਦਾ ਹੈ । ਦੂਜੇ ਪਾਸੇ ਐਵਾਰਡ ਪ੍ਰਾਪਤ ਕਰਨ ਵਾਲੇ ਦੇ ਰਾਜ ਦਾ ਨਾਂ ਚਾਂਦੀ ਵਿੱਚ ਲਿਖਿਆ ਹੁੰਦਾ ਹੈ।ਇਹ ਐਵਾਰਡ ਪ੍ਰਾਪਤ ਕਰਨ ਵਾਲੇ ਮਰਦਾਂ ਦੀ ਛਾਤੀ ਦੇ ਖੱਬੇ ਪਾਸੇ ਅਤੇ ਔਰਤਾਂ ਦੇ ਖੱਬੇ ਮੋਢੇ ਉੱਪਰ ਲਗਾਇਆ ਜਾਂਦਾ ਹੈ । ਇਸ ਦੇ ਸਾਰੇ ਹੱਕ ਰਾਸ਼ਟਰਪਤੀ ਕੋਲ ਹੁੰਦੇ ਹਨ।

**ਪਦਮ ਭੂਸ਼ਨ ਐਵਾਰਡ :** ਇਹ ਐਵਾਰਡ ਰਾਸ਼ਟਰਪਤੀ ਵੱਲੋਂ 2 ਜਨਵਰੀ, 1954 ਨੂੰ ਸ਼ੁਰੂ ਕੀਤਾ ਗਿਆ। ਇਹ 1.34 ਡਾਇਆਮੀਟਰ ਗੋਲ ਅਤੇ ਇਕ ਇੰਚ ਦਾ ਅੱਠਵਾਂ ਹਿੱਸਾ ਮੋਟਾ ਹੁੰਦਾ ਹੈ । ਇਸ ਦੇ ਇਕ ਪਾਸੇ ਕੰਵਲ ਦਾ ਫੁੱਲ ਬਣਿਆ ਹੁੰਦਾ ਹੈ ਅਤੇ ਪ੍ਰਾਪਤ ਕਰਨ ਵਾਲੇ ਦਾ ਨਾਂ ਲਿਖਿਆ ਹੁੰਦਾ ਹੈ। ਦੂਜੇ ਪਾਸੇ ਪ੍ਰਾਪਤ ਕਰਨਵਾਲੇ ਦੇ ਰਾਜ ਦਾ ਨਾਂ ਲਿਖਿਆ ਹੁੰਦਾ ਹੈ । ਇਹ ਐਵਾਰਡ ਸਰਕਾਰੀ ਅਤੇ ਗੈਰ - ਸਰਕਾਰੀ ਅਧਿਕਾਰੀਆਂ ਨੂੰ ਮਿਲ ਸਕਦਾ ਹੈ । ਸਾਲ 1954 ਤੋਂ 200 ਤੱਕ ਇਸ ਐਵਾਰਡ ਨੂੰ 785 ਦੇ ਕਰੀਬ ਸਰਕਾਰੀ ਅਤੇ ਗੈਰ - ਸਰਕਾਰੀ ਅਧਿਕਾਰੀ ਪ੍ਰਾਪਤ ਕਰ ਚੁੱਕੇ ਹਨ।

**ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫੀ ਇਹ ਟਰਾਫੀ:** 1956-57 ਵਿੱਚ ਰਾਸ਼ਟਰਪਤੀ ਵੱਲੋਂ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਕਲਾਮ ਆਜ਼ਾਦ ਦੇ ਨਾਂ ' ਤੇ ਸ਼ੁਰੂ ਕੀਤੀ ਗਈ ਅਤੇ ਇਹ ਸਿਰਫ ਭਾਰਤ ਦੀ ਉਸ ਯੂਨੀਵਰਸਿਟੀ ਨੂੰ ਦਿੱਤੀ ਜਾਂਦੀ ਹੈ, ਜਿਸ ਨੇ ਖੇਡਾਂ ਦੇ ਖੇਤਰ ਵਿੱਚ ਬਹੁਤ ਵੱਡੀ ਪ੍ਰਾਪਤੀ ਕੀਤੀ ਹੋਵੇ । ਇਹ ਟਰਾਫੀ ਸਭ ਤੋਂ ਲੰਮਾ ਸਮਾਂ 20 ਵਾਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਕੋਲ ਰਹੀ ਹੈ। ਇਹ ਇਕ ਰਾਸ਼ਟਰੀ ਰਿਕਾਰਡ ਹੈ। 29 ਅਗਸਤ ਨੂੰ ਰਾਸ਼ਟਰੀ ਖੇਡ ਦਿਵਸ ਮੌਕੇ ਜੇਤੂ ਯੂਨੀਵਰਸਿਟੀ ਦੇ ਉਪ - ਕੁਲਪਤੀ ਅਤੇ ਖੇਡ ਮੁਖੀ ਅਸ਼ੋਕਾ ਹਾਲ ਵਿਖੇ ਰਾਸ਼ਟਰਪਤੀ ਕੋਲੋਂ ਇਹ ਟਰਾਫੀ ਅਤੇ ਦਸ ਲੱਖ ਰੁਪਏ ਨਕਦ ਇਨਾਮ ਪ੍ਰਾਪਤ ਕਰਦੇ ਹਨ।

**ਮੇਜਰ ਧਿਆਨ ਚੰਦ ਐਵਾਰਡ:** ਇਹ ਐਵਾਰਡ ਇਕ ਟਰਾਫੀ ਦੀ ਸ਼ਕਲ ਵਿੱਚ ਹੁੰਦਾ ਹੈ । ਇਹ ਐਵਾਰਡ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੇ ਨਾਂ ' ਤੇ ਉਨ੍ਹਾਂ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ । ਇਸ ਐਵਾਰਡ ਦੀ ਸ਼ੁਰੂਆਤ ਰਾਸ਼ਟਰਪਤੀ ਵੱਲੋਂ 2002 ' ਚ ਕੀਤੀ ਗਈ । 29 ਅਗਸਤ, 1905 ਨੂੰ ਜਨਮੇ ਧਿਆਨ ਚੰਦ ਨੇ ਰਾਸ਼ਟਰੀ ਖੇਡ ਹਾਕੀ ਵਿੱਚ ਆਪਣੀ ਕਲਾ ਅਤੇ ਖੇਡ ਹੁਨਰ ਸਦਕਾ ਹਿਟਲਰ ਵਰਗੇ ਤਾਨਾਸ਼ਾਹ ਨੂੰ ਝੁਕਾ ਦਿੱਤਾ ਸੀ। ਇਸ ਨੂੰ ਪ੍ਰਾਪਤ ਕਰਨ ਵਾਲੇ ਨੂੰ ਪੰਜ ਲੱਖ ਰੁਪਏ ਨਕਦ ਇਨਾਮ ਦਿੱਤਾ ਜਾਂਦਾ ਹੈ।

# ਪ੍ਰੋਫੈਸਰ ਸਾਬਿਆਸਾਚੀ ਦਾਸ ਹੁਰਾਂ ਦਾ ਅਸਤੀਫ਼ਾ (ਅਸ਼ੋਕਾ ਯੂਨੀਵਰਸਿਟੀ)

ਬੀ.ਆਰ ਅੰਬੇਡਕਰ ਹੁਰਾਂ ਦਾ ਕਥਨ "ਵਿੱਦਿਆ ਸ਼ੇਰਨੀ ਦਾ ਦੁੱਧ ਹੁੰਦੀ ਹੈ ਜੋ ਪੀਵੇਗਾ ਉਹ ਦਹਾੜੇਗਾ " ਅੱਜ ਦੇ ਭਾਰਤੀ ਵਿਦਿਅਕ ਪ੍ਰਬੰਧ ਦੇ ਲਈ ਢੁਕਵਾਂ ਨਹੀਂ ਰਿਹਾ । ਹੁਣ ਬਹੁਤ ਕੁੱਝ ਬਦਲ ਚੁੱਕਾ ਹੈ। ਪ੍ਰੋਫੈਸਰ ਸਾਬਿਆਸਾਚੀ ਦਾਸ ਨੇ ਆਪਣੇ ਸਮੇਂ ਜੋ ਵਿੱਦਿਆ ਹਾਸਿਲ ਕੀਤੀ ਸੀ ਉਦੋਂ ਨਾਲ਼ੋਂ ਹੁਣ ਬਹੁਤ ਕੁੱਝ ਬਦਲ ਗਿਆ ਹੈ। ਸ਼ੇਰਨੀ ਹੁਣ ਆਜ਼ਾਦ ਸ਼ੇਰਨੀ ਨਹੀਂ ਉਹ ਸਰਕਸ ਦੀ ਸ਼ੇਰਨੀ ਬਣ ਚੁੱਕੀ ਹੈ । ਉਸਦਾ ਦੁੱਧ ਹੁਣ ਪੈਕਟਾਂ ਵਿੱਚ ਵਿਕਦਾ ਹੈ ਜਿਸਤੇ ਲਿਖਿਆ ਹੁੰਦਾ ਹੈ "ਆਜ਼ਾਦੀ ਕਾ ਅੰਮ੍ਰਿਤਕਾਲ"। ਇਹ ਦੁੱਧ ਪੀਣ ਵਾਲਿਆਂ ਨੂੰ ਮਦਮਸਤ ਕਰ ਦਿੰਦਾ ਹੈ। ਜਿੰਨਾਂ ਨੂੰ "ਹਰ-ਹਰ ਮੋਦੀ ਘਰ-ਘਰ ਮੋਦੀ" ਬੋਲਣ ਤੇ ਸੁਣਨ ਤੋਂ ਬਿਨਾਂ ਹੋਰ ਕੁੱਝ ਨਹੀਂ ਸੁਝਦਾ ਅਤੇ ਨਾ ਬਰਦਾਸ਼ਤ ਹੁੰਦਾ ਹੈ।




ਅਸ਼ੋਕਾ ਯੂਨੀਵਰਸਿਟੀ ਜੋ ਕਿ ਹਰਿਆਣਾ ਦੇ ਸੋਨੀਪਤ ਕੋਲ ਇੱਕ ਮਸ਼ਹੂਰ ਤੇ ਨਿੱਜੀ ਵਿਦਿਅਕ ਅਦਾਰਾ ਹੈ। ਇਸਦੇ ਅਰਥ ਸ਼ਾਸਤਰ ਦੇ ਇੱਕ ਪ੍ਰੋਫੈਸਰ ਸਬਿਆਸਾਚੀ ਦਾਸ ਨੇ 2019 ਦੀਆਂ ਲੋਕ ਸਭਾ ਚੋਣਾਂ 'ਤੇ ਇਕ ਖੋਜ ਪੱਤਰ ਲਿਖਿਆ ਜਿਸ 'ਤੇ ਵਿਵਾਦ ਖੜ੍ਹਾ ਹੋ ਗਿਆ। ਵਿਵਾਦ ਸਭ ਤੋਂ ਪਹਿਲਾਂ ਉਦੋਂ ਸ਼ੁਰੂ ਹੋਇਆ ਜਦੋਂ ਸਬਿਆਸਾਚੀ ਦਾਸ ਨੇ 'ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਵਿੱਚ ਡੈਮੋਕਰੇਟਿਕ ਬੈਕਸਲਾਈਡਿੰਗ' ਸਿਰਲੇਖ ਵਾਲਾ ਪੇਪਰ ਲਿਖਿਆ। ਪੇਪਰ ਇਸ ਸਾਲ ਦੇ ਸ਼ੁਰੂ ਵਿੱਚ 25 ਜੁਲਾਈ ਨੂੰ SSRN (ਸੋਸ਼ਲ ਸਾਇੰਸ ਰਿਸਰਚ ਨੈੱਟਵਰਕ) ਦੀ ਵੈੱਬਸਾਈਟ 'ਤੇ ਪੋਸਟ ਕੀਤਾ ਗਿਆ ਸੀ। ਇਸ ਪੇਪਰ ਵਿੱਚ ਮੂਲ ਰੂਪ ਵਿੱਚ ਉਹਨਾਂ ਦਲੀਲ ਦਿੱਤੀ ਸੀ ਕਿ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਮੁਸਲਮਾਨਾਂ ਵਿਰੁੱਧ ਨਿਸ਼ਾਨਾ ਬਣਾਏ ਗਏ ਚੋਣਵੇਂ ਵਿਤਕਰੇ ਦੇ ਰੂਪ ਵਿੱਚ ਚੋਣ ਹੇਰਾਫੇਰੀ ਕਾਰਨ ਹੋ ਸਕਦੀ ਹੈ। ਇਹ ਦਾਅਵਾ ਕੀਤਾ ਗਿਆ ਸੀ ਕਿ ਅਜਿਹਾ ਕੁਝ ਹੱਦ ਤੱਕ ਚੋਣ ਅਬਜ਼ਰਵਰਾਂ ਦੀ ਕਮਜ਼ੋਰ ਨਿਗਰਾਨੀ ਕਾਰਨ ਹੋਇਆ ਹੈ। ਇਸ ਖੋਜ ਪੱਤਰ ਨੂੰ ਜ਼ਿਆਦਾਤਰ ਸੱਜੇ-ਪੱਖੀ ਬੁੱਧੀਜੀਵੀਆਂ ਅਤੇ ਮੀਡੀਆ ਵੱਲੋਂ ਤਿੱਖੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ।

ਇਸ ਵਿਵਾਦ ਕਾਰਨ 14 ਅਗਸਤ ਨੂੰ ਉਨ੍ਹਾਂ ਨੇ ਦਬਾਅ ਅਧੀਨ ਅਸਤੀਫਾ ਦੇ ਦਿੱਤਾ। ਕੁਝ ਦਿਨਾਂ ਬਾਅਦ, ਅਸ਼ੋਕਾ ਯੂਨੀਵਰਸਿਟੀ ਦੇ ਫੈਕਲਟੀ ਮੈਂਬਰ ਸਬਿਆਸਾਚੀ ਦਾਸ ਦੇ ਸਮਰਥਨ ਲਈ ਇਕੱਠੇ ਹੋਏ ।ਇਸਤੋਂ ਬਾਅਦ ਅਰਥ ਸ਼ਾਸਤਰ ਵਿਭਾਗ ਅਤੇ ਹੋਰ ਮੈਂਬਰਾਂ ਵੱਲੋਂ ਵੀ ਅਸਤੀਫ਼ੇ ਦਿੱਤੇ ਗਏ ਹਨ । ਜਿੰਨਾਂ ਦੀ ਅਜੇ ਤੱਕ ਪੁਸ਼ਟੀ ਨਹੀਂ ਹੋਈ । ਇਸ ਵਿਵਾਦ ਤੋਂ ਬਾਅਦ ਉੱਚ ਸਿੱਖਿਆ ਦੇ ਅਦਾਰਿਆਂ ਖਾਸ ਕਰਕੇ ਯੂਨੀਵਰਸਿਟੀਆਂ ਅੰਦਰ "ਬੋਲਣ-ਲਿਖਣ ਦੀ ਆਜ਼ਾਦੀ, ਅਕਾਦਮਿਕ ਸੁਤੰਤਰਤਾ ਅਤੇ ਵਿਚਾਰਧਾਰਾ ਅਲੋਚਨਾ ਆਦਿ ਦੇ ਮੁੱਦੇ ਉੱਠ ਖੜੇ ਹੋਏ ਹਨ । ਇਸ ਸਮੇਂ ਇਨ੍ਹਾਂ ਜਮੂਹਰੀ ਕਦਰਾਂ ਲਈ ਵੱਧ ਤੋਂ ਵੱਧ ਲਿਖਣਾ, ਪੜਨਾ ਬੋਲਣਾ ਅਤੇ ਸੰਘਰਸ਼ ਕਰਨਾ ਚਾਹੀਦਾ ਹੈ । ਆਓ ਪ੍ਰੋਫੈਸਰ ਸਬਿਆਸਾਚੀ ਦਾਸ ਨਾਲ ਇੱਕ-ਜੁਟਤਾ ਪੇਸ਼ ਕਰਦਿਆਂ ਅਕਾਦਮਿਕ ਆਜ਼ਾਦੀ ਅਤੇ ਯੂਨੀਵਰਸਿਟੀ ਅੰਦਰ ਜਮੂਹਰੀ ਹੱਕਾਂ ਤੇ ਥਾਂਵਾਂ (ਸਪੇਸ) ਦੇ ਸੰਘਰਸ਼ ਨਾਲ ਹਾਮੀ ਭਰੀਏ।

# TPAS ਵਿਸ਼ਵ ਫੋਟੋਗ੍ਰਾਫੀ ਦਿਵਸ 'ਤੇ ਆਪਣੇ ਮੈਂਬਰਾਂ ਦੀ ਮਿਸਾਲੀ ਰਚਨਾਤਮਕਤਾ ਦਾ ਪ੍ਰਦਰਸ਼ਨ ਕਰਦਾ ਹੈ

**ਚੰਡੀਗੜ੍ਹ-** ਟ੍ਰਾਈਸਿਟੀ ਫੋਟੋ ਆਰਟ ਸੁਸਾਇਟੀ (ਟੀਪੀਏਐਸ) ਨੇ ਵਿਸ਼ਵ ਫੋਟੋਗ੍ਰਾਫੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ। ਇੱਕ ਵਾਰ ਫਿਰ ਇਸ ਨੇ ਆਪਣੀ ਇਤਿਹਾਸਕ ਸਾਲਾਨਾ ਪ੍ਰਦਰਸ਼ਨੀ - ਦ੍ਰਿਸ਼ਟੀ 2023 ਦਾ ਆਯੋਜਨ ਕਰਕੇ ਆਪਣੇ ਮੈਂਬਰਾਂ ਦੀ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨੀ ਵਿੱਚ 21 ਕਲਾਕਾਰਾਂ ਦੀਆਂ 58 ਰਚਨਾਵਾਂ ਹਨ, ਜਿਨ੍ਹਾਂ ਵਿੱਚ ਕੁਝ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਦੇ ਪ੍ਰਮਾਣ ਪੱਤਰ ਪ੍ਰਾਪਤ ਕਰ ਚੁੱਕੇ ਹਨ। ਠਫਓਂ ਦਿੱਲੀ ਦੇ ਉੱਤਰ ਵਿੱਚ, ਇੱਕੋ ਇੱਕ





ਫੋਟੋਗ੍ਰਾਫੀ ਕਲੱਬ ਹੈ, ਜੋ ਕਿ ਰਾਸ਼ਟਰੀ ਸੰਸਥਾ ਫੈਡਰੇਸ਼ਨ ਆਫ ਇੰਡੀਅਨ ਫੋਟੋਗ੍ਰਾਫੀ (ਗੀਫ) ਨਾਲ ਸੰਬੰਧਿਤ ਹੈ।

ਇਸ ਸਾਲ ਦੇ ਡਿਸਪਲੇ ਵਿੱਚ ਵਾਤਾਵਰਣ, ਕੁਦਰਤ, ਜੰਗਲੀ ਜੀਵ, ਪੋਰਟਰੇਟ, ਆਰਕੀਟੈਕਚਰ, ਸਟ੍ਰੀਟ, ਲੈਂਡਸਕੇਪ, ਸੈਰ-ਸਪਾਟਾ, ਫੋਟੋ ਜਰਨਲਿਜ਼ਮ, ਕੰਪੋਜ਼ਿਟਸ, ਸੰਕਲਪ ਕਲਾ ਅਤੇ ਮੈਕਰੋ ਫੋਟੋਗ੍ਰਾਫੀ ਵਰਗੀਆਂ ਵਿਭਿੰਨ ਸ਼ੈਲੀਆਂ ਸ਼ਾਮਲ ਹਨ। ਇਹ ਸ਼ੋਅ 16 ਅਗਸਤ ਤੋਂ ਚੱਲ ਰਿਹਾ ਹੈ ਅਤੇ 20 ਅਗਸਤ ਨੂੰ ਚੰਡੀਗੜ੍ਹ ਦੇ ਸੈਕਟਰ 16 ਸਥਿਤ ਪੰਜਾਬ ਕਲਾ ਭਵਨ ਕੰਪਲੈਕਸ ਦੇ ਅੰਦਰ ਸੋਭਾ ਸਿੰਘ ਆਰਟ ਗੈਲਰੀ ਵਿਖੇ ਸਮਾਪਤ ਹੋਇਆ।

ਵਿਸ਼ਵ ਫੋਟੋਗ੍ਰਾਫੀ ਦਿਵਸ ਦੇ ਜਸ਼ਨਾਂ ਲਈ ਵਿਸ਼ੇਸ਼ ਵਿਸ਼ੇਸ਼ਤਾ ਵਿੱਚ ਉੱਘੇ ਸਿਨੇਮਾਟੋਗ੍ਰਾਫਰ ਅਤੇ ਸ਼ੂਟਗੁਰੂ ਦੇ ਸੰਸਥਾਪਕ, ਸ਼ਿਤਿਜ ਸ਼ੀਤਕ ਦੁਆਰਾ ਸਿਨੇਮੈਟਿਕ ਲਾਈਟਿੰਗ 'ਤੇ ਇੱਕ ਵਰਕਸ਼ਾਪ ਸ਼ਾਮਲ ਹੈ। ਉਸਨੇ ਵਿਸਥਾਰਪੂਰਵਕ ਦੱਸਿਆ ਕਿ ਲਘੂ ਫਿਲਮਾਂ, ਰੀਲਾਂ, ਵੀਲੌਗਸ, ਆਦਿ ਨੂੰ ਹੋਰ ਆਕਰਸ਼ਕ ਬਣਾਉਣ ਲਈ ਰੋਸ਼ਨੀ ਇੱਕ ਮਹੱਤਵਪੂਰਨ ਭਾਗ ਹੈ। ਉਨ੍ਹਾਂ ਦੱਸਿਆ ਕਿ ਰੋਸ਼ਨੀ ਵੀ ਪਾਤਰ ਦੇ ਮੂਡ ਨੂੰ ਦਰਸਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਉਸਨੇ ਤਕਨੀਕੀ ਵੇਰਵਿਆਂ ਦੇ ਨਾਲ-ਨਾਲ ਚੰਗੀ ਰੋਸ਼ਨੀ ਨੂੰ ਨਿਯੰਤਰਿਤ ਕਰਨ ਵਾਲੇ ਛੋਟੇ ਸੁਝਾਵਾਂ ਦਾ ਖੁਲਾਸਾ ਕਰਕੇ ਦਰਸ਼ਕਾਂ ਦਾ ਧਿਆਨ ਖਿੱਚਿਆ। ਫੋਟੋਗ੍ਰਾਫੀ ਵਿੱਚ ਵੀ ਇਹੀ ਸਿਧਾਂਤ ਵਰਤੇ ਜਾ ਸਕਦੇ ਹਨ। ਵਾਈਸ ਪ੍ਰੈਜ਼ੀਡੈਂਟ, ਪਰਵੀਨ ਜੱਗੀ ਨੇ ਸਾਂਝਾ ਕੀਤਾ ਕਿ ਆਖਰੀ ਦਿਨ TPAS ਨੇ ਟ੍ਰੀਸਾਈਡ ਇੰਡੀਆ ਦੇ ਸੰਸਥਾਪਕ ਹਿਤੇਸ਼ ਵਿਗ ਦੁਆਰਾ "ਟੇਲਜ਼ ਇਨ ਟ੍ਰੈਵਲ" ਅਤੇ ਵਰਲਡ ਵਾਈਡ ਸਟੂਡੀਓਜ਼ ਦੇ ਸੀਈਓ ਦੁਆਰਾ "ਸਿਨੇਮੈਟਿਕ ਵੈਡਿੰਗ" 'ਤੇ ਦੋ ਵਰਕਸ਼ਾਪਾਂ ਆਯੋਜਿਤ ਕਰਨ ਦਾ ਪ੍ਰਸਤਾਵ ਦਿੱਤਾ ਹੈ। ਇਸ ਤੋਂ ਪਹਿਲਾਂ ਪ੍ਰਸਿੱਧ ਵਾਈਲਡ ਲਾਈਫ ਫੋਟੋਗ੍ਰਾਫਰ ਅਨੁਜ ਜੈਨ ਵੱਲੋਂ ਬਰਡ ਫੋਟੋਗ੍ਰਾਫੀ ਬਾਰੇ ਵਰਕਸ਼ਾਪ ਲਗਾਈ ਗਈ। ਸ੍ਰੀ ਜੱਗੀ ਨੇ ਖੁਲਾਸਾ ਕੀਤਾ ਕਿ ਇਸ ਸਾਲ ਟੀਪੀਏਐਸ ਨੇ ਟ੍ਰਾਈਸਿਟੀ ਦੇ ਵਿਦਿਆਰਥੀਆਂ ਲਈ ਇੱਕ ਫੋਟੋ ਮੁਕਾਬਲਾ ਵੀ ਕਰਵਾਇਆ, ਜਿਸ ਵਿੱਚ ਹੋਰ ਉਤਸ਼ਾਹ ਤੋਂ ਇਲਾਵਾ ਜੇਤੂਆਂ ਨੂੰ ਨਕਦ ਇਨਾਮ ਦਿੱਤੇ ਗਏ।

**- ਅਵਤਾਰ ਸਿੰਘ ਭੰਵਰਾ**

# ਮੋਟਰਸਾਈਕਲ ਰੇਹੜਾ ਯੂਨੀਅਨ ਇਲਾਕਾ ਫਿਲੌਰ ਦੀ ਚੋਣ ਹੋਈ

**ਫਿਲੌਰ (ਜੱਸੀ)-** ਮੋਟਰ ਸਾਈਕਲ ਰੇਹੜਾ ਯੂਨੀਅਨ ਇਲਾਕਾ ਫਿਲੌਰ ਦੇ ਵਰਕਰ ਭਾਰੀ ਗਿਣਤੀ ਵਿੱਚ ਫਿਲੌਰ ਵਿਖੇ ਇਕੱਠੇ ਹੋਏ ਤੇ ਆਪਣੀਆਂ ਸਮੱਸਿਆਵਾਂ ਸਬੰਧੀ ਮੀਟਿੰਗ ਗੁਰਦੀਪ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਸਮੇਂ ਦਿਹਾਤੀ ਮਜਦੂਰ ਸਭਾ ਤਹਿਸੀਲ ਫਿਲੌਰ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸ਼ਨ ਤੇ ਦੋਸ਼ ਲਗਾਇਆ ਕਿ ਉਹ ਇਹਨਾਂ ਗਰੀਬਾਂ ਦਾ ਰੁਜਗਾਰ ਖਤਮ ਕਰਨਾ ਚਾਹੁੰਦੀ ਹੈ ਤੇ ਇਹਨਾਂ ਨੂੰ ਇਸ ਕਰਕੇ ਪੁਲਿਸ ਵਲੋਂ ਸਰਕਾਰ ਦੀ ਸ਼ਹਿ ਤੇ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਸਮੇਂ ਉਨ੍ਹਾਂ ਕਿਹਾ ਕਿ ਜਲਦ ਹੀ ਮੀਟਿੰਗ ਕਰਕੇ ਅਗਲੇ ਪਰੋਗਰਾਮ ਦਾ ਐਲਾਨ ਕੀਤਾ ਜਾਵੇਗਾ। ਇਸ ਸਮੇਂ ਵੱਖ ਵੱਖ ਭਰਾਤਰੀ ਜਥੇਬੰਦੀਆਂ ਦੇ ਆਗੂ ਸ਼ਾਮਲ ਸਨ ਜਿਹਨਾਂ ਵਿੱਚ ਕੁਲਦੀਪ ਫਿਲੌਰ, ਜੀਤਾ ਪਾਲ਼ਾ, ਸੁਨੀਲ ਭੈਣੀ, ਪਰਸ਼ੋਤਮ ਫਿਲੌਰ, ਪ੍ਰਿਥੀ ਲਾਲ, ਮਾਸਟਰ ਹੰਸ ਰਾਜ ਆਦਿ ਹਾਜ਼ਰ ਸਨ। ਇਸ ਸਮੇਂ ਸਰਬਸੰਮਤੀ ਨਾਲ ਮੋਟਰਸਾਇਕਲ ਰੇਹੜਾ ਯੂਨੀਅਨ ਇਲਾਕਾ ਫਿਲੌਰ ਦੀ 15 ਮੈਂਬਰੀ ਆਰਜ਼ੀ ਕਮੇਟੀ ਦੀ ਚੋਣ ਕੀਤੀ ਗਈ ਜਿਸ ਵਿੱਚ ਪ੍ਰਧਾਨ ਗੁਰਦੀਪ ਸਿੰਘ, ਸਕੱਤਰ ਜਸਵੰਤ ਰਾਏ, ਕੈਸ਼ੀਅਰ ਅਮਰਜੀਤ, ਸਹਾਇਕ ਕੈਸ਼ੀਅਰ ਮਨੋਜ ਕੁਮਾਰ, ਮੈਂਬਰ ਬੀਰ ਪਰਤਾਪ, ਕੁਲਵਿੰਦਰ ਕੁਮਾਰ ਤਹਿੰਗ, ਸੋਮਨਾਥ, ਹੁਸਨ ਲਾਲ ਨਗਰ, ਤਿਲਕ ਰਾਜ, ਰਜਿੰਦਰ ਕੁਮਾਰ, ਸ਼ਿੰਦਾ ਫਿਲੌਰ, ਦਰਸ਼ਨ ਲਾਲ, ਸਤਨਾਮ ਸਿੰਘ, ਸੁਰਜੀਤ ਸਿੰਘ, ਮਲਕੀਅਤ ਕੁਮਾਰ ਚੁਣੇ ਗਏ।



# ਪੰਜਾਬ ਵਿਚ ਫਿਰ ਆਏ ਹੜ੍ਹ- ਲਹਿੰਦੇ ਪੰਜਾਬ ਤੋਂ ਆਏ ਪਾਣੀ ਨੇ ਡੁਬੋਏ ਤਿੰਨ ਪਿੰਡ

## 1988 ਤੋਂ ਬਾਅਦ ਕਦੇ ਵੀ ਇਸ ਇਲਾਕੇ 'ਚ ਨਹੀਂ ਆਇਆ ਸੀ ਪਾਣੀ

**ਫ਼ਾਜ਼ਿਲਕਾ–** ਫ਼ਾਜ਼ਿਲਕਾ ਵਿਚ ਸਤਲੁਜ ਦਰਿਆ ਤੋਂ ਪਾਰਲੇ 12 ਪਿੰਡਾਂ ਵਿਚ ਹੜ੍ਹਾਂ ਦੀ ਸਥਿਤੀ ਹੈ ਅਤੇ ਸਤਲੁਜ ਦਾ ਪਾਣੀ ਸਰਹੱਦਾਂ ਨੂੰ ਤੋੜਦਾ ਹੋਇਆ ਪਾਕਿਸਤਾਨ ਵੱਲ ਰੁਖ ਕਰ ਜਾਂਦਾ ਹੈ। ਚੜ੍ਹਦੇ ਪੰਜਾਬ ਦਾ ਪਾਣੀ ਲਹਿੰਦੇ ਪੰਜਾਬ ਤੱਕ ਪਹੁੰਚ ਕਰਦਾ ਹੈ ਪਰ ਸੋਮਵਾਰ ਸ਼ਾਮ ਲਹਿੰਦੇ ਪੰਜਾਬ ਤੋਂ ਨੂਰਨ ਪਿੰਡ ਦੇ ਨਾਲ ਲੱਗਦੀ ਝੰਗੜ ਚੌਕੀ ਕੋਲ ਇਹ ਦਬਾਅ ਵਧਣ ਕਾਰਨ ਇਹ ਪਾਣੀ ਲਹਿੰਦੇ ਪੰਜਾਬ ਤੋਂ ਚੜ੍ਹਦੇ ਪੰਜਾਬ ਵੱਲ ਪੈਣ ਲੱਗ ਗਿਆ।

ਜਾਣਕਾਰੀ ਦਿੰਦੇ ਹੋਏ ਪੱਕਾ ਚਿਸ਼ਤੀ ਦੇ ਕਾਰਜ ਸਿੰਘ, ਅਕਾਸ਼ਦੀਪ ਸਿੰਘ ਅਤੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਭਾਰਤ ਅਤੇ ਪਾਕਿਸਤਾਨ ਦੀ ਸਰੱਹਦ ਦੇ ਨਾਲ ਦੋ ਬਹੁਤ ਵੱਡੇ ਮੋਘੇ ਹਨ ਜਿਨ੍ਹਾਂ ਨੂੰ ਨਾ ਤਾਂ ਕਦੇ ਭਾਰਤ ਸਰਕਾਰ ਨੇ ਬੰਦ ਕਰਨ ਦੀ ਕੋਸ਼ਿਸ ਕੀਤੀ ਅਤੇ ਨਾ ਹੀ ਪਾਕਿਸਤਾਨ ਦੀ ਸਰਕਾਰ ਨੇ। ਬਜ਼ੁਰਗ ਦੱਸਦੇ ਸਨ ਕਿ ਇਹ ਮੋਘੇ ਬੰਦ ਨਹੀਂ ਹੋ ਸਕਦੇ ਕਿਉਂਕਿ ਦੋਵਾਂ ਸਰਕਾਰਾਂ ਦੇ ਸਮਝੌਤੇ ਕਾਰਨ ਇਨ੍ਹਾਂ ਨੂੰ ਬੰਦ ਨਹੀਂ ਕੀਤਾ ਜਾ ਸਕਦਾ। ਇਹ ਮੋਘੇ ਇੰਨੇ ਵੱਡੇ ਹਨ ਕਿ ਇਕ ਟਰੈਕਟਰ-ਟਰਾਲੀ ਇਕ ਮੋਘੇ ਵਿੱਚੋਂ ਆਰਾਮ ਨਾਲ ਨਿਕਲ ਸਕਦੀ ਹੈ। ਇਨ੍ਹਾਂ ਮੋਘਿਆਂ ਰਾਹੀਂ ਪਾਣੀ ਲਹਿੰਦੇ ਪੰਜਾਬ ਤੋਂ ਚੜ੍ਹਦੇ ਪੰਜਾਬ 'ਚ ਵਧਿਆ ਅਤੇ ਸਰਹੱਦ ਦੇ ਨਾਲ ਲੱਗਦੇ ਪਿੰਡ ਇਸ ਦੀ ਲਪੇਟ ਵਿਚ ਆ ਗਏ ਜਿਨ੍ਹਾਂ ਵਿਚ ਹੁਣ ਤੱਕ ਨੂਰਨ ਜਿੱਥੇ ਤੱਕ ਕੁੱਲ ਫਸਲ ਇਸ ਪਾਣੀ ਨਾਲ ਤਬਾਹ ਹੋ ਚੁੱਕੀ ਹੈ ਅਤੇ ਕਾਦਰ ਬਖਸ਼ ਪਿੰਡ ਦੀ ਫਸਲ ਵੀ ਬਰਬਾਦ ਹੋ ਚੁੱਕੀ ਹੈ। ਹੁਣ ਇਹ ਪਾਣੀ ਬੇਰੀ ਵਾਲੇ ਵੱਲ ਵਧ ਰਿਹਾ ਹੈ ਅਤੇ ਪਾਣੀ ਦੀ ਰਫ਼ਤਾਰ ਜੇ ਇੰਝ ਹੀ ਰਹੀ ਤਾਂ ਇਹ ਪਾਣੀ ਸਰਹੱਦੀ ਇਲਾਕੇ ਦੇ ਨਾਲ ਲੱਗਦੇ ਪਿੰਡਾਂ ਵਿਚ ਬਹੁਤ ਵੱਡਾ ਨੁਕਸਾਨ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇੱਥੇ ਹੁਣ ਤੱਕ ਪਾਣੀ ਨਹੀਂ ਆਇਆ ਸੀ, ਸਿਰਫ਼ 1988 ਵਿਚ ਆਏ ਹੜ੍ਹਾਂ ਕਾਰਨ ਹੀ ਇਸ ਇਲਾਕੇ ਵਿਚ ਪਾਣੀ ਆਇਆ ਸੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਵੱਲ ਜੋ ਵੀ ਨੁਕਸਾਨ ਹੋਇਆ ਹੈ, ਉਸ ਤੋਂ ਬਾਅਦ ਉਨ੍ਹਾਂ ਨੇ ਨੁਕਸਾਨ ਨੂੰ ਵਧਣ ਤੋਂ ਬਚਣ ਲਈ ਬੰਨ੍ਹ ਤਿਆਰ ਕਰ ਦਿੱਤੇ ਹਨ ਪਰ ਭਾਰਤ ਵਾਲੇ ਪਾਸੇ ਪ੍ਰਸ਼ਾਸਨ ਵੱਲੋਂ ਅਜਿਹੇ ਕੋਈ ਉਪਰਾਲੇ ਨਹੀਂ ਕੀਤੇ ਗਏ। ਲੋਕਾਂ ਦੀ ਮੰਗ ਹੈ ਕਿ ਪਾਣੀ ਨੂੰ ਵਧਣ ਤੋਂ ਬਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਇਸ ਬਾਰੇ ਜਦੋਂ ਤਹਿਸੀਲਦਾਰ ਗੁਰਸੇਵਕ ਚੰਦ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਕਾਨੂੰਗੋ ਰਵਿੰਦਰ ਕੁਮਾਰ ਦੀ ਡਿਊਟੀ ਲਗਾਈ ਗਈ ਗਈ ਹੈ ਅਤੇ ਕਾਨੂੰਗੋ ਰਵਿੰਦਰ ਕੁਮਾਰ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਸ ਇਲਾਕੇ ਵਿਚ ਪਾਣੀ ਦੇ ਵਹਾਅ ਨੂੰ ਰੋਕਣ ਲਈ ਤਿੰਨ ਜੇਸੀਬੀ ਮਸ਼ੀਨਾਂ ਅਤੇ ਪ੍ਰਸ਼ਾਸਨ ਦਾ ਪੂਰਾ ਅਮਲਾ ਲੱਗਾ ਹੋਇਆ ਹੈ। ਜਲਦੀ ਹੀ ਇਸ 'ਤੇ ਕਾਬੂ ਪਾ ਲਿਆ ਜਾਵੇਗਾ।

### ਤਿੰਨ ਨੌਜਵਾਨ ਸਤਲੁਜ 'ਚ ਰੁੜ੍ਹੇ



ਫਾਜ਼ਿਲਕਾ ਦੇ ਸਰਹੱਦੀ ਇਲਾਕੇ ਵਿੱਚੋਂ ਲੰਘਦੇ ਸਤਲੁਜ ਦਰਿਆ ਕਰਕੇ ਆਏ ਹੜ੍ਹਾਂ ਕਾਰਨ ਆਮ ਲੋਕਾਂ ਦਾ ਜੀਵਨ ਔਖਾ ਹੋ ਗਿਆ ਹੈ ਅਤੇ ਲੋਕ ਇਕ-ਦੂਜੇ ਦੀ ਮਦਦ ਲਈ ਘਰੋਂ ਨਿਕਲ ਰਹੇ ਹਨ। ਇਸ ਤਰ੍ਹਾਂ ਹੀ ਪਿੰਡ ਹਸਤਾ ਕਲਾਂ ਦੇ ਤਿੰਨ ਨੌਜਵਾਨ ਹੜ੍ਹ ਪੀੜ੍ਹਤਾਂ ਦੀ ਸੇਵਾ ਕਰਨ ਲਈ ਪਾਣੀ ਨਾਲ ਘਿਰੇ ਪਿੰਡਾਂ ਦੇ ਲੋਕਾਂ ਨੂੰ ਬਾਹਰ ਕੱਢਣ ਲਈ ਰੇਤੇ ਵਾਲੀ ਭੈਣੀ ਪੁੱਜੇ, ਜਿੱਥੇ ਲੋਕਾਂ ਨੂੰ ਪਾਣੀ ਵਿੱਚੋਂ ਕੱਢਦੇ ਅਤੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਂਦੇ ਹੋਏ ਇਹ ਨੌਜਵਾਨ ਪੈਰ ਤਿਲਕਣ ਕਾਰਨ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਏ। ਇਨ੍ਹਾਂ ਵਿੱਚੋਂ ਦੋ ਨੌਜਵਾਨਾਂ ਨੇ ਦਰਖਤਾਂ ਦੀਆਂ ਟਾਹਣੀਆਂ ਫੜ ਕੇ ਆਪਣੀ ਜਾਨ ਬਚਾ ਲਈ ਅਤੇ ਤੀਜਾ ਨੌਜਵਾਨ ਅਮਰਜੀਤ ਸਿੰਘ ਪੁੱਤਰ ਸ਼ੰਭੂ ਸਿੰਘ ਤੇਜ਼ ਵਹਾਅ ਵਿਚ ਰੁੜ੍ਹ ਗਿਆ।

ਵਧੇਰੇ ਜਾਣਕਾਰੀ ਦਿੰਦਿਆਂ ਏਐੱਸਆਈ ਮਿਲਖ ਰਾਜ ਨੇ ਦੱਸਿਆ ਕਿ ਤੇਜ਼ ਵਹਾਅ 'ਚ ਰੁੜੇ ਅਮਰਜੀਤ ਸਿੰਘ ਦੀ ਮੌਤ ਹੋ ਚੁੱਕੀ ਹੈ ਅਤੇ ਐੱਨਡੀਆਰਐੱਫ ਅਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਉਸ ਦੀ ਮ੍ਰਿਤਕ ਦੇਹ ਨੂੰ 15 ਘੰਟਿਆਂ ਬਾਅਦ ਲੱਭ ਲਿਆ ਗਿਆ ਹੈ ਅਤੇ ਪੋਸਟਮਾਰਟਮ ਤੋਂ ਬਾਅਦ ਵਾਰਸਾਂ ਦੇ ਹਵਾਲੇ ਕਰ ਦਿੱਤੀ ਜਾਵੇਗੀ। ਮ੍ਰਿਤਕ ਦੇ ਪਿਤਾ ਸ਼ੰਭੂ ਸਿੰਘ ਜੋ ਕਿ ਹਸਪਤਾਲ ਵਿੱਚ ਮੌਜੂਦ ਸੀ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਬਣਦੀ ਕਾਰਵਾਈ ਕਰ ਗਰੀਬ ਪਰਿਵਾਰ ਦੀ ਆਰਥਿਕ ਮਦਦ ਕੀਤੀ ਜਾਵੇ।

### ਬੰਨ੍ਹ ਨੂੰ ਲਗਾਤਾਰ ਲੱਗ ਰਿਹੈ ਖੋਰਾ

ਬੇਸ਼ੱਕ ਸਤਲੁਜ ਦਰਿਆ 'ਚ ਪਾਣੀ ਦਾ ਪੱਧਰ ਘੱਟ ਗਿਆ ਹੈ ਪਰ ਇਸ ਦੇ ਐਡਵਾਂਸ ਬੰਨ੍ਹ ਨੂੰ ਕਈ ਥਾਵਾਂ ਤੋਂ ਲਗਾਤਾਰ ਢਾਹ ਲੱਗਣ ਨਾਲ ਧੁੱਸੀ ਕੰਢੇ ਵੱਸਦੇ ਲੋਕਾਂ ਤੇ ਆਸ-ਪਾਸ ਦੇ ਪਿੰਡਾਂ ਦੇ ਲੋਕ ਸਹਿਮੇ ਪਏ ਹਨ। ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪੱਲਿਓਂ ਡੀਜ਼ਲ ਫੂਕ ਕੇ ਜੇਸੀਬੀ ਤੇ ਟਰੈਕਟਰਾਂ ਰਾਹੀਂ ਬੰਨ੍ਹ ਦੀ ਢਾਹ ਰੋਕਣ ਲਈ ਕਾਫੀ ਜੱਦੋ-ਜਹਿਦ ਕੀਤੀ ਹੈ ਪਰ ਪਾਣੀ ਦਾ ਵਹਾਅ ਤੇਜ਼ ਹੋਣ ਕਰ ਕੇ ਐਡਵਾਂਸ ਬੰਨ੍ਹ ਲਗਾਤਾਰ ਖੁਰਦਾ ਜਾ ਰਿਹਾ ਹੈ। ਡਰੇਨੇਜ ਵਿਭਾਗ ਦੇ ਅਧਿਕਾਰੀ ਤੇ ਪ੍ਰਸ਼ਾਸਨ ਵੱਲੋਂ ਇਸ ਪਾਸੇ ਬਿਲਕੁਲ ਹੀ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਹਾਲਾਂਕਿ ਵਿਭਾਗ ਦਾ ਕਹਿਣਾ ਹੈ ਕਿ ਪਾਣੀ ਕਾਫੀ ਨੀਵਾਂ ਹੈ ਅਤੇ ਖਤਰੇ ਵਾਲੀ ਕੋਈ ਗੱਲ ਨਹੀਂ ਹੈ। ਰਾਏਪੁਰ ਅਰਾਈਆਂ ਮੰਡ ਦੇ ਵਾਸੀ ਹਰਜਿੰਦਰ ਸਿੰਘ, ਪਰਮਿੰਦਰ ਸਿੰਘ, ਰਣਜੀਤ ਸਿੰਘ ਤੇ ਨਿਰਵੈਰ ਸਿੰਘ ਦਾ ਕਹਿਣਾ ਹੈ ਕਿ ਰੋਜ਼ਾਨਾ ਹੀ 60-70 ਫੁੱਟ ਐਡਵਾਂਸ ਬੰਨ੍ਹ ਦੀ ਮਿੱਟੀ ਪਾਣੀ ਦੀ ਢਾਹ ਵੱਜਣ ਨਾਲ ਦਰਿਆ 'ਚ ਮਿਲਦੀ ਜਾ ਰਹੀ ਹੈ। ਹਫਤਾ ਪਹਿਲਾਂ ਪਾਣੀ ਪਿੰਡ ਤੋਂ 5 ਕਿੱਲੇ ਦੂਰ ਸੀ ਪਰ ਅੱਜ ਸਿਰਫ 2 ਕਿੱਲੇ ਦੀ ਵਾਟ 'ਤੇ ਰਹਿ ਗਿਆ ਹੈ। ਜੇ ਵਿਭਾਗ ਤੇ ਪ੍ਰਸ਼ਾਸਨ ਨੇ ਤੁਰੰਤ ਇਸ ਨੂੰ ਰੋਕਣ ਦਾ ਪ੍ਰਬੰਧ ਨਾ ਕੀਤਾ ਜਾਂ ਅਗਲੇ ਤਿੰਨ-ਚਾਰ ਤਕ ਦਿਨਾਂ ਤਕ ਧੁੱਸੀ ਬੰਨ੍ਹ ਨੂੰ ਢਾਹ ਲੱਗ ਸਕਦੀ ਹੈ, ਜਿਸ ਨਾਲ ਉਨ੍ਹਾਂ ਦੇ ਪਿੰਡ ਤੋਂ ਇਲਾਵਾ ਧੁੱਸੀ ਬੰਨ੍ਹ 'ਤੇ ਰਹਿ ਰਹੇ 100 ਤੋਂ ਵੀ ਵੱਧ ਪਰਿਵਾਰਾਂ ਤੇ ਚਾਰ ਹੋਰ ਪਿੰਡਾਂ 'ਚ ਪਾਣੀ ਵੜ ਜਾਵੇਗਾ।

### ਸੜਕਾਂ 'ਤੇ ਰਾਤਾਂ ਕੱਢਣ ਨੂੰ ਮਜਬੂਰ ਹੋਏ ਲੋਕ

**ਪੱਟੀ–** ਹਥਾੜ੍ਹ ਇਲਾਕੇ ਦੇ ਦਰਜਨਾਂ ਪਿੰਡਾਂ ਅੰਦਰ ਹੜ੍ਹ ਨੇ ਤਬਾਹੀ ਮਚਾਈ ਹੋਈ ਹੈ। ਲੋਕ ਘਰਬਾਰ ਅਤੇ ਆ-ਪਣੀਆਂ ਜ਼ਮੀਨਾਂ ਛੱਡ ਕੇ ਬੱਚਿਆਂ ਸਮੇਤ ਸੜਕਾਂ 'ਤੇ ਰਾਤਾਂ ਕੱਟਣ ਲਈ ਮਜਬੂਰ ਹੋ ਗਏ ਹਨ। ਪੱਟੀ ਸਬ ਡਵੀਜ਼ਨ ਦੇ ਪਿੰਡ ਕੋਟਬੁੱਢਾ ਹਥਾੜ੍ਹ, ਘੜੁੰਮ ਸਮੇਤ ਧੁੱਸੀ ਬੰਨ੍ਹ ਨੇੜੇ ਪਾਣੀ ਨਾਲ ਕਈ ਪਿੰਡ ਪ੍ਰਭਾਵਿਤ ਹੋਏ ਹਨ। ਇਥੇ ਕਈ ਪਿੰਡਾਂ ਵਿਚ 5-5 ਫੁੱਟ ਤਕ ਪਾਣੀ ਭਰਿਆ ਹੋਇਆ ਹੈ। ਪ੍ਰਸ਼ਾਸਨ ਲੋਕਾਂ ਦੀ ਮਦਦ 'ਚ ਜੁਟਿਆ ਹੋਇਆ ਹੈ। ਕੁਝ ਲੋਕ ਅਜੇ ਵੀ ਘਰਾਂ ਵਿਚ ਹਨ ਪਰ ਉਨ੍ਹਾਂ ਤਕ ਕੋਈ ਵੀ ਸਹੂਲਤ ਨਹੀਂ ਪੁੱਜ ਰਹੀ।

ਪਿੰਡ ਕੋਟਬੁੱਢਾ ਬੰਨ੍ਹ ਨੇੜੇ ਸਲਵਿੰਦਰ ਸਿੰਘ ਤੇ ਗੁਰਬਚਨ ਸਿੰਘ ਨੇ ਦੱਸਿਆ ਕਿ ਰਾਹਤ ਕਾਰਜ ਦੀਆਂ ਗੱਡੀਆਂ ਆਉਂਦੀਆਂ ਹਨ ਪਰ ਰੁਕਦੀਆਂ ਨਹੀਂ। ਗੱਡੀਆਂ ਵਾਲੇ ਕਹਿੰਦੇ ਹਨ ਕਿ ਸਿਰਫ ਸਰਕਾਰੀ ਕੈਂਪਾਂ ਵਿਚ ਰਾਹਤ ਸਮੱਗਰੀ ਦਿੱਤੀ ਜਾ ਰਹੀ ਹੈ। ਦਰਿਆ ਦੇ ਨਾਲ ਲੱਗਦੇ ਕਈ ਪਿੰਡ ਡੁੱਬ ਗਏ ਹਨ। ਲੋਕ ਘਰ ਛੱਡਣ ਲਈ ਮਜਬੂਰ ਹੋਏ ਹਨ। ਪਾੜ ਨੂੰ ਪੂਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਬੰਨ੍ਹ ਨੂੰ ਪੂਰਨ ਲਈ ਰਾਹਤ ਟੀਮਾਂ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਸਭਰਾਂ ਅਤੇ ਕੋਟਬੁੱਢਾ ਨਜ਼ਦੀਕ ਧੁੱਸੀ ਬੰਨ੍ਹ ਵਿਚ ਪਏ ਪਾੜ ਨੂੰ ਭਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਰੱਖਦਿਆਂ ਪਿੰਡ ਦੇ ਨੌਜਵਾਨਾਂ ਵੱਲੋਂ ਮਿਹਨਤ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਹਿਮਾਚਲ ਪ੍ਰਦੇਸ਼ ਵਿਚ ਹੋ ਰਹੀ ਬਰਸਾਤ ਕਾਰਨ ਭਾਖੜਾ ਡੈਮ 'ਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਦੇ ਨੇੜੇ ਪਹੁੰਚਣ ਪਿੱਛੋਂ ਡੈਮ ਦੇ ਫਲੱਡ ਗੇਟ ਖੋਲ੍ਹਣ ਨਾਲ ਪੰਜਾਬ ਵਿਚ ਮੁੜ ਹੜ੍ਹ ਦਾ ਖਤਰਾ ਬਣ ਗਿਆ ਸੀ ਅਤੇ ਧੁੱਸੀ ਬੰਨ੍ਹ ਟੁੱਟਣ ਕਾਰਨ ਪੱਟੀ ਸਬ ਡਵੀਜ਼ਨ ਦੇ ਕਈ ਪਿੰਡ ਡੁੱਬ ਗਏ।

# ਕੀ ਚੰਦ ਗੋਲ ਹੈ ਅਤੇ ਇਸ ਉਤੇ ਟੋਏ ਕਿਵੇਂ ਪਏ?

ਚੰਦਰਯਾਨ-3 ਦੇ ਲਾਂਚ ਹੋਣ ਦੇ ਨਾਲ-ਨਾਲ ਚੰਦਰਮਾ ਨੂੰ ਲੈ ਕੇ ਵੀ ਲੋਕਾਂ ਦੀ ਦਿਲਚਸਪੀ ਵਧਦੀ ਨਜ਼ਰ ਆ ਰਹੀ ਹੈ। ਪਿਛਲੇ ਕੁਝ ਦਿਨਾਂ ਤੋਂ ਇੰਟਰਨੈੱਟ 'ਤੇ ਚੰਨ ਨਾਲ ਜੁੜੇ ਕਈ ਸਵਾਲ ਪੁੱਛੇ ਜਾ ਰਹੇ ਹਨ। ਇੱਥੇ ਅਸੀਂ ਤੁਹਾਨੂੰ ਚੰਦਰਮਾ ਨਾਲ ਜੁੜੀਆਂ ਅਜਿਹੀਆਂ ਹੀ 10 ਗੱਲਾਂ ਦੱਸ ਰਹੇ ਹਾਂ ਜੋ ਸ਼ਾਇਦ ਤੁਸੀਂ ਨਹੀਂ ਜਾਣਦੇ ਹੋਵੋਗੇ।

ਪੂਰਨਮਾਸੀ ਵਾਲੇ ਦਿਨ, ਚੰਦ ਬਿਲਕੁਲ ਗੋਲ ਦਿ-ਖਾਈ ਦਿੰਦਾ ਹੈ। ਪਰ ਅਸਲ ਵਿੱਚ ਇੱਕ ਉਪਗ੍ਰਹਿ ਦੇ ਰੂਪ ਵਿੱਚ ਚੰਦਰਮਾ ਇੱਕ ਗੇਂਦ ਵਾਂਗ ਗੋਲ ਨਹੀਂ ਹੈ ਸਗੋਂ ਇਹ ਅੰਡਾਕਾਰ ਹੈ। ਇਸ ਲਈ, ਜਦੋਂ ਤੁਸੀਂ ਚੰਦਰਮਾ ਨੂੰ ਦੇਖ ਰਹੇ ਹੋ, ਤਾਂ ਤੁਹਾਨੂੰ ਇਸ ਦਾ ਕੁਝ ਹਿੱਸਾ ਹੀ ਨਜ਼ਰ ਆਉਂਦਾ ਹੈ। ਇਸ ਦੇ ਨਾਲ ਹੀ ਚੰਦਰਮਾ ਦਾ ਭਾਰ ਵੀ ਇਸ ਦੇ ਜਿਓਮੈਟ੍ਰਿਕ ਸੈਂਟਰ ਵਿੱਚ ਨਹੀਂ ਹੈ। ਇਹ ਇਸ ਦੇ ਜਿਓਮੈਟ੍ਰਿਕ ਸੈਂਟਰ ਤੋਂ 1.2 ਮੀਲ ਦੂਰ ਹੈ।

ਚੰਨ ਕਦੇ ਪੂਰਾ ਨਹੀਂ ਦਿਖਾਈ ਦਿੰਦਾ। ਜਦੋਂ ਤੁਸੀਂ ਚੰਦਰਮਾ ਨੂੰ ਦੇਖਦੇ ਹੋ, ਤਾਂ ਤੁਸੀਂ ਇਸ ਦਾ ਵੱਧ ਤੋਂ ਵੱਧ 59 ਪ੍ਰਤੀਸ਼ਤ ਦੇਖ ਸਕਦੇ ਹੋ। ਚੰਦ ਦਾ 41 ਫੀਸਦੀ ਹਿੱਸਾ ਧਰਤੀ ਤੋਂ ਨਜ਼ਰ ਹੀ ਨਹੀਂ ਆਉਂਦਾ। ਜੇਕਰ ਤੁਸੀਂ ਪੁਲਾੜ 'ਚ ਜਾ ਕੇ ਉਸ 41 ਫੀਸਦੀ ਖੇਤਰ 'ਚ ਖੜ੍ਹੇ ਹੋਵੋ ਤਾਂ ਤੁਹਾਨੂੰ ਧਰਤੀ ਨਜ਼ਰ ਨਹੀਂ ਆਵੇਗੀ।

### 'ਬਲੂ ਮੂਨ' ਦਾ ਜਵਾਲਾਮੁਖੀ ਫਟਣ ਨਾਲ ਸਬੰਧ

ਮੰਨਿਆ ਜਾਂਦਾ ਹੈ ਕਿ ਚੰਦਰਮਾ ਨਾਲ ਜੁੜਿਆ 'ਬਲੂ ਮੂਨ' ਸ਼ਬਦ 1883 ਵਿਚ ਇੰਡੋਨੇਸ਼ੀਆ ਦੇ ਕ੍ਰਾਕਾਤੋਆ ਟਾਪੂ ਵਿੱਚ ਜਵਾਲਾਮੁਖੀ ਫਟਣ ਕਾਰਨ ਇਸਤੇਮਾਲ ਵਿੱਚ ਆਇਆ। ਇਸ ਨੂੰ ਧਰਤੀ ਦੇ ਇਤਿਹਾਸ



ਵਿੱਚ ਸਭ ਤੋਂ ਭਿਆਨਕ ਜਵਾਲਾਮੁਖੀ ਫਟਣ ਦੀਆਂ ਘਟਨਾਵਾਂ ਵਿੱਚ ਗਿਣਿਆ ਜਾਂਦਾ ਹੈ। ਕੁਝ ਰਿਪੋਰਟਾਂ ਮੁਤਾਬਕ, ਇਸ ਧਮਾਕੇ ਦੀ ਆਵਾਜ਼ ਪੱਛਮੀ ਆਸਟ੍ਰੇਲੀਆ ਦੇ ਸ਼ਹਿਰ ਪਰਥ, ਮਾਰੀਸ਼ਸ ਤੱਕ ਸੁਣੀ ਗਈ ਸੀ। ਇਸ ਧਮਾਕੇ ਤੋਂ ਬਾਅਦ ਮਾਹੌਲ 'ਚ ਇੰਨੀ ਸੁਆਹ ਫੈਲ ਗਈ ਕਿ ਸੁਆਹ ਨਾਲ ਭਰੀਆਂ ਰਾਤਾਂ 'ਚ ਚੰਦ ਨੀਲਾ ਦਿਖਾਈ ਦਿੱਤਾ। ਇਸ ਤੋਂ ਬਾਅਦ ਹੀ ਇਸ 'ਬਲੂ ਮੂਨ' ਸ਼ਬਦਾਂ ਦੀ ਸ਼ੁਰੂਆਤ ਮੰਨੀ ਜਾਂਦੀ ਹੈ।

### ਚੰਦ 'ਤੇ ਇੰਨੇ ਡੂੰਘੇ ਟੋਏ ਕਿਵੇਂ ਬਣੇ

ਚੀਨ 'ਚ ਇੱਕ ਪ੍ਰਾਚੀਨ ਧਾਰਨਾ ਹੈ ਕਿ ਸੂਰਜ ਗ੍ਰਹਿਣ ਇੱਕ ਡਰੈਗਨ ਦੁਆਰਾ ਸੂਰਜ ਨੂੰ ਨਿਗਲਣ ਕਾਰਨ ਹੁੰਦਾ ਹੈ। ਇਸ ਦੀ ਪ੍ਰਤੀਕਿਰਿਆ 'ਚ ਚੀਨ ਦੇ ਲੋਕ ਜਿੰਨਾ ਹੋ ਸਕੇ ਓਨਾ ਰੌਲ਼ਾ ਪਾਉਂਦੇ ਹਨ। ਉਨ੍ਹਾਂ ਦੀ ਇਹ ਵੀ ਮਾਨਤਾ ਹੈ ਕਿ ਚੰਨ 'ਤੇ ਇੱਕ ਡੱਡੂ ਰਹਿੰਦਾ ਹੈ, ਜੋ ਉਨ੍ਹਾਂ ਟੋਇਆਂ ਵਿੱਚ ਬੈਠਦਾ ਹੈ। ਪਰ ਚੰਦਰਮਾ 'ਤੇ ਮੌਜੂਦ ਇਮਪੈਕਟ ਕ੍ਰੇਟਰ ਭਾਵ ਡੂੰਘੇ ਟੋਏ, ਚਾਰ ਅਰਬ ਸਾਲ ਪਹਿਲਾਂ ਆਕਾਸ਼ੀ ਪਿੰਡਾਂ ਦੇ ਟਕਰਾਉਣ ਨਾਲ ਬਣੇ ਹਨ।

### ਚੰਦਰਮਾ ਧਰਤੀ ਦੀ ਰਫ਼ਤਾਰ ਨੂੰ ਹੌਲੀ ਕਰ ਰਿਹਾ ਹੈ

ਜਦੋਂ ਚੰਦਰਮਾ ਧਰਤੀ ਦੇ ਸਭ ਤੋਂ ਨੇੜੇ ਹੁੰਦਾ ਹੈ, ਤਾਂ ਇਸ ਨੂੰ ਪ੍ਰੇਗਿਰੀ ਕਿਹਾ ਜਾਂਦਾ ਹੈ। ਇਸ ਸਮੇਂ ਦੌਰਾਨ ਲਹਿਰਾਂ ਦਾ ਪੱਧਰ ਆਮ ਨਾਲੋਂ ਕਾਫ਼ੀ ਵੱਧ ਜਾਂਦਾ ਹੈ। ਤੁਸੀਂ ਜਵਾਰ-ਭਾਟਾ ਤਾਂ ਸੁਣਿਆ ਹੀ ਹੋਣਾ। ਇਸ ਦੌਰਾਨ ਚੰਦਰਮਾ ਧਰਤੀ ਦੀ ਘੁੰਮਣ ਸ਼ਕਤੀ ਨੂੰ ਵੀ ਘੱਟ ਕਰ ਦਿੰਦਾ ਹੈ, ਜਿਸ ਕਾਰਨ ਧਰਤੀ ਹਰ ਸਦੀ ਵਿੱਚ 1.5 ਮਿਲੀ ਸੈਕਿੰਡ ਹੌਲੀ ਹੋ ਰਹੀ ਹੈ।

# ਟਿਮ ਟਿਮ ਚਮਕੇ ਨਿੱਕਾ ਤਾਰਾ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਅਮਨਦੀਪ ਸਿੰਘ**
**ਪ੍ਰਕਾਸ਼ਕ: ਯੂਨੀਸਟਾਰ ਬੁਕਸ ਮੁਹਾਲੀ, ਪੰਨੇ: 36, ਮੁੱਲ:120**

ਅਮਰੀਕਾ ਵਸਦੇ ਸਾਹਿਤਕਾਰ ਅਮਨਦੀਪ ਸਿੰਘ ਦੀ ਬਾਲ ਸਾਹਿਤ ਵਿਚ ਵਿਸ਼ੇਸ਼ ਰੁਚੀ ਹੈ। ਇਸ ਤੋਂ ਪਹਿਲਾਂ ਉਹ ਵਿਗਿਆਨਕ ਕਹਾਣੀ ਸੰਗ੍ਰਹਿ 'ਟੁੱਟਦੇ ਤਾਰਿਆਂ ਦੀ ਦਾਸਤਾਨ' ਅਤੇ ਕਾਵਿ ਸੰਗ੍ਰਹਿ 'ਕੰਕਰ ਪੱਥਰ' ਪਾਠਕਾਂ ਦੀ ਝੋਲੀ ਪਾ ਚੁੱਕੇ ਹਨ। ਇਹਨਾਂ ਪੁਸਤਕਾਂ ਦੇ ਹੁੰਗਾਰੇ ਨੇ ਉਸ ਅੰਦਰ ਨਵੇਂ ਸ਼ਬਦਾਂ ਦਾ ਸੰਚਾਰ ਕੀਤਾ ਹੈ। ਜਿਸ ਕਰਕੇ ਉਹਨਾਂ ਨੂੰ ਆਪਣੇ ਬਚਪਨ ਦੀ ਬਾਤਾਂ ਪਾਉਣ ਦਾ ਮੌਕਾ ਮਿਲਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਇਨਸਾਨ ਵਿਚ ਬਚਪਨ ਛੁਪਿਆ ਰਹਿੰਦਾ ਹੈ। ਉਹ ਉਸ ਵੇਲੇ ਨੂੰ ਜਦੋਂ ਯਾਦ ਕਰਦਾ ਹੈ ਤਾਂ ਉਹ ਸਮਾਂ ਬੀਤੇ ਦੀ ਇਕ ਕਹਾਣੀ ਬਣ ਚੁੱਕਾ ਹੁੰਦਾ ਹੈ। ਬੇਟੀ ਹਰਨੀਤ ਅਤੇ ਬੇਟੇ ਹਰਮਨ ਨੂੰ ਇਹ ਪੁਸਤਕ ਸਮਰਪਿਤ ਕੀਤੀ ਗਈ ਹੈ। ਇਥੋਂ ਇਹ ਸਿੱਧ ਹੁੰਦਾ ਹੈ ਕਿ ਕਵੀ ਆਪਣੇ ਬੱਚਿਆਂ ਵਿਚੋਂ ਆਪਣੇ ਬਚਪਨ ਤੇ ਝਾਤੀ ਮਾਰਦਾ ਹੈ।

ਭਾਵੇਂ ਕਿ ਬਾਲ ਸਾਹਿਤ ਦੀ ਸਿਰਜਣਾ ਕਰਨਾ ਹਾਰੀ ਸਾਰੀ ਦਾ ਕੰਮ ਨਹੀਂ ਪਰ ਸ਼ਾਇਰ ਇਸ ਪੁਸਤਕ ਦੀ ਸਿਰਜਣਾ ਨਾਲ ਬਾਲ ਸਾਹਿਤ ਜਗਤ ਵਿਚ ਸਫ਼ਲਤਾ ਪੌੜੀਆਂ ਚੜ੍ਹਦਾ ਪ੍ਰਤੀਤ ਹੁੰਦਾ ਹੈ। ਉਸਦੀ ਹਰ ਰਚਨਾ ਵਿਚ ਇਕ ਨਿਰਾਲਾਪੰਨ ਹੈ। ਕਲਪਨਾ ਦੀਆਂ ਉਡਾਰੀਆਂ ਉੱਚੀਆਂ ਤੇ ਲੰਮੀਆਂ ਹਨ। ਵਿਗਿਆਨ ਦੀ ਕਸਵੱਟੀ ਤੇ ਪਰਖੀਆਂ ਹੋਈਆਂ ਇਹ ਬਾਲ ਕਵਿਤਾਵਾਂ ਹਰ ਪਾਠਕ ਦੇ ਮਨ ਤੇ ਗਹਿਰੀ ਛਾਪ ਲਾਉਂਦੀਆਂ ਹਨ।

ਛੱਤੀ ਪੰਨਿਆਂ ਤੇ ਪਸਰੀ ਬਹੁਰੰਗੀ ਇਹ ਪੁਸਤਕ ਨੰਨ੍ਹੇ-ਮੁੰਨੇ ਪਾਠਕਾਂ ਨੂੰ ਪਹਿਲੀ ਨਜ਼ਰੇ ਹੀ ਆਕਰਸ਼ਿਤ ਕਰ ਜਾਂਦੀ ਹੈ। ਦਿਲ ਖਿਚਵਾਂ ਟਾਈਟਲ ਅਤੇ ਕਵਿਤਾਵਾਂ ਨਾਲ ਬਣੇ ਬਹੁਰੰਗੇ ਚਿੱਤਰ ਹੋਰ ਅੱਗੇ ਪੜ੍ਹਨ ਦੀ ਦਿਲਚਸਪੀ ਪੈਦਾ ਕਰਦੇ ਹਨ। ਪੁਸਤਕ ਵਿਚ ਦਰਜ ਛੱਬੀ ਬਾਲ ਕਵਿਤਾਵਾਂ ਬਾਲ ਮਨਾਂ ਅੰਦਰ ਆਲੇ ਦੁਆਲੇ ਨਾਲ ਮੋਹ ਅਤੇ ਕੁਦਰਤ ਦੀ ਸਾਂਭ ਸੰਭਾਲ ਲਈ ਤਿਆਰ ਕਰਦੀਆਂ ਹਨ। ਚੰਨ ਤਾਰਿਆਂ ਦੀਆਂ




ਗੱਲਾਂ ਦੇ ਨਾਲ ਨਾਲ ਧਰਤੀ ਤੇ ਵਸਦੇ ਜੀਵਾਂ ਬਾਰੇ ਵੀ ਗਿਆਨਵਰਧਕ ਰਚਨਾਵਾਂ ਸ਼ਾਮਲ ਕੀਤੀਆਂ ਹਨ। ਬਰਫ਼ ਨਾਲ ਖੇਡਣਾ, ਫੁੱਲਾਂ ਦੀ ਮਹਿਕ ਨੂੰ ਮਾਨਣਾ, ਪਿੰਡ ਦੀ ਨੁਹਾਰ ਦੇ ਦਰਸ਼ਨ, ਬਸੰਤ ਰੁੱਤ, ਫਲਾਂ ਦੀ ਜ਼ਰੂਰਤ ਸਮੇਤ ਮਾਂ ਬੋਲੀ ਪੰਜਾਬੀ ਦਾ ਵੀ ਗੁਣ ਗਾਨ ਕੀਤਾ ਗਿਆ ਹੈ।

ਕੁੱਝ ਕਵਿਤਾਵਾਂ ਤੇ ਅੰਗਰੇਜ਼ੀ ਪ੍ਰਭਾਵ ਸਹਿਜੇ ਹੀ ਦੇਖਿਆ ਜਾ ਸਕਦਾ ਹੈ। ਅਮਰੀਕਾ ਵਸਦੇ ਇਕ ਇੰਜਨੀਅਰ ਸ਼ਾਇਰ ਵਲੋਂ ਇਕ ਨਿਵੇਕਲੀ ਪੁਸਤਕ ਦੀ ਸਿਰਜਣਾ ਕਰਨੀ ਭਾਗ ਭਰੀ ਸੂਚਨਾ ਹੈ। ਹੁਣ ਅਮਨਦੀਪ ਸਿੰਘ ਬਾਲ ਸਾਹਿਤ ਜਗਤ ਵਿਚ ਵੀ ਸੰਦਲੀ ਪੈੜਾਂ ਪਾਵੇਗਾ।

ਇਸ ਗੱਲ ਦਾ ਸਬੂਤ ਇਸ ਰੌਚਕ ਅਤੇ ਗਿਆਨ ਵਿਗਿਆਨ ਨਾਲ ਭਰਪੂਰ ਪੁਸਤਕ ਤੋਂ ਮਿਲਦਾ ਹੈ।

# ਤਾਪਮਾਨ ਦੇ ਵਾਧੇ ਨਾਲ ਝੁਲਸਦੇ ਦੇਸ



**ਡਾ. ਗੁਰਿੰਦਰ ਕੌਰ**
ਸਾਬਕਾ ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ ਯੂਨੀ: ਪਟਿਆਲਾ।
001-408-493-9776

ਵਰਲਡ ਮੈਟਰੋਲੋਜ਼ੀਕਲ ਔਰਗਨਾਈਜ਼ੇਸ਼ਨ (ਡਬਲਿਯੂ.ਐੱਮ.ਓ.) ਅਤੇ ਕੋਪਰਨਿਕਸ ਕਲਾਈਮੇਟ ਚੇਂਜ ਸਰਵਿਸ ਸੰਸਥਾਵਾਂ ਅਨੁਸਾਰ 2023 ਦੇ ਜੁਲਾਈ ਦੇ ਮਹੀਨੇ ਦਾ ਹੁਣ ਤੱਕ ਦੇ ਰਿਕਾਰਡ ਅਨੁਸਾਰ ਸਭ ਤੋਂ ਗਰਮ ਮਹੀਨਾ ਬਣ ਜਾਣਾ ਲਗਭਗ ਨਿਸ਼ਚਤ ਹੈ। ਇਨ੍ਹਾਂ ਸੰਸਥਾਵਾਂ ਅਨੁਸਾਰ ਜੁਲਾਈ 2023 ਦੇ ਪਹਿਲੇ 23 ਦਿਨਾਂ ਦਾ ਔਸਤ ਤਾਪਮਾਨ 16.95 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਹੈ ਜੋ 2019 ਦੇ ਜੁਲਾਈ ਦੇ ਪੂਰੇ ਮਹੀਨੇ (ਜੋ ਹੁਣ ਤੱਕ ਦਾ ਸੱਭ ਤੋਂ ਗਰਮ ਮਹੀਨਾ ਸੀ) ਦੇ ਔਸਤ ਤਾਪਮਾਨ 16.63 ਡਿਗਰੀ ਸੈਲਸੀਅਸ ਤੋਂ 0.32 ਡਿਗਰੀ ਸੈਲਸੀਅਸ ਵੱਧ ਹੈ। 6 ਜੁਲਾਈ 2023 ਨੂੰ ਧਰਤੀ ਦਾ ਔਸਤ ਤਾਪਮਾਨ 17.08 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਜਿਸ ਨਾਲ ਇਹ ਹੁਣ ਤੱਕ ਦਾ ਸਭ ਤੋਂ ਗਰਮ ਦਿਨ ਬਣ ਗਿਆ ਹੈ। 6 ਜੁਲਾਈ ਦੇ ਔਸਤ ਤਾਪਮਾਨ ਨੇ 2016 (ਜੋ ਹੁਣ ਤੱਕ ਦਾ ਸੱਭ ਤੋਂ ਗਰਮ ਸਾਲ ਸੀ) ਦੇ 13 ਅਗਸਤ ਦੇ ਔਸਤ ਤਾਪਮਾਨ 16.80 ਡਿਗਰੀ ਸੈਲਸੀਅਸ ਦੇ ਰਿਕਾਰਡ ਨੂੰ ਤੋੜ ਕੇ ਇੱਕ ਨਵਾਂ ਰਿਕਾਰਡ ਕਾਇਮ ਕਰ ਦਿੱਤਾ ਹੈ। 5 ਅਤੇ 7 ਜੁਲਾਈ ਦੇ ਦੋਹਾਂ ਦਿਨਾਂ ਦਾ ਤਾਪਮਾਨ ਵੀ ਔਸਤ ਤਾਪਮਾਨ ਨਾਲੋਂ ਵੱਧ ਸੀ ਜੋ 6 ਜੁਲਾਈ ਦੇ ਤਾਪਮਾਨ ਤੋਂ ਸਿਰਫ਼ 0.01 ਡਿਗਰੀ ਸੈਲਸੀਅਸ ਘੱਟ ਸੀ। ਡਬਲਿਯੂ.ਐੱਮ.ਓ. ਦੀ ਇੱਕ ਹੋਰ ਰਿਪੋਰਟ ਅਨੁਸਾਰ 2023 ਦੇ ਜੁਲਾਈ ਦੇ ਮਹੀਨੇ ਦੇ ਪਹਿਲੇ ਅਤੇ ਤੀਜੇ ਹਫ਼ਤੇ ਵਿੱਚ ਧਰਤੀ ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਤੋਂ ਪਹਿਲਾਂ ਦੇ ਸਮੇਂ ਦੇ ਔਸਤ ਤਾਪਮਾਨ ਤੋਂ ਪੈਰਿਸ ਮੌਸਮੀ ਸਮਝੌਤੇ ਵਿੱਚ ਨਿਰਧਾਤ ਕੀਤੀ ਗਈ 1.5 ਡਿਗਰੀ ਸੈਲਸੀਅਸ ਸੀਮਾ ਨੂੰ ਪਾਰ ਕਰ ਚੁੱਕਿਆ ਹੈ।

ਇਸ ਤਰ੍ਹਾਂ ਦੇ ਵਰਤਾਰੇ ਬਾਰੇ ਡਬਲਿਯੂ.ਐੱਮ.ਓ. ਦੀ 17 ਮਈ 2023 ਦੀ ਇੱਕ ਰਿਪੋਰਟ ਰਾਹੀਂ ਪਹਿਲਾਂ ਹੀ ਚਿਤਾਵਨੀ ਦਿੱਤੀ ਗਈ ਸੀ। 2023-27 ਤੱਕ ਦੇ ਪੰਜ ਸਾਲਾਂ ਵਿੱਚ ਧਰਤੀ ਦਾ ਔਸਤ ਤਾਪਮਾਨ ਘੱਟੋ-ਘੱਟ ਇੱਕ ਵਾਰ ਅਸਥਾਈ ਤੌਰ ਉੱਤੇ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਔਸਤ ਤਾਪਮਾਨ ਤੋਂ 1.5 ਡਿਗਰੀ ਸੈਲਸੀਅਸ ਵਧ ਜਾਣ ਦੀ 98 ਫ਼ੀਸਦ ਸੰਭਾਵਨਾ ਹੈ। ਇਨ੍ਹਾਂ ਪੰਜ ਸਾਲਾਂ ਵਿੱਚੋਂ ਇੱਕ ਸਾਲ ਦੇ ਦੁਨੀਆ ਦਾ ਸਭ ਤੋਂ ਗਰਮ ਸਾਲ ਹੋਣ ਦੀ ਵੀ 66 ਫ਼ੀਸਦ ਸੰਭਾਵਨਾ ਹੈ।

ਸੰਯੁਕਤ ਰਾਜ ਅਮਰੀਕਾ ਦੀ ਨੋਆ ਸੰਸਥਾ ਦੀ 20 ਜੁਲਾਈ 2023 ਦੀ ਇੱਕ ਰਿਪੋਰਟ ਅਨੁਸਾਰ ਜੂਨ ਦਾ ਮਹੀਨਾ ਵੀ ਹੁਣ ਤੱਕ ਦਾ ਸਭ ਤੋਂ ਗਰਮ ਜੂਨ ਦਾ ਮਹੀਨਾ ਰਿਹਾ ਹੈ। ਇਸ ਸਾਲ ਦੀ ਸ਼ੁਰੂਆਤ ਜਨਵਰੀ ਤੋਂ ਲੈ ਕੇ ਮਈ ਤੱਕ ਦੇ ਮਹੀਨਿਆਂ ਵਿੱਚ ਧਰਤੀ ਦਾ ਤਾਪਮਾਨ ਔਸਤ ਨਾਲੋਂ ਉੱਚਾ ਰਿਹਾ ਹੈ। ਇਸ ਸਾਲ ਜੂਨ ਅਤੇ ਜੁਲਾਈ ਵਿੱਚ ਪੂਰਬ ਵਿੱਚ ਜਾਪਾਨ ਤੋਂ ਲੈ ਕੇ ਪੱਛਮ ਵਿੱਚ ਸੰਯੁਕਤ ਰਾਜ ਅਮਰੀਕਾ ਤੱਕ ਕਈ ਰਿਕਾਰਡ ਟੁੱਟ ਚੁੱਕੇ ਹਨ। ਜੂਨ ਵਿੱਚ ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ ਲਗਾਤਾਰ 5 ਦਿਨ ਤਾਪਮਾਨ 35 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਜਾਪਾਨ ਦੇ ਇੱਕ ਹੋਰ ਇਸੇਸਾਕੀ ਨਾਂ ਦੇ ਸ਼ਹਿਰ ਵਿੱਚ ਜੂਨ ਵਿੱਚ 40 ਡਿਗਰੀ ਸੈਲਸੀਅਸ ਤਾਪਮਾਨ ਰਿਕਾਰਡ ਕੀਤਾ ਗਿਆ ਜੋ ਹੁਣ ਤੱਕ ਦਾ ਜੂਨ ਵਿੱਚ ਸਭ ਤੋਂ ਉੱਚਾ ਤਾਪਮਾਨ ਹੈ। ਇਸ ਨੇ ਪਿਛਲੇ 150 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਵਧ ਰਹੇ ਤਾਪਮਾਨ ਦੀ ਮਾਰ ਇਸ ਸਾਲ ਚੀਨ ਉੱਤੇ ਵੀ ਪੈ ਰਹੀ ਹੈ ਜੋ ਅੱਜਕੱਲ੍ਹ ਵਾਤਾਵਰਨ ਵਿੱਚ ਦੁਨੀਆਂ ਦੇ ਸਭ ਦੇਸਾਂ ਤੋਂ ਜ਼ਿਆਦਾ ਗਰੀਨ-ਹਾਊਸ ਗੈਸਾਂ ਛੱਡ ਰਿਹਾ ਹੈ। ਚੀਨ ਦੇ ਇੱਕ ਛੋਟੇ ਜਿਹੇ ਕਸਬੇ ਸਨਬਾਓ ਵਿੱਚ 17 ਜੁਲਾਈ ਨੂੰ 52.2 ਡਿਗਰੀ ਸੈਲਸੀਅਸ ਤਾਪਮਾਨ ਰਿਕਾਰਡ ਕੀਤਾ ਗਿਆ। ਚੀਨ ਦੀ ਰਾਜਧਾਨੀ ਬੀਜਿੰਗ ਨੇ ਲਗਾਤਾਰ 27 ਦਿਨ 35 ਡਿਗਰੀ ਸੈਲਸੀਅਸ ਤਾਪਮਾਨ ਦਾ ਸੇਕ ਝੱਲਿਆ ਜਿਸ ਨੇ 23 ਸਾਲ ਦੇ ਪੁਰਾਣੇ ਰਿਕਾਰਡ ਨੂੰ ਤੋੜ ਦਿੱਤਾ ਹੈ।

ਯੂਰਪ ਅਤੇ ਅਮਰੀਕਾ ਜੋ ਠੰਡੇ ਮੌਸਮ ਵੱਜੋਂ ਜਾਣੇ ਜਾਂਦੇ ਦੇਸ ਹਨ ਵੀ ਹੁਣ ਹਰ ਸਾਲ ਗਰਮ ਤਾਪਮਾਨ ਦੀ ਲਪੇਟ ਵਿੱਚ ਆ ਜਾਂਦੇ ਹਨ। 2021 ਵਿੱਚ ਸੰਯੁਕਤ ਰਾਜ ਅਮਰੀਕਾ ਦੇ ਪੱਛਮੀ ਤੱਟ ਦੇ ਰਾਜਾਂ ਨੇ ਭਿਆਨਕ ਗਰਮੀ ਦੀ ਮਾਰ ਸਹੀ ਸੀ ਅਤੇ 2022 ਵਿੱਚ ਯੂਰਪ ਦੇ ਕਈ ਦੇਸ਼ ਗਰਮ ਤਾਪਮਾਨ ਦੀ ਲਪੇਟ ਵਿੱਚ ਆਏ ਰਹੇ ਸਨ। ਇਸ ਸਾਲ ਦੱਖਣੀ ਯੂਰਪ ਦੇ ਕਈ ਦੇਸਾਂ ਵਿੱਚ ਗਰਮ ਲਹਿਰਾਂ ਨੇ ਮਈ ਵਿੱਚ ਹੀ ਦਸਤਕ ਦੇ ਦਿੱਤੀ ਸੀ। ਇਟਲੀ ਦੇ 15 ਸ਼ਹਿਰਾਂ ਵਿੱਚ 17 ਜੁਲਾਈ ਨੂੰ ਤਾਪਮਾਨ ਵਿੱਚ ਜ਼ਿਆਦਾ ਵਾਧੇ ਕਾਰਨ ਰੈੱਡ ਅਲਰਟ ਜਾਰੀ ਕਰ ਦਿੱਤਾ ਗਿਆ ਸੀ। 18 ਜੁਲਾਈ ਨੂੰ ਰੋਮ ਵਿੱਚ ਦਿਨ ਦਾ ਤਾਪਮਾਨ 42 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ ਸੀ ਜਿਸ ਕਰਕੇ ਇਟਲੀ ਦੇ ਹੈਲਥ ਮਨਿਸਟਰ ਨੇ ਦੁਪਹਿਰ ਸਮੇਂ ਕਲੋਜ਼ੀਅਮ ਦਾ ਦੌਰਾ ਕਰਨ ਦੀ ਮਨਾਹੀ ਕਰ ਦਿੱਤੀ ਸੀ। ਸਿਸਲੀ ਦੇ ਪਲੇਰਮੋ ਸ਼ਹਿਰ ਵਿੱਚ 25 ਜੁਲਾਈ ਨੂੰ ਤਾਪਮਾਨ 47 ਡਿਗਰੀ ਸੈਲਸੀਅਸ ਹੋ ਗਿਆ ਸੀ। ਏਥਨਜ਼ (ਗਰੀਸ) ਦਾ ਐਕਰੋਪੈਲੇਸ ਵੀ ਤਾਪਮਾਨ ਵਿੱਚ ਜ਼ਿਆਦਾ ਵਾਧੇ ਕਾਰਨ ਸੈਲਾਨੀਆਂ ਲਈ ਕੁਝ ਦਿਨਾਂ ਲਈ ਬੰਦ ਕਰਨਾ ਪਿਆ। 21 ਜੁਲਾਈ ਨੂੰ ਇਟਲੀ ਵਿੱਚ ਵੱਧ ਤੋਂ ਵੱਧ ਤਾਪਮਾਨ 48.8 ਡਿਗਰੀ ਸੈਲਸੀਅਸ, ਸਪੇਨ ਵਿੱਚ 44.8 ਡਿਗਰੀ ਸੈਲਸੀਅਸ, ਗਰੀਸ ਵਿੱਚ 41 ਡਿਗਰੀ ਸੈਲਸੀਅਸ ਅਤੇ ਫਰਾਂਸ ਵਿੱਚ 40.6 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਜੇਕਰ ਕਿਸੇ ਥਾਂ ਦਾ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਉੱਪਰ ਹੋਵੇ ਤਾਂ ਉਹ ਥਾਂ ਹੀਟਵੇਵ ਦੇ ਪ੍ਰਭਾਵ ਆਈ ਹੋਈ ਹੁੰਦੀ ਹੈ। 40 ਡਿਗਰੀ ਸੈਲਸੀਅਸ ਤੋਂ ਉੱਪਰ ਤਾਪਮਾਨ ਮਨੁੱਖੀ ਸਿਹਤ ਨੂੰ ਵੀ ਕਾਫ਼ੀ ਨੁਕਸਾਨ ਪਹੁੰਚਾਉਂਦਾ ਹੈ।

ਸੰਯੁਕਤ ਰਾਜ ਅਮਰੀਕਾ ਦੇ ਵੀ ਕਈ ਸ਼ਹਿਰਾਂ ਵਿੱਚ ਰਿਕਾਰਡ ਤੋੜ ਤਾਪਮਾਨ ਆਂਕਿਆ ਗਿਆ। ਐਰੀਜ਼ੋਨਾ ਸਟੇਟ ਦੇ ਫੀਨਿਕਸ ਸ਼ਹਿਰ ਵਿੱਚ ਲਗਾਤਾਰ 31 ਦਿਨ ਤਾਪਮਾਨ 43.33 ਡਿਗਰੀ ਸੈਲਸੀਅਸ ਤੋਂ ਉੱਪਰ ਰਿਹਾ। ਕੈਲੇਫੋਰਨੀਆ ਦੀ ਡੈੱਥ ਵੈਲੀ ਵਿੱਚ 16 ਜੁਲਾਈ ਨੂੰ ਪਾਰਾ 53.5 ਡਿਗਰੀ ਸੈਲਸੀਅਸ ਤੱਕ ਚੜ੍ਹ ਗਿਆ ਜੋ ਹੁਣ ਤੱਕ ਇੱਥੋਂ ਦਾ ਦਿਨ ਦਾ ਸੱਭ ਤੋਂ ਉੱਚਾ ਤਾਪਮਾਨ ਹੈ ਅਤੇ ਇਸੇ ਦਿਨ ਰਾਤ ਦਾ ਤਾਪਮਾਨ ਵੀ 48.9 ਡਿਗਰੀ ਸੈਲਸੀਅਸ ਸੀ ਜੋ ਇੱਕ ਖ਼ਤਰਨਾਕ ਰੁਝਾਨ ਵੱਲ ਇਸ਼ਾਰਾ ਕਰਦਾ ਹੈ। ਆਮ ਤੌਰ ਦੇ ਉੱਤੇ ਰਾਤ ਦਾ ਤਾਪਮਾਨ ਦਿਨ ਦੇ ਤਾਪਮਾਨ ਨਾਲੋਂ ਕਾਫ਼ੀ ਘੱਟ ਹੁੰਦਾ ਹੈ, ਜਿਸ ਨਾਲ ਕਾਫ਼ੀ ਰਾਹਤ ਮਿਲ ਜਾਂਦੀ ਹੈ।

ਇਨ੍ਹਾਂ ਦਿਨਾਂ ਵਿੱਚ ਧਰਤੀ ਦੇ ਦੱਖਣੀ ਅਰਧ ਗੋਲੇ ਵਿੱਚ ਸਰਦੀਆਂ ਦੀ ਰੁੱਤ ਹੈ, ਪਰ ਉੱਥੇ ਚਿੱਲੀ, ਅਰਜਨਟੀਨਾ, ਅਤੇ ਯੂਰੋਗੂਏ ਦੇਸਾਂ ਦੇ ਕੁਝ ਖੇਤਰਾਂ ਵਿੱਚ ਔਸਤ ਨਾਲੋਂ ਉੱਚਾ ਤਾਪਮਾਨ ਰਿਕਾਰਡ ਕੀਤਾ ਜਾ ਰਿਹਾ ਹੈ।




ਕੋਪਰਨਿਕਸ ਕਲਾਈਮੇਟ ਚੇਂਜ ਸਰਵਿਸ ਅਨੁਸਾਰ ਸਮੁੰਦਰ ਦੀ ਸਤਹ ਦਾ ਤਾਪਮਾਨ ਅਗਸਤ ਦੇ ਪਹਿਲੇ ਹਫ਼ਤੇ 20.95 ਡਿਗਰੀ ਸੈਲਸੀਅਸ ਸੀ ਜਿਹੜਾ ਔਸਤ ਤਾਪਮਾਨ ਨਾਲੋਂ ਵੱਧ ਸੀ। ਇਸ ਨੇ 2016 ਦੇ ਸਭ ਤੋਂ ਉੱਚੇ ਤਾਪਮਾਨ 20.95 ਡਿਗਰੀ ਸੈਲਸੀਅਸ ਦੇ ਰਿਕਾਰਡ ਨੂੰ ਤੋੜ ਦਿੱਤਾ ਹੈ। ਆਮ ਤੌਰ ਉੱਤੇ ਸਮੁੰਦਰੀ ਸਤਹ ਦਾ ਸਾਲ ਵਿੱਚ ਸਭ ਤੋਂ ਉੱਚਾ ਤਾਪਮਾਨ ਮਾਰਚ ਦੇ ਮਹੀਨੇ ਵਿੱਚ ਹੁੰਦਾ ਹੈ, ਪਰ ਜੇਕਰ ਅਗਸਤ ਵਿੱਚ ਇੰਨਾ ਜ਼ਿਆਦਾ ਤਾਪਮਾਨ ਹੈ ਤਾਂ ਮਾਰਚ ਵਿੱਚ ਇਸ ਦੇ ਹੋਰ ਵੀ ਵਧ ਜਾਣ ਦੀ ਸੰਭਾਵਨਾ ਹੈ। ਮੈਕਸੀਕੋ ਦੀ ਖਾੜੀ ਵਿੱਚ ਫਲੋਰੀਡਾ ਦੇ ਨੇੜੇ ਸਮੁੰਦਰ ਸਤਹ ਦਾ ਤਾਪਮਾਨ ਜੁਲਾਈ ਦੇ ਅਖ਼ੀਰਲੇ ਹਫ਼ਤੇ 38.44 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਇਸ ਖੇਤਰ ਵਿੱਚ ਤਾਪਮਾਨ ਵਿੱਚ ਵਾਧਾ ਮਈ ਮਹੀਨੇ ਦੇ ਮੱਧ ਤੋਂ ਹੀ ਹੋਣਾ ਸ਼ੁਰੂ ਹੋ ਗਿਆ ਸੀ। ਅਮਰੀਕਾ ਦੀ ਨੌਆ ਸੰਸਥਾ ਅਨੁਸਾਰ ਫਲੋਰੀਡਾ ਤੱਟ ਨੇੜਲੇ ਸਮੁੰਦਰੀ ਖੇਤਰ ਦਾ ਤਾਪਮਾਨ ਆਮ ਤੌਰ ਉੱਤੇ 23 ਤੋਂ 31 ਡਿਗਰੀ ਸੈਲਸੀਅਸ ਦੇ ਵਿਚਕਾਰ ਹੀ ਰਹਿੰਦਾ ਹੈ। ਮੈਕਸੀਕੋ ਦੀ ਖਾੜੀ ਤੋਂ ਇਲਾਵਾ ਸਮੁੰਦਰੀ ਸਤਹ ਦਾ ਉੱਚਾ ਤਾਪਮਾਨ ਯੂਨਾਈਟਡ ਕਿੰਗਡਮ ਦੇ ਨੇੜਲੇ ਸਮੁੰਦਰੀ ਖੇਤਰ, ਉੱਤਰੀ ਐਟਲਾਂਟਿਕ ਅਤੇ ਮੈਡੀਟੇਰੇਰੀਅਨ ਸਮੁੰਦਰ ਉੱਤੇ ਵੀ ਕੀਤਾ ਗਿਆ ਹੈ। ਸਮੁੰਦਰ ਦੀ ਸਤਹ ਦੇ ਤਾਪਮਾਨ ਦਾ ਔਸਤ ਨਾਲੋਂ ਵੱਧ ਹੋਣਾ ਚਿੰਤਾ ਦਾ ਵਿਸ਼ਾ ਹੈ।

ਸਮੁੰਦਰ ਦੇ ਪਾਣੀ ਦਾ ਤਾਪਮਾਨ ਧਰਤੀ ਉੱਤਲੇ ਮੌਸਮ ਨੂੰ ਸੰਤੁਲਿਤ ਕਰਨ ਵਿੱਚ ਅਹਿਮ ਯੋਗਦਾਨ ਪਾਉਂਦਾ ਹੈ। ਇਹ ਵਾਤਾਵਰਨ ਵਿੱਚਲੀ ਗਰਮੀ ਅਤੇ ਵਾਧੂ ਗਰੀਨਹਾਊਸ ਗੈਸਾਂ ਨੂੰ ਜ਼ਜ਼ਬ ਕਰਨ ਦੀ ਸਮਰੱਥਾ ਰੱਖਦਾ ਹੈ। ਸਮੁੰਦਰ ਦੇ ਨਾਲ ਲੱਗਦੇ ਖੇਤਰਾਂ ਵਿੱਚ ਮੌਸਮ ਆਮ ਤੌਰ ਉੱਤੇ ਸਾਵਾਂ ਰਹਿੰਦਾ ਹੈ। ਧਰਤੀ ਅਤੇ ਸਮੁੰਦਰ ਦਾ ਪਾਣੀ ਦੋਵੇਂ ਦਿਨ ਵੇਲੇ ਸੂਰਜ ਦੀ ਗਰਮੀ ਨਾਲ ਗਰਮ ਹੁੰਦੇ ਹਨ, ਪਰ ਸਮੁੰਦਰ ਦੇ ਮੁਕਾਬਲੇ ਧਰਤੀ ਛੇਤੀ ਗਰਮ ਹੁੰਦੀ ਹੈ। ਧਰਤੀ ਉੱਤਲੀ ਗਰਮ ਹਵਾ ਹੌਲੀ ਹੋ ਕੇ ਉੱਪਰ ਨੂੰ ਉੱਠਦੀ ਹੈ ਤਾਂ ਸਮੁੰਦਰ ਵੱਲੋਂ ਠੰਡੀ ਹਵਾ ਉੱਥੇ ਆ ਜਾਂਦੀ ਹੈ ਜਿਸ ਨਾਲ ਉਸ ਖੇਤਰ ਦਾ ਤਾਪਮਾਨ ਸਾਵਾਂ ਹੋ ਜਾਂਦਾ ਹੈ। ਰਾਤ ਵੇਲੇ ਇਸ ਤੋਂ ਉਲਟ ਪ੍ਰਕਿਰਿਆ ਹੁੰਦੀ ਹੈ। ਇਸ ਪ੍ਰਕਿਰਿਆ ਰਾਹੀਂ ਸਮੁੰਦਰ ਦੇ ਤੱਟੀ ਖੇਤਰਾਂ ਦਾ ਦੈਨਿਕ ਤਾਪਮਾਨ ਸਾਵਾਂ ਰਹਿੰਦਾ ਹੈ।

ਸਮੁੰਦਰ ਦੈਨਿਕ ਤਾਪਮਾਨ ਦੇ ਨਾਲ ਨਾਲ ਸਮੁੰਦਰੀ ਧਰਾਵਾਂ ਰਾਹੀਂ ਸਮੁੰਦਰਾਂ ਦੇ ਤੱਟਵਰਤੀ ਖੇਤਰਾਂ ਵਿਚਲੇ ਦੇਸਾਂ ਦੇ ਮੌਸਮ ਨੂੰ ਵੀ ਵੱਖ-ਵੱਖ ਰੁੱਤਾਂ ਵਿੱਚ ਪ੍ਰਭਾਵਿਤ ਕਰਦੇ ਹਨ। ਹੁਣ ਮਨੁੱਖ ਗਤੀਵਿਧੀਆਂ ਕਾਰਨ ਸਮੁੰਦਰਾਂ ਦੇ ਪਾਣੀ ਵੀ ਤੇਜ਼ੀ ਨਾਲ ਗਰਮ ਹੋਣ ਲੱਗੇ ਹਨ ਜਿਸ ਦੇ ਨਤੀਜੇ ਵਜੋਂ ਉਨ੍ਹਾਂ ਵਿੱਚ ਗਰਮ ਹਵਾਵਾਂ ਅਤੇ ਗਰੀਨਹਾਊਸ ਗੈਸਾਂ ਨੂੰ ਜ਼ਜ਼ਬ ਕਰਨ ਦੀ ਸਮਰੱਥਾ ਵੀ ਘੱਟ ਗਈ ਹੈ।

ਇਸ ਸਾਲ (2023) ਵਿੱਚ ਤਾਪਮਾਨ ਵਿੱਚ ਹੋਏ ਵਾਧੇ ਨੂੰ ਐਲ-ਨੀਨੋ ਪ੍ਰਕਿਰਿਆ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ। ਐਲ-ਨੀਨੋ ਅਤੇ ਲਾ-ਨੀਨਾ ਦੋ ਅਜਿਹੀਆਂ ਪ੍ਰਕਿਰਿਆਵਾਂ ਹਨ ਜੋ ਪ੍ਰਸ਼ਾਂਤ ਮਹਾਸਾਗਰ ਦੇ ਪਾਣੀ ਦੇ ਔਸਤ ਤਾਪਮਾਨ ਨਾਲ ਸੰਬੰਧਿਤ ਹਨ। ਐਲ-ਨੀਨੋ ਪ੍ਰਕਿਰਿਆ ਸਮੇਂ ਪ੍ਰਸ਼ਾਤ ਮਹਾਸਾਗਰ ਦਾ ਪਾਣੀ ਔਸਤ ਤਾਪਮਾਨ ਨਾਲੋਂ ਗਰਮ ਹੋ ਜਾਂਦਾ ਹੈ ਜਿਸ ਨਾਲ ਧਰਤੀ ਦੇ ਔਸਤ ਤਾਪਮਾਨ ਵਿੱਚ ਵਾਧਾ ਹੋਣ ਦੇ ਨਾਲ ਨਾਲ ਕੁਝ ਦੇਸਾਂ ਵਿੱਚ ਸੋਕੇ ਦੇ ਹਾਲਤ ਵੀ ਪੈਦਾ ਹੋ ਜਾਂਦੇ ਹਨ। ਲਾ-ਨੀਨਾ ਪ੍ਰਕਿਰਿਆ ਸਮੇਂ ਪ੍ਰਭਾਵ ਬਿਲਕੁਲ ਉਲਟ ਹੁੰਦਾ ਹੈ।

ਇਸ ਸਾਲ ਦੇ ਤਾਪਮਾਨ ਵਿੱਚ ਇੰਨੇ ਜ਼ਿਆਦਾ ਵਾਧੇ ਦਾ ਮੁੱਖ ਕਾਰਨ ਐਲ-ਨੀਨੋ ਪ੍ਰਕਿਰਿਆ ਨਹੀਂ ਹੈ। ਵਿਗਿਆਨੀਆਂ ਅਨੁਸਾਰ ਇਸ ਸਾਲ ਤਾਪਮਾਨ ਵਿੱਚ ਵਾਧੇ ਦਾ ਮੁੱਖ ਕਾਰਨ ਮਨੁੱਖੀ ਗਤੀਵਿਧੀਆਂ ਹਨ ਜਿਸ ਦਾ ਜ਼ਿਕਰ ਆਈ.ਪੀ.ਸੀ.ਸੀ. ਦੀ ਛੇਵੀਂ ਰਿਪੋਰਟ ਵਿੱਚ ਕੀਤਾ ਗਿਆ ਸੀ। 2023 ਵਿੱਚ ਡਬਲਿਯੂ. ਐੱਮ.ਓ. ਦੀ ਇੱਕ ਰਿਪੋਰਟ ਵਿੱਚ ਵੀ ਜ਼ਿਕਰ ਕੀਤਾ ਗਿਆ ਸੀ ਕਿ ਆਉਣ ਵਾਲੇ ਪੰਜ ਸਾਲਾਂ (2023-2027) ਵਿੱਚੋਂ ਇੱਕ ਸਾਲ ਸਭ ਤੋਂ ਗਰਮ ਹੋ ਸਕਦਾ ਹੈ। ਇਸ ਤੋਂ ਇਲਾਵਾ 2014 ਤੋਂ 2022 ਤੱਕ ਦੇ ਅੱਠ ਸਾਲ ਹੁਣ ਤੱਕ ਦੇ ਗਰਮ ਸਾਲ ਰਹੇ ਹਨ। ਮਨੁੱਖ ਨੇ ਆਪਣੀਆਂ ਲਾਲਸਾਵਾਂ ਦੀ ਪੂਰਤੀ ਲਈ ਵਾਤਾਵਰਨ ਵਿੱਚ ਅਥਾਹ ਮਾਤਰਾ ਵਿੱਚ ਗਰੀਨਹਾਊਸ ਗੈਸਾਂ ਛੱਡੀਆਂ ਹਨ ਜਿਸ ਨਾਲ ਧਰਤੀ ਦੇ ਔਸਤ ਤਾਪਮਾਨ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਗਰੀਨਹਾਊਸ ਗੈਸਾਂ ਵਿੱਚੋਂ ਸਭ ਤੋਂ ਅਹਿਮ ਕਾਰਬਨ ਡਾਇਆਕਸਾਈਡ ਗੈਸ ਹੈ। ਕਾਰਬਨ ਡਾਇਆਕਸਾਈਡ ਗੈਸ ਦੀ ਮਾਤਰਾ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਸਿਰਫ਼ 280 ਪਾਰਟਸ ਪਰ ਮਿਲੀਅਨ ਸੀ ਜਿਹੜੀ 31 ਜੁਲਾਈ 2023 ਨੂੰ ਵਧ ਕੇ 419.4 ਪਾਰਟਸ ਪਰ ਮਿਲੀਅਨ ਹੋ ਗਈ ਹੈ। ਇਹ ਨੌਆ ਦੀ ਪ੍ਰਸਤਾਵਿਤ ਕੀਤੀ ਸੁਰੱਖਿਅਤ ਸੀਮਾ (350 ਪਾਰਟਸ ਪਰ ਮਿਲੀਅਨ) ਤੋਂ 69.4 ਪਾਰਟਸ ਪਰ ਮਿਲੀਅਨ ਜ਼ਿਆਦਾ ਹੈ। ਧਰਤੀ ਦਾ ਔਸਤ ਤਾਪਮਾਨ ਵੀ ਉਦਯੋਗਿਕ ਇਨਕਲਾਬ ਤੋਂ ਪਹਿਲਾਂ ਦੇ ਸਮੇਂ ਨਾਲੋਂ 2022 ਵਿੱਚ 1.22 ਡਿਗਰੀ ਵਧ ਗਿਆ ਸੀ। ਇਸ ਸਾਲ ਜੂਨ ਅਤੇ ਜੁਲਾਈ ਦੇ ਤਾਪਮਾਨ ਦੇ ਵਾਧੇ ਦੇ ਟੁੱਟਦੇ ਰਿਕਾਰਡਾਂ ਅਤੇ ਵਿਗਿਆਨੀਆਂ ਦੁਆਰਾ ਜੁਲਾਈ ਮਹੀਨੇ ਦੇ ਸਭ ਤੋਂ ਗਰਮ ਮਹੀਨਾ ਹੋ ਜਾਣ ਦੀ ਸੰਭਾਵਨਾ ਦੀ ਪੁਸ਼ਟੀ ਹੋ ਜਾਣ ਤੋਂ ਬਾਅਦ ਯੂਨਾਈਟਡ ਨੇਸ਼ਨਜ਼ ਦੇ ਸਕੱਤਰ ਜਨਰਲ ਐਂਟੋਨੀਓ ਗੁਟਰਸ ਨੇ ਕਿਹਾ, "ਹੁਣ ਗਲੋਬਲ ਵਾਰਮਿੰਗ ਦਾ ਦੌਰ ਖ਼ਤਮ ਹੋ ਚੁੱਕਿਆ ਹੈ ਅਤੇ ਧਰਤੀ ਦਾ ਤਾਪਮਾਨ ਉਬਾਲੇ ਖਾਣ ਲੱਗ ਪਿਆ ਹੈ। ਮੌਸਮੀ ਤਬਦੀਲੀ ਸਾਡੇ ਸਾਹਮਣੇ ਹੈ ਜੋ ਬਹੁਤ ਹੀ ਡਰਾਉਣੀ ਝਲਕ ਦਿਖਾ ਰਹੀ ਹੈ। ਇਸ ਡਰਾਉਣੇ ਅਤੇ ਕੁਦਰਤੀ ਆਫ਼ਤਾਂ ਨਾਲ ਗੜੁੱਚ ਵਾਤਾਵਰਨ ਲਈ ਮਨੁੱਖ ਆਪਣੇ ਆਪ ਜ਼ਿੰਮੇਵਾਰ ਹੈ। ਹੁਣ ਸਾਰੇ ਦੇਸਾਂ ਨੂੰ ਢਿੱਲ ਕੀਤੇ ਬਿਨਾਂ ਛੇਤੀ ਤੋਂ ਛੇਤੀ ਉਪਰਾਲੇ ਕਰਨੇ ਚਾਹੀਦੇ ਹਨ।"

ਇਸ ਸਾਲ ਜੂਨ ਅਤੇ ਜੁਲਾਈ ਵਿੱਚ ਤਾਪਮਾਨ ਵਿੱਚ ਤੇਜ਼ੀ ਨਾਲ ਹੋ ਰਹੇ ਵਾਧੇ ਦੇ ਸੰਬੰਧ ਵਿੱਚ ਨਾਸਾ ਦੇ ਇੱਕ ਮੌਸਮ ਵਿਗਿਆਨੀ ਜੇਮਜ਼ ਹੈਨਸਨ ਨੇ ਸਾਰੀ ਮਨੁੱਖੀ ਆਬਾਦੀ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਅਸੀਂ ਸਾਰੇ ਇੰਨੇ ਮੂਰਖ ਹਾਂ ਕਿ ਵਿਗਿਆਨੀਆਂ ਦੀਆਂ ਸਮੇਂ ਸਮੇਂ ਸਿਰ ਦਿੱਤੀਆਂ ਗਈਆਂ ਚਿਤਾਵਨੀਆਂ ਨੂੰ ਅਣਗੌਲਿਆ ਕਰਕੇ ਤਾਪਮਾਨ ਦੇ ਵਾਧੇ ਦੇ ਉਸ ਦੌਰ ਵੱਲ ਵਧ ਰਹੇ ਹਾਂ ਜੋ ਮਨੁੱਖ ਨੇ 10,000,000 ਸਾਲਾਂ ਵਿੱਚ ਪਹਿਲਾਂ ਕਦੇ ਦੇਖਿਆ ਨਹੀਂ ਸੀ। ਮਨੁੱਖ ਦੀ ਇਹ ਫਿਤਰਤ ਹੈ ਕਿ ਜਦ ਤੱਕ ਉਹ ਕਿਸੇ ਚੀਜ਼ ਦਾ ਸੁਆਦ ਚੱਖ ਨਹੀਂ ਲੈਂਦਾ ਉੱਦੋਂ ਤੱਕ ਉਸ ਉੱਤੇ ਵਿਸ਼ਵਾਸ਼ ਨਹੀਂ ਕਰਦਾ ਹੈ। ਹੈਨਸਨ ਨੇ 1980 ਦੇ ਦਹਾਕੇ ਵਿੱਚ ਹੀ ਦੁਨੀਆ ਨੂੰ ਸੁਚੇਤ ਕੀਤਾ ਸੀ ਕਿ ਗਰੀਨਹਾਊਸ ਗੈਸਾਂ ਦੀ ਵਧ ਰਹੀ ਨਿਕਾਸੀ ਕਾਰਨ ਧਰਤੀ ਬਹੁਤ ਹੀ ਗਰਮ ਤਾਪਮਾਨ ਵੱਲ ਧੱਕੀ ਜਾਵੇਗੀ। 1988 ਵਿੱਚ ਉਸ ਨੇ ਇਹ ਮੁੱਦਾ ਅਮਰੀਕਾ ਦੀ ਸੰਸਦ ਵਿੱਚ ਵੀ ਉਠਾਇਆ ਸੀ ਜਿਸ ਨੂੰ ਨਕਾਰ ਦਿੱਤਾ ਗਿਆ ਸੀ। ਹੈਨਸਨ ਨੇ ਇਹ ਵੀ ਕਿਹਾ ਕਿ ਜਾਂ ਤਾਂ ਅਸੀਂ (ਵਿ-ਗਆਨੀ) ਗਰੀਨਹਾਊਸ ਗੈਸਾਂ ਦੇ ਵਾਤਾਵਰਨ ਉੱਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਸਮਝਾਉਣ ਵਿਚ ਅਸਮਰੱਥ ਰਹੇ ਹਾਂ ਜਾਂ ਫਿਰ ਅਸੀਂ ਅਜਿਹੇ ਨੇਤਾ ਨਹੀਂ ਚੁਣ ਸਕੇ ਜੋ ਇਸ ਮੁੱਦੇ ਨੂੰ ਸੁਲਝਾਉਣ ਦੇ ਸਮਰੱਥ ਹੁੰਦੇ।

ਧਰਤੀ ਦੇ ਔਸਤ ਤਾਪਮਾਨ ਵਿੱਚ ਵਾਧੇ ਨਾਲ ਸੋਕੇ ਅਤੇ ਜੰਗਲੀ ਅੱਗਾਂ ਦੀਆਂ ਘਟਨਾਵਾਂ ਵਿੱਚ ਵੀ ਵਾਧਾ ਹੋ ਜਾਂਦਾ ਹੈ। ਇਸ ਸਾਲ ਜੂਨ ਦੇ ਮਹੀਨੇ ਵਿੱਚ ਕੈਨੇਡਾ ਦੇ ਜੰਗਲਾਂ ਵਿੱਚ ਭਿਆਨਕ ਅੱਗ ਲੱਗ ਗਈ ਸੀ ਜਿਸ ਕਾਰਨ 13 ਮਿਲੀਅਨ ਹੈਕਟੇਅਰ ਜੰਗਲ ਸੜ ਕੇ ਸੁਆਹ ਹੋ ਗਏ ਜਿਸ ਨਾਲ ਵਾਤਾਵਰਨ ਵਿੱਚ ਲਗਭਗ 290 ਮੈਗਾਟਨ ਕਾਰਬਨ ਦਾ ਨਿਕਾਸ ਰਿਕਾਡਰ ਕੀਤਾ ਗਿਆ ਹੈ। ਸਪੇਨ, ਇਟਲੀ, ਅਤੇ ਗਰੀਸ ਵਿੱਚ ਵੀ ਤਾਪਮਾਨ ਦੇ ਵਾਧੇ ਕਾਰਨ ਜੰਗਲੀ ਅੱਗਾਂ ਦੀਆਂ ਕਈ ਘਟਨਾਵਾਂ ਵਾਪਰੀਆਂ ਹਨ। ਜੰਗਲੀ ਅੱਗਾਂ ਤੋਂ ਪੈਦਾ ਹੋਈ ਕਾਰਬਨ ਨਿਕਾਸੀ ਵਾਤਾਵਰਨ ਨੂੰ ਹੋਰ ਗਰਮਾ ਰਹੀ ਹੈ।

ਵਿਗਿਆਨੀਆਂ ਅਨੁਸਾਰ 2023 ਦੇ ਜੁਲਾਈ ਦੇ ਮਹੀਨੇ ਵਿੱਚ ਦੋ ਵਾਰ ਧਰਤੀ ਦਾ ਔਸਤ ਤਾਪਮਾਨ ਨੇ 1.5 ਡਿਗਰੀ ਸੈਲਸੀਅਸ ਦੀ ਨਿਰਧਾਰਤ ਸੀਮਾ ਨੂੰ ਪਾਰ ਕੀਤਾ ਹੈ, ਪਰ ਤਾਪਮਾਨ ਦੇ ਇਸ ਵਾਧੇ ਨੇ ਦੁਨੀਆ ਦੇ ਸਾਰੇ ਦੇਸਾਂ ਨੂੰ ਹਾਲੋਂ-ਬੇਹਾਲ ਕਰ ਦਿੱਤਾ ਹੈ। ਹੁਣ ਸੋਚਣ ਵਾਲੀ ਗੱਲ ਹੈ ਕਿ ਜੇਕਰ ਧਰਤੀ ਦਾ ਔਸਤ ਤਾਪਮਾਨ ਹਮੇਸ਼ਾਂ ਲਈ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.5 ਡਿਗਰੀ ਵਧ ਜਾਵੇ ਤਾਂ ਧਰਤੀ ਉੱਤਲੇ ਮਨੁੱਖਾਂ ਸਮੇਤ ਵੱਸਦੇ ਹਰ ਤਰ੍ਹਾਂ ਦੇ ਜੈਵਿਕਾਂ ਦਾ ਕੀ ਹਾਲ ਹੋਵੇਗਾ।

ਜੇਕਰ ਪੈਰਿਸ ਮੌਸਮੀ ਸਮਝੌਤੇ ਅਨੁਸਾਰ ਸਾਰੇ ਦੇਸ ਕਾਰਬਨ ਨਿਕਾਸੀ ਵਿੱਚ ਕਟੌਤੀ ਸੰਜੀਦਗੀ ਨਾਲ ਵੀ ਕਰਨ ਤਾਂ ਵੀ ਸਦੀ ਦੇ ਅੰਤ ਤੱਕ ਧਰਤੀ ਦੇ ਔਸਤ ਤਾਪਮਾਨ ਵਿੱਚ ਵਾਧਾ 1.5 ਡਿਗਰੀ ਸੈਲਸੀਅਸ ਦੀ ਸੀਮਾ ਨੂੰ ਪਾਰ ਕਰਦਾ ਹੋਇਆ 2.4 ਡਿਗਰੀ ਸੈਲਸੀਅਸ ਹੋ ਸਕਦਾ ਹੈ ਜੋ ਬਹੁਤ ਹੀ ਘਾਤਕ ਹੋਵੇਗਾ।

ਤਾਪਮਾਨ ਦੇ ਵਾਧੇ ਨਾਲ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਤੋਂ ਬਚਾਅ ਕਰਨ ਲਈ ਦੁਨੀਆ ਦੇ ਸਾਰੇ ਦੇਸਾਂ ਨੂੰ ਕੁਦਰਤ ਨਾਲ ਇਕਸੁਰਤਾ ਬਣਾ ਕੇ ਚੱਲਣਾ ਚਾਹੀਦਾ ਹੈ। ਦੁਨੀਆ ਦੇ ਸਾਰੇ ਦੇਸਾਂ ਕੋਲ ਹੁਣ ਸਮਾਂ ਨਹੀਂ ਬਚਿਆ ਹੈ ਕਿ ਉਹ ਕਾਰਬਨ ਨਿਕਾਸੀ ਦੀ ਕਟੌਤੀ ਵਿੱਚ ਗੁਰੇਜ਼ ਕਰਨ। ਇਸ ਸਾਲ ਹੋਣ ਵਾਲੀ ਕਾਨਫਰੰਸ ਆਫ਼ ਪਾਰਟੀਜ਼-28 ਵਿੱਚ ਸਾਰੇ ਦੇਸਾਂ ਨੂੰ ਵਿਗਿਆਨੀਆਂ ਦੀਆਂ ਚਿਤਾਵਨੀਆਂ ਨੂੰ ਮੱਦੇਨਜ਼ਰ ਰੱਖਦਿਆਂ ਕਾਰਬਨ ਨਿਕਾਸੀ ਦੇ ਟੀਚੇ ਨਿਰਧਾਰਤ ਕਰਕੇ ਟਾਲਮਟੋਲ ਕਰਨ ਦੀ ਥਾਂ ਸੰਜੀਦਗੀ ਨਾਲ ਪੂਰੇ ਕਰਨੇ ਚਾਹੀਦੇ ਹਨ। ਵਿਕਸਿਤ ਦੇਸਾਂ ਨੂੰ ਇਹ ਭੁਲੇਖਾ ਸੀ ਕਿ ਉਹ ਨਵੀਂ ਤਕਨੋਲੋਜੀ ਰਾਹੀਂ ਆਪਣੇ ਲੋਕਾਂ ਅਤੇ ਦੇਸਾਂ ਦਾ ਕੁਦਰਤੀ ਆਫ਼ਤਾਂ ਤੋਂ ਬਚਾ ਕਰ ਲੈਣਗੇ, ਪਰ ਤਾਪਮਾਨ ਵਿੱਚ ਹੋਏ ਅਥਾਹ ਵਾਧੇ ਨੇ ਇਨ੍ਹਾਂ ਦੇਸਾਂ ਨੂੰ ਝੁਲਸਾ ਕੇ ਰੱਖ ਦਿੱਤਾ ਹੈ। ਆਈ.ਪੀ.ਸੀ.ਸੀ. ਦੇ ਛੇਵੀਂ ਰਿਪੋਰਟ ਵਿੱਚ ਵਿਗਿਆਨੀਆਂ ਨੇ ਗਰੀਨਹਾਊਸ ਗੈਸਾਂ ਦੀ ਨਿਕਾਸੀ ਨੂੰ ਘਟਾਉਣ ਲਈ ਨਿੱਜੀ ਗੱਡੀਆਂ ਦੀ ਵਰਤੋਂ ਨੂੰ ਘਟਾਉਣ ਅਤੇ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਤਰਜੀਹ ਦੇਣ ਅਤੇ ਉਨ੍ਹਾਂ ਨੂੰ ਬੇਹਤਰ ਬਣਾਉਣ ਦੇ ਸੁਝਾਅ ਦਿੱਤੇ ਹਨ। ਇਸ ਸੁਝਾਅ ਨੂੰ ਅਮਲ ਵਿੱਚ ਲਿਆਉਣ ਲਈ ਦੁਨੀਆ ਦੇ ਸਾਰੇ ਦੇਸਾਂ ਨੂੰ ਯੂਰਪੀਅਨ ਦੇਸਾਂ ਵਾਂਗ ਉਪਰਾਲੇ ਕਰਨੇ ਚਾਹੀਦੇ ਹਨ।

ਚੀਨ ਅਤੇ ਸੰਯੁਕਤ ਰਾਜ ਅਮਰੀਕਾ ਨੂੰ ਕਾਰਬਨ ਨਿਕਾਸੀ ਵਿੱਚ ਵੱਧ ਤੋਂ ਵੱਧ ਕਟੌਤੀ ਕਰਨੀ ਚਾਹੀਦੀ ਹੈ ਕਿਉਂਕਿ ਦੋਵੇਂ ਦੇਸ ਚੀਨ (30.7 ਫ਼ੀਸਦ) ਅਤੇ ਸੰਯੁਕਤ ਰਾਜ ਅਮਰੀਕਾ (14.0 ਫ਼ੀਸਦ) ਕੁੱਲ ਕਾਰਬਨ ਨਿਕਾਸੀ ਦਾ 44.70 ਫ਼ੀਸਦ ਵਾਤਾਵਰਨ ਵਿੱਚ ਛੱਡਦੇ ਹਨ। ਚੀਨ, ਸੰਯੁਕਤ ਰਾਜ ਅਮਰੀਕਾ, ਅਤੇ ਭਾਰਤ ਊਰਜਾ ਪੈਦਾ ਕਰਨ ਲਈ ਅੱਜਕੱਲ੍ਹ ਦੀ ਵੱਡੀ ਮਾਤਰਾ ਵਿੱਚ ਕੋਲੇ ਦੀ ਵਰਤੋਂ ਕਰ ਰਹੇ ਹਨ। ਇਨ੍ਹਾਂ ਦੇਸਾਂ ਨੂੰ ਚਾਹੀਦਾ ਹੈ ਕਿ ਕੋਲੇ ਦੀ ਥਾਂ ਊਰਜਾ ਨਵਿਆਉਣਯੋਗ ਸਰੋਤਾਂ ਤੋਂ ਪੈਦਾ ਕਰਨ। ਵਿਕਾਸ ਦੇ ਮੁੱਦੇ ਨੂੰ ਮੁੱਖ ਰੱਖਦੇ ਹੋਏ ਵਿਗਿਆਨੀਆਂ ਦੀਆਂ ਚਿਤਾਵਨੀਆਂ ਅਤੇ ਕਾਨਫਰੰਸਾਂ ਵਿੱਚ ਕੀਤੇ ਵਾਅਦਿਆਂ ਨੂੰ ਅੱਖੋਂ-ਪਰੋਖੇ ਕਰਕੇ ਦੁਨੀਆ ਦੇ ਕਾਫ਼ੀ ਸਾਰੇ ਦੇਸ ਵਾਤਾਵਰਨ ਵਿੱਚ ਹਾਲੇ ਵੀ ਵੱਡੀ ਮਾਤਰਾ ਵਿੱਚ ਕਾਰਬਨ ਦੀ ਨਿਕਾਸੀ ਕਰ ਰਹੇ ਹਨ ਜਿਸ ਕਾਰਨ ਦੁਨੀਆ ਦੇ ਹਰ ਨਾਗਰਿਕ ਦੀ ਜ਼ਿੰਦਗੀ ਨੂੰ ਖ਼ਤਰਾ ਪੈਦਾ ਹੋ ਗਿਆ। ਤਾਪਮਾਨ ਦੇ ਵਾਧੇ ਨਾਲ ਵਧ ਰਹੀਆਂ ਕੁਦਰਤੀ ਆਫ਼ਤਾਂ ਦੀ ਗਿਣਤੀ ਅਤੇ ਉਨ੍ਹਾਂ ਦੀ ਮਾਰ ਦੀ ਗਹਿਰਾਈ ਨੂੰ ਦੇਖਦੇ ਹੋਏ ਦੁਨੀਆ ਦੇ ਸਾਰੇ ਦੇਸਾਂ ਨੂੰ ਸਮਝਣ ਲੈਣਾ ਚਾਹੀਦਾ ਹੈ ਕਿ ਕਿਸੇ ਵੀ ਦੇਸ ਦਾ ਵਿਕਾਸ ਦੇਸ ਦੇ ਨਾਗਰਿਕਾਂ ਲਈ ਹੁੰਦਾ ਹੈ। ਉਹ ਵਿਕਾਸ ਕਿਸ ਕੰਮ ਆਵੇਗਾ ਜਿਸ ਦੀ ਭੇਂਟ ਅਨੇਕਾਂ ਨਾਗਰਿਕਾਂ ਦੀ ਜ਼ਿੰਦਗੀਆਂ ਚੜ੍ਹ ਜਾਣ। ਦੁਨੀਆ ਦੇ ਵੱਖ-ਵੱਖ ਦੇਸਾਂ ਵਿਚ ਲੱਗੀਆਂ ਲੜਾਈਆਂ ਵੀ ਅੱਜਕੱਲ੍ਹ ਬਹੁਤ ਸਾਰੀਆਂ ਗੈਸਾਂ ਵਾਤਾਵਰਨ ਵਿੱਚ ਛੱਡ ਰਹੀਆਂ ਹਨ ਜੋ ਤਾਪਮਾਨ ਵਿੱਚ ਵਾਧੇ ਦਾ ਇੱਕ ਕਾਰਨ ਬਣਿਆ ਹੈ। ਇਨ੍ਹਾਂ ਲੜਾਈਆਂ ਵਿੱਚ ਵੱਡੀ ਮਾਤਰਾ ਵਿੱਚ ਵਿਸਫੋਟਕ ਸਮੱਗਰੀ ਵਰਤੀ ਜਾਂਦੀ ਹੈ। ਇਸ ਲਈ ਸਾਰੇ ਦੇਸਾਂ ਨੂੰ ਰਲਮਿਲ ਕੇ ਇਨ੍ਹਾਂ ਦੇਸਾਂ ਦੇ ਮਸਲਿਆਂ ਦਾ ਹੱਲ ਲੱਭ ਕੇ ਲੜਾਈਆਂ ਬੰਦ ਕਰਵਾਉਣੀਆਂ ਚਾਹੀਦੀਆਂ ਹਨ। ਦੇਸ ਦੇ ਨਾਲ ਨਾਲ ਹਰ ਇੱਕ ਨਾਗਰਿਕ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਖਾਣ-ਪੀਣ ਅਤੇ ਰਹਿਣ-ਸਹਿਣ ਦੀਆਂ ਆਦਤਾਂ ਨੂੰ ਬਦਲੇ ਤਾਂਕਿ ਗਰੀਨਹਾਊਸ ਗੈਸਾਂ ਦੀ ਨਿਕਾਸੀ ਹਰ ਹੀਲੇ ਘਟਾਈ ਜਾ ਸਕੇ। ਦੁਨੀਆ ਸੰਕਟ ਦੀ ਘੜੀ ਵਿੱਚੋਂ ਲੰਘ ਰਹੀ ਹੈ ਇਸ ਲਈ ਸਰਕਾਰਾਂ ਦੇ ਨਾਲ ਨਾਲ ਹਰ ਇੱਕ ਵਿਅਕਤੀ ਤਾਪਮਾਨ ਦੇ ਵਾਧੇ ਨੂੰ ਰੋਕਣ ਲਈ ਆਪਣਾ ਫ਼ਰਜ਼ ਨਿਭਾਵੇ।

# ਹਿਮਾਚਲ ਪ੍ਰਦੇਸ਼ ਨੂੰ ਕੁਦਰਤੀ ਆਫ਼ਤਾਂ ਤੋਂ ਕਿਵੇਂ ਬਚਾਇਆ ਜਾਵੇ?



**ਡਾ. ਗੁਰਿੰਦਰ ਕੌਰ**
ਸਾਬਕਾ ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ ਯੂਨੀ: ਪਟਿਆਲਾ।
001-408-493-9776

ਹਿਮਾਚਲ ਪ੍ਰਦੇਸ਼ ਜੁਲਾਈ ਵਿੱਚ ਭਾਰੀ ਮੀਂਹ ਪੈਣ ਪਿੱਛੋਂ ਹੋਈ ਤਬਾਹੀ ਤੋਂ ਹਾਲੇ ਉਭਾਰਿਆ ਵੀ ਨਹੀਂ ਕਿ ਇਸ ਨੂੰ ਮੁੜ ਕੁਦਰਤੀ ਕਰੋਪੀ ਨੇ ਘੇਰ ਲਿਆ ਹੈ। ਹਿਮਾਚਲ ਪ੍ਰਦੇਸ਼ ਵਿੱਚ ਮੀਂਹ ਅਤੇ ਬੱਦਲ ਫਟਣ ਨਾਲ ਸੰਬੰਧਿਤ ਘਟਨਾਵਾਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਭਾਰੀ ਮੀਂਹ ਪੈਣ ਕਾਰਨ ਸ਼ਿਮਲਾ ਦੇ ਸਮਰ ਹਿੱਲ, ਕ੍ਰਿਸ਼ਨਾ ਨਗਰ, ਅਤੇ ਫਾਗਲੀ ਵਿੱਚ ਪਹਾੜ ਖਿਸਕਣ ਅਤੇ ਢਿੱਗਾਂ ਗਿਰਨ ਕਾਰਨ ਬਹੁਤ ਜ਼ਿਆਦਾ ਤਬਾਹੀ ਹੋਈ ਹੈ। ਸਮਰ ਹਿੱਲ ਵਿੱਚ ਇੱਕ ਸ਼ਿਵ ਮੰਦਰ ਢਿੱਗਾਂ ਡਿਗਣ ਦੀ ਲਪੇਟ ਵਿੱਚ ਆ ਗਿਆ। ਕ੍ਰਿਸ਼ਨਾ ਨਗਰ ਇਲਾਕੇ ਵਿੱਚ ਪਹਾੜ ਖਿਸਕਣ ਨਾਲ ਅੱਠ ਘਰ ਮਲਬੇ ਵਿੱਚ ਤਬਦੀਲ ਹੋ ਗਏ ਅਤੇ ਲਗਭਗ 15 ਘਰਾਂ ਨੂੰ ਖਾਲੀ ਕਰਵਾ ਲਿਆ ਗਿਆ ਹੈ। ਇਸ ਮਹੀਨੇ ਵਿੱਚ ਪਿਛਲੇ ਤਿੰਨ ਦਿਨਾਂ ਵਿੱਚ ਪਏ ਮੀਂਹ ਨਾਲ ਹੁਣ ਤੱਕ 71 ਵਿਅਕਤੀ ਮਾਰੇ ਗਏ ਹਨ। ਹਾਲਤਾਂ ਦੀ ਗੰਭੀਰਤਾ ਨੂੰ ਦੇਖਦੇ ਹੋਏ ਰਾਜ ਦੇ ਸਾਰੇ ਸਕੂਲ ਅਤੇ ਕਾਲਜ ਬੰਦ ਰਹੇ। ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਨੇ 19 ਅਗਸਤ ਤੱਕ ਟੀਚਿੰਗ ਮੁਅੱਤਲ ਕਰ ਦਿੱਤੀ। ਸਟੇਟ ਡਿਸਾਸਟਰ ਰਿਸਪੌਂਸ ਫੋਰਸ ਅਨੁਸਾਰ ਰਾਜ ਵਿੱਚ ਲਗਭਗ 800 ਸੜਕਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ ਜਿਨ੍ਹਾਂ ਵਿੱਚ ਚੰਡੀਗੜ੍ਹ-ਸ਼ਿਮਲਾ, ਕੀਰਤਪੁਰ-ਮਨਾਲੀ, ਪਠਾਨਕੋਟ-ਮੰਡੀ, ਅਤੇ ਧਰਮਸ਼ਾਲਾ-ਸ਼ਿਮਲਾ ਨੈਸ਼ਨਲ ਹਾਈਵੇਅ ਵੀ ਸ਼ਾਮਲ ਹਨ। ਇਸ ਸਾਲ ਮੌਨਸੂਨ ਰੁੱਤ ਵਿੱਚ 24 ਜੂਨ ਤੋਂ ਹੁਣ ਤੱਕ 327 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ। 1762 ਘਰ ਪੂਰੀ ਤਰ੍ਹਾਂ ਤਬਾਹ ਅਤੇ 8952 ਘਰ ਅੱਧ-ਪੱਚਧੇ ਤਬਾਹ ਹੋ ਗਏ। ਇਸ ਅਰਸੇ ਵਿੱਚ 113 ਪਹਾੜ ਖਿਸਕਣ ਅਤੇ 58 ਬੱਦਲ ਫਟਣ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਿਹਾ ਕਿ ਮੀਂਹ ਕਰਕੇ ਨੁਕਸਾਨੇ ਗਏ ਬੁਨਿਆਦੀ ਢਾਂਚੇ ਨੂੰ ਮੁੜ ਖੜ੍ਹਾ ਕਰਨ ਲਈ ਇੱਕ ਸਾਲ ਦਾ ਸਮਾਂ ਲੱਗੇਗਾ। ਉਨ੍ਹਾਂ ਨੇ ਕਿਹਾ ਕਿ ਪਿਛਲੇ ਮਹੀਨੇ ਅਤੇ ਇਸ ਹਫ਼ਤੇ ਵਿੱਚ ਲਗਭਗ 10,000 ਕਰੋੜ ਰੁਪਏ ਦਾ ਨੁਕਸਾਨ ਹੋ ਚੁੱਕਾ ਹੈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਇਸ ਸਾਲ ਔਸਤ ਤੋਂ ਜ਼ਿਆਦਾ ਮੀਂਹ ਪੈਣ ਕਾਰਨ ਬਹੁਤ ਜ਼ਿਆਦਾ ਨੁਕਸਾਨ ਹੋ ਰਿਹਾ ਹੈ।

ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਹੈ ਕਿ ਇਸ ਸਾਲ ਰਾਜ ਵਿੱਚ ਔਸਤ ਤੋਂ ਜ਼ਿਆਦਾ ਮੀਂਹ ਪਿਆ ਹੈ। ਰਾਜ ਵਿੱਚ ਔਸਤਨ 1 ਜੂਨ ਤੋਂ ਲੈ ਕੇ 30 ਸਤੰਬਰ ਤੱਕ 730 ਮਿਲੀਮੀਟਰ ਮੀਂਹ ਪੈਂਦਾ ਹੈ, ਪਰ ਇਸ ਸਾਲ 1 ਜੂਨ ਤੋਂ 16 ਅਗਸਤ ਤੱਕ 742 ਮਿਲੀਮੀਟਰ ਮੀਂਹ ਪੈ ਚੁੱਕਿਆ ਹੈ। ਹਿਮਾਚਲ ਪ੍ਰਦੇਸ਼ ਵਿੱਚ ਹੋ ਰਹੀ ਤਬਾਹੀ ਲਈ ਇਕੱਲੇ ਭਾਰੀ ਮੀਂਹ ਨੂੰ ਜ਼ਿੰਮੇਵਾਰ ਠਹਿਰਾਉਣਾ ਸਹੀ ਨਹੀਂ ਹੈ। ਜ਼ਮੀਨ ਅਤੇ ਪਹਾੜਾਂ ਦੇ ਲਗਾਤਾਰ ਖਿਸਕਣ, ਸੜਕਾਂ ਉੱਤੇ ਢਿੱਗਾਂ ਗਿਰਨ, ਘਰਾਂ ਅਤੇ ਇਮਾਰਤਾਂ ਦੇ ਥੱਲੇ ਖਿਸਕਣ, ਸੜਕਾਂ ਦੇ ਗਰਕਣ ਆਦਿ ਜਿਹੇ ਵਰਤਾਰਿਆਂ ਲਈ, ਕੁਦਰਤ ਨਹੀਂ, ਮਨੁੱਖ ਜ਼ਿੰਮੇਵਾਰ ਹੈ। ਹਿਮਾਚਲ ਪ੍ਰਦੇਸ਼ ਵਿੱਚ ਹੋ ਰਹੀ ਤਬਾਹੀ ਦਾ ਮੁੱਖ ਕਾਰਨ ਚਾਰ-ਮਾਰਗੀ ਸੜਕਾਂ, ਪਣ-ਬਿਜਲੀ ਪ੍ਰੋਜੈਕਟ, ਜੰਗਲਾਂ ਦੀ ਅੰਧਾ-ਧੁੰਦ ਕਟਾਈ, ਕੇਬਲ ਕਾਰ ਪ੍ਰੋਜੈਕਟ, ਬਹੁ-ਮੰਜ਼ਲੀ ਇਮਾਰਤਾਂ ਆਦਿ ਹਨ। ਹਿਮਾਚਲ-ਪ੍ਰਦੇਸ਼ ਹਿਮਾਲਿਆ ਪਹਾੜਾਂ ਦੀ ਗੋਦ ਵਿੱਚ ਵੱਸਿਆ ਹੈ। ਇਹ ਭੂਚਾਲ-ਸੰਵੇਦਨਸ਼ੀਲ, ਜੰਗਲਾਂ ਅਤੇ ਬਰਫ਼ ਦੀ ਬਹੁਤਾਤ ਵਾਲਾ ਰਾਜ ਹੈ। ਇੱਥੇ ਕਿਸੇ ਵੀ ਤਰ੍ਹਾਂ ਦਾ ਵਿਕਾਸ ਕਰਨ ਤੋਂ ਪਹਿਲਾਂ ਭੂ-ਵਿਗਿਆਨੀਆਂ, ਵਾਤਾਵਰਨ ਮਾਹਿਰਾਂ, ਅਤੇ ਸਥਾਨਕ ਲੋਕਾਂ ਦੀ ਰਾਇ ਲੈਣੀ ਜ਼ਰੂਰੀ ਹੈ।

ਹਿਮਾਚਲ ਪ੍ਰਦੇਸ਼ ਨੂੰ ਕੁਦਰਤ ਨੇ ਭਰਪੂਰ ਖ਼ੂਬਸੂਰਤੀ ਦਿੱਤੀ ਹੈ। ਇੱਥੋਂ ਦੇ ਨਵੇਂ ਉਭਰਦੇ ਅਤੇ ਉੱਚੇ ਪਹਾੜ, ਵੰਨ-ਸੁਵੰਨੀ ਬਨਸਪਤੀ, ਅਤੇ ਠੰਢਾ ਮੌਸਮ ਸੈਲਾਨੀਆਂ ਨੂੰ ਆਪਣੇ ਵੱਲ ਖਿੱਚਦੇ ਹਨ। ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਇਸ ਕੁਦਰਤੀ ਖ਼ੂਬਸੂਰਤੀ ਦਾ ਫ਼ਾਇਦਾ ਉਠਾਉਂਦੇ ਹੋਏ ਇਸ ਨੂੰ ਸੈਰਗਾਹ ਦੇ ਤੌਰ ਉੱਤੇ ਉਭਾਰਨ ਲਈ ਚਾਰ-ਮਾਰਗੀ



ਸੜਕਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਸੜਕਾਂ ਨੂੰ ਬਣਾਉਣ ਲਈ ਭਾਰੀਆਂ ਮਸ਼ੀਨਾਂ ਦੇ ਨਾਲ ਨਾਲ ਵਿਸਫ਼ੋਟਕ ਸਮੱਗਰੀ ਦੀ ਵਰਤੋਂ ਕਰਕੇ ਪਹਾੜਾਂ ਨੂੰ ਤੋੜਿਆ ਗਿਆ ਜਿਸ ਕਾਰਨ ਇੱਥੋਂ ਦਾ ਕੁਦਰਤੀ ਸੰਤੁਲਨ ਵਿਗੜਨਾ ਸ਼ੁਰੂ ਹੋ ਗਿਆ ਹੈ। ਇਸ ਦੇ ਨਤੀਜੇ ਵਜੋਂ ਪਹਾੜ ਥਾਂ ਥਾਂ ਤੋਂ ਥੱਲੇ ਖਿਸਕਣੇ ਸ਼ੁਰੂ ਹੋ ਗਏ ਹਨ। ਪਹਾੜੀ ਖੇਤਰਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਕਾਸ ਕਾਰਜ ਲਈ ਪਹਾੜ ਤੋੜਨ ਤੋਂ ਪਹਿਲਾਂ ਜੰਗਲ ਕੱਟਣੇ ਪੈਂਦੇ ਹਨ। ਜੰਗਲਾਂ ਦੀ ਅਣਹੋਂਦ ਕਾਰਨ ਮਿੱਟੀ ਖੁਰਨ ਲੱਗ ਜਾਂਦੀ ਹੈ। ਪਹਾੜਾਂ ਦੀ ਵੱਧ ਕਟਾਈ ਹੋਣ ਅਤੇ ਮਿੱਟੀ ਦੇ ਖੁਰਨ ਕਾਰਨ ਪਹਾੜ ਥੱਲੇ ਨੂੰ ਖਿਸਕਣਾ ਸ਼ੁਰੂ ਕਰ ਦਿੰਦੇ ਹਨ ਜਿਸ ਦੇ ਨਤੀਜੇ ਵਜੋਂ ਅੰਤਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੋ ਜਾਂਦਾ ਹੈ।

ਅੱਜਕੱਲ੍ਹ ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ, ਮਨਾਲੀ, ਧਰਮਸ਼ਾਲਾ, ਮੰਡੀ ਆਦਿ ਵਰਗੇ ਬਹੁਤ ਸਾਰੇ ਪਹਾੜੀ ਸ਼ਹਿਰ ਇਸ ਤਰ੍ਹਾਂ ਦੇ ਅਖੌਤੀ ਆਰਥਿਕ ਵਿਕਾਸ ਦੀ ਲਪੇਟ ਵਿੱਚ ਆ ਕੇ ਭਾਰੀ ਮੀਂਹ ਵਰਗੀ ਕੁਦਰਤੀ ਆਫ਼ਤਾਂ ਦੀ ਮਾਰ ਦੇ ਨਾਲ ਨਾਲ ਫਲੈਸ਼ ਫਲੱਡਜ਼ ਅਤੇ ਪਹਾੜ ਖਿਸਕਣ ਵਰਗੀਆਂ ਹੋਰ ਕੁਦਰਤੀ ਆਫ਼ਤਾਂ ਦੀ ਮਾਰ ਵੀ ਸਹਿ ਰਹੇ ਹਨ। ਹਿਮਾਚਲ ਪ੍ਰਦੇਸ਼ ਵਿੱਚ ਚਾਰ-ਮਾਰਗੀ ਸੜਕਾਂ ਦੇ ਕੰਮ ਸ਼ੁਰੂ ਹੋਣ ਤੋਂ ਬਾਅਦ ਹਰ ਸਾਲ ਪਹਾੜ ਖਿਸਕਣ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 2020 ਵਿੱਚ ਪਹਾੜ ਖਿਸਕਣ ਦੀਆਂ ਸਿਰਫ਼ 16 ਘਟਨਾਵਾਂ ਵਾਪਰੀਆਂ ਸਨ, 2021 ਵਿੱਚ ਇਨ੍ਹਾਂ ਦੀ ਗਿਣਤੀ ਵਧ ਕੇ 100, 2022 ਵਿੱਚ 117 ਹੋ ਗਈ ਸੀ। ਚਾਰ-ਮਾਰਗੀ ਸੜਕਾਂ ਤੋਂ ਇਲਾਵਾ ਹਿਮਾਚਲ-ਪ੍ਰਦੇਸ਼ ਵਿੱਚ ਲੱਗ ਰਹੇ ਪਣ-ਬਿਜਲੀ ਪ੍ਰੋਜੈਕਟ ਵੀ ਕੁਦਰਤੀ ਆਫ਼ਤਾਂ ਦੀ ਮਾਰ ਦੀ ਗਹਿਰਾਈ ਵਿੱਚ ਵਾਧਾ ਕਰ ਰਹੇ ਹਨ। ਹਿਮਧਾਰਾ ਇਨਵਾਰਇਨਮੈਂਟ ਰਿਸਰਚ ਅਤੇ ਐਕਸ਼ਨ ਕਲੈਕਟਿਵ ਨੇ ਪਣ-ਬਿਜਲੀ ਪ੍ਰੋਜੈਕਟਾਂ ਦੇ ਪ੍ਰਭਾਵਾਂ ਬਾਰੇ ਇੱਕ ਅਧਿਐਨ ਕੀਤਾ ਹੈ। ਇਸ ਅਧਿਐਨ ਅਨੁਸਾਰ ਭਾਰਤ ਦੇ ਸਾਰੇ ਹਿਮਾਲੀਅਨ ਰਾਜਾਂ ਵਿੱਚੋਂ, ਹਿਮਾਚਲ ਪ੍ਰਦੇਸ਼ ਵਿੱਚ ਪਣ-ਬਿਜਲੀ ਦੇ ਵਿਕਾਸ ਦੀ ਗਤੀ ਸਭ ਤੋਂ ਜ਼ਿਆਦਾ ਹੈ। ਕਿਨੌਰ ਜ਼ਿਲ੍ਹੇ ਵਿੱਚ 53 ਪਣ-ਬਿਜਲੀ ਪ੍ਰੋਜੈਕਟ ਲਗਾਉਣ ਦੀ ਵਿਉਂਤਬੰਦੀ ਹੈ। ਇਨ੍ਹਾਂ ਵਿੱਚੋਂ 17 ਪ੍ਰੋਜੈਕਟ ਵੱਡੇ ਹਨ। 53 ਵਿੱਚੋਂ ਵੱਖ ਵੱਖ ਸਮਰੱਥਾ ਵਾਲੇ 15 ਪ੍ਰੋਜੈਕਟ ਪਹਿਲਾਂ ਹੀ ਕਾਰਜਸ਼ੀਲ ਹਨ। ਇੰਨਾਂ ਪ੍ਰੋਜੈਕਟਾਂ ਦੇ ਵਾਤਾਵਰਨ ਉੱਤੇ ਪੈ ਰਹੇ ਮਾੜੇ ਕਾਰਨ 2021 ਵਿੱਚ ਕਿਨੌਰ ਦੇ ਲੋਕਾਂ ਨੇ ਝਾਂਗੀ ਤਪੋਵਨ ਪੋਵਾਰੀ ਪਣ-ਬਿਜਲੀ ਪ੍ਰੋਜੈਕਟ ਲਗਾਉਣ ਦਾ ਭਾਰੀ ਵਿਰੋਧ ਕੀਤਾ ਸੀ।

ਬ੍ਰਿਟਿਸ਼ ਰਾਜ ਵੇਲੇ 1864 ਵਿੱਚ ਅੰਗਰੇਜ਼ਾਂ ਨੇ ਸ਼ਿਮਲੇ ਨੂੰ ਭਾਰਤ ਦੀ ਗਰਮੀਆਂ ਦੇ ਮੌਸਮ ਲਈ ਰਾਜਧਾਨੀ ਬਣਾਇਆ ਸੀ। ਇਹ ਸ਼ਹਿਰ ਸਿਰਫ਼ 16,000 ਲੋਕਾਂ ਦੀ ਆਬਾਦੀ ਦੀਆਂ ਲੋੜਾਂ ਹੀ ਸੁਖਾਲਿਆਂ ਪੂਰੀਆਂ ਕਰ ਸਕਦਾ ਸੀ। ਆਰਥਿਕ ਵਿਕਾਸ ਦੀ ਦੌੜ ਵਿੱਚ ਅੱਗੇ ਵਧਦਿਆਂ ਹਿਮਾਚਲ ਪ੍ਰਦੇਸ਼ ਸਰਕਾਰ ਨੇ ਇੱਥੋਂ ਦੇ ਸੀਮਤ ਕੁਦਰਤੀ ਸਰੋਤਾਂ ਦੀ ਪਰਵਾਹ ਨਾ ਕਰਦੇ ਹੋਏ ਟੂਰਿਜ਼ਿਮ ਇੰਡਸਟਰੀ ਨੂੰ ਉਤਸ਼ਾਹਿਤ ਕਰਦਿਆਂ ਹੋਇਆਂ ਇੱਥੇ ਹੋਟਲਾਂ ਦੇ ਰੂਪ ਵਿੱਚ ਬਹੁ-ਮੰਜ਼ਲੀ ਇਮਾਰਤਾਂ ਖੜ੍ਹੀਆਂ ਕਰਨ ਦੀ ਪ੍ਰਵਾਨਗੀ ਦਿੱਤੀ। ਸ਼ਿਮਲੇ ਦੀ ਆਬਾਦੀ 2011 ਵਿੱਚ ਵਧ ਕੇ 1,69,578 ਹੋ ਗਈ ਸੀ ਜਿਸਦੇ 2023 ਵਿੱਚ 2,32,000 ਹੋਣ ਦਾ ਅਨੁਮਾਨ ਹੈ। ਸ਼ਿਮਲੇ ਦੀ ਵਧ ਰਹੀ ਆਬਾਦੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਰਾਜ ਸਰਕਾਰ ਨੇ ਚਾਰ ਸੈਟੇਲਾਈਟ ਟਾਊਨ (ਗੰਦਾਲ, ਫਾਗੂ, ਨਾਲਦੇਹਰਾ, ਅਤੇ ਚਮਿਆਣਾ) ਅਤੇ ਇੱਕ ਕਾਊਂਟਰ-ਮੈਗਲੇਟ ਟਾਊਨ ਬਣਾਉਣ ਦੀ ਵਿਉਂਤਬੰਦੀ ਕੀਤੀ ਹੈ।

ਪਰਵਾਣੂ-ਸ਼ਿਮਲਾ ਚਾਰ-ਮਾਰਗੀ ਸੜਕ ਬਣਨ ਤੋਂ ਬਾਅਦ ਸ਼ਿਮਲੇ ਵਿੱਚ ਸੈਲਾਲੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਸੈਲਾਨੀਆਂ ਨੂੰ ਠਹਿਰਾਉਣ ਲਈ ਕਈ ਕਈ ਮੰਜ਼ਿਲਾਂ ਵਾਲੇ ਹੋਟਲ ਬਣ ਰਹੇ ਹਨ। ਜ਼ਿਆਦਾ ਕਮਾਈ ਦੇ ਚੱਕਰ ਵਿੱਚ ਲੋਕਾਂ ਨੇ ਉਨ੍ਹਾਂ ਥਾਵਾਂ ਉੱਤੇ ਵੀ ਇਮਾਰਤਾਂ ਉਸਾਰ ਲਈਆਂ ਹਨ ਜਿੱਥੇ ਪਹਿਲਾਂ ਬਰਸਾਤੀ ਨਾਲੇ ਹੁੰਦੇ ਸਨ ਜਾਂ ਜਿੱਥੇ ਕੁਦਰਤੀ ਤੌਰ ਉੱਤੇ ਮੀਂਹ ਦਾ ਪਾਣੀ ਇੱਕਠਾ ਹੋ ਜਾਂਦਾ ਸੀ। ਸਮਰ ਹਿੱਲ ਦਾ ਸ਼ਿਵ ਮੰਦਰ ਬਰਸਾਤੀ ਨਾਲੇ ਦੇ ਕਿਨਾਰੇ ਉੱਤੇ ਬਣਾਇਆ ਹੋਇਆ ਸੀ ਅਤੇ ਕ੍ਰਿਸ਼ਨਾ ਨਗਰ ਵੀ ਬਾਵੜੀ ਉੱਤੇ ਵੱਸਿਆ ਹੋਇਆ ਹੈ।

ਹਿਮਾਚਲ ਪ੍ਰਦੇਸ਼ ਭੂਚਾਲ-ਸੰਵੇਦਨਸ਼ੀਲ ਖੇਤਰ ਵਿੱਚ ਵੀ ਪੈਂਦਾ ਹੈ। ਭਾਰਤ ਨੂੰ ਇੰਡੀਅਨ ਅਤੇ ਅਰਬੀਅਨ ਪਲੇਟਾਂ, ਯੂਰਪੀਅਨ ਪਲੇਟ ਵੱਲ ਲਗਾਤਾਰ ਧੱਕ ਰਹੀਆਂ ਹਨ ਜਿਸ ਕਾਰਨ ਦੇਸ ਦੇ ਉੱਤਰ-ਪੱਛਮੀ ਖੇਤਰ ਜੰਮੂ-ਕਸ਼ਮੀਰ ਤੋਂ ਲੈ ਕੇ ਉੱਤਰ-ਪੂਰਬੀ ਖੇਤਰ ਮਿਜ਼ੋਰਮ ਰਾਜ ਤੱਕ ਵੱਡੇ ਭੂਚਾਲ ਆਉਣ ਦਾ ਖ਼ਤਰਾ ਲਗਾਤਾਰ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਤਾਪਮਾਨ ਦੇ ਵਾਧੇ ਕਾਰਨ ਹਿਮਾਲਿਆ ਦੇ ਪਹਾੜਾਂ ਤੋਂ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਪਹਾੜਾਂ ਵਿੱਚ ਗਲੇਸ਼ੀਅਰ ਝੀਲਾਂ ਬਣ ਰਹੀਆਂ ਹਨ ਜਿਸ ਕਾਰਨ ਹਿਮਾਚਲ ਪ੍ਰਦੇਸ਼ ਵਿੱਚ ਵੀ ਉੱਤਰਾਖੰਡ ਦੇ ਚਮੋਲੀ ਵਿੱਚ 2021 ਵਿੱਚ ਵਾਪਰੀ ਤਰਾਸਦੀ ਵਰਗੀ ਘਟਨਾ ਵਾਪਰ ਸਕਦੀ ਹੈ।

ਇੰਟਰਗਰਵਰਨਮੈਂਟਲ ਪੇਨਲ ਔਨ ਕਲਾਈਮੇਟ ਚੇਂਜ ਦੀ ਪੰਜਵੀਂ ਅਤੇ ਛੇਵੀਂ ਰਿਪੋਰਟ ਅਨੁਸਾਰ ਭਾਰਤ ਵਿੱਚ ਤਾਪਮਾਨ ਦੇ ਵਾਧੇ ਕਾਰਨ ਉੱਤਰ ਵਿੱਚ ਹਿਮਾਲਿਆ ਵਿੱਚ ਵੱਸੇ ਰਾਜਾਂ ਅਤੇ ਦੱਖਣ ਵਿੱਚ ਸਮੁੰਦਰ ਕਿਨਾਰੇ ਵੱਸੇ ਰਾਜਾਂ ਨੂੰ ਕੁਦਰਤੀ ਆਫ਼ਤਾਂ ਦੀ ਵਧੇਰੇ ਮਾਰ ਪਵੇਗੀ।

ਦਿ ਜ਼ੀਔਲੋਜ਼ੀਕਲ ਸਰਵੇ ਆਫ਼ ਇੰਡੀਆ ਦੀ ਇੱਕ ਰਿਪੋਰਟ ਅਨੁਸਾਰ ਹਿਮਾਚਲ ਪ੍ਰਦੇਸ਼ ਵਿੱਚ 17,120 ਥਾਵਾਂ ਅਜਿਹੇ ਹਨ ਜਿੱਥੇ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ। ਇਨ੍ਹਾਂ ਖੇਤਰਾਂ ਵਿੱਚ ਸਿਰਮੌਰ, ਲਾਹੌਲ ਅਤੇ ਸਪਿਤੀ, ਮੰਡੀ, ਕਿਨੌਰ, ਕਾਂਗੜਾ, ਸ਼ਿਮਲਾ, ਸੋਲਨ, ਬਿਲਾਸਪੁਰ, ਊਨਾ, ਚੰਬਾ, ਹਮੀਰਪੁਰ ਆਦਿ ਥਾਵਾਂ ਸ਼ਾਮਲ ਹਨ। ਹਿਮਾਚਲ ਪ੍ਰਦੇਸ਼ ਵਿੱਚ ਕਈ ਥਾਵਾਂ ਉੱਤੇ ਉੱਤਰਾਖੰਡ ਦੇ ਜੋਸ਼ੀਮੱਠ ਵਾਂਗ ਜ਼ਮੀਨ ਗਰਕਣ ਦੀਆਂ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ।

ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਚਾਹੀਦਾ ਹੈ ਕਿ ਰਾਜ ਦੇ ਆਰਥਿਕ ਵਿਕਾਸ ਲਈ ਕਿਸੇ ਵੀ ਤਰ੍ਹਾਂ ਦੀ ਉਸਾਰੀ ਭੂ-ਵਿਗਿਆਨੀਆਂ, ਵਾਤਾਵਰਨ ਮਾਹਿਰਾਂ, ਅਤੇ ਸਥਾਨਕ ਲੋਕਾਂ ਦੀ ਰਾਇ ਲਏ ਬਿਨਾਂ ਸ਼ੁਰੂ ਨਾ ਕਰੇ। ਹਿਮਾਚਲ ਪ੍ਰਦੇਸ਼ ਦੀ ਕੁਦਰਤੀ ਸੁੰਦਰਤਾ ਨੂੰ ਬਚਾਉਣ ਲਈ ਇੱਥੋਂ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਚਾਰ-ਮਾਰਗੀ ਸੜਕਾਂ ਬਣਾਉਣ ਦੀ ਥਾਂ ਉੱਤੇ ਪੁਰਾਣੀਆਂ ਸੜਕਾਂ ਦੀ ਚੰਗੀ ਤਰ੍ਹਾਂ ਮੁਰੰਮਤ ਕਰਵਾ ਕੇ ਉਨ੍ਹਾਂ ਨੂੰ ਆਵਾਜਾਈ ਯੋਗ ਬਣਾਵੇ। ਪਹਾੜੀ ਸ਼ਹਿਰਾਂ ਵਿੱਚ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਵੀ ਨਿਰਧਾਰਤ ਕਰ ਦੇਣੀ ਚਾਹੀਦੀ ਹੈ ਤਾਂਕਿ ਪਹਾੜੀ ਖੇਤਰਾਂ ਦੀ ਸਮਰੱਥਾ ਦੇ ਅਨੁਸਾਰ ਹੀ ਉੱਥੇ ਹੋਟਲ ਬਣਾਏ ਜਾਣ। ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਚਾਹੀਦਾ ਹੈ ਕਿ ਸੈਲਾਨੀਆਂ ਲਈ ਸੁਵਿਧਾਜਨਕ ਆਵਾਜਾਈ ਦੇ ਜਨਤਕ ਸਾਧਨ ਮੁਹੱਈਆ ਕਰਵਾਉਣ ਦਾ ਵੀ ਪ੍ਰਬੰਧ ਕਰਵਾਏ। ਇਸ ਤਰ੍ਹਾਂ ਕਰਨ ਨਾਲ ਗੱਡੀਆਂ ਖੜ੍ਹੀਆਂ ਕਰਨ ਲਈ ਬਹੁ-ਮੰਜ਼ਲੀਆਂ ਇਮਾਰਤਾਂ ਨਹੀਂ ਬਣਾਉਣੀਆਂ ਪੈਣਗੀਆਂ। ਕੋਈ ਵੀ ਇਮਾਰਤ ਬਣਾਉਣ ਤੋਂ ਪਹਿਲਾਂ ਉਸ ਖੇਤਰ ਦੀ ਭੂ-ਵਿਗਿਆਨੀਆਂ ਤੋਂ ਜਾਂਚ ਕਰਵਾ ਕੇ ਇਮਾਰਤ ਬਣਾਉਣ ਦੀ ਮਨਜ਼ੂਰੀ ਦੇਣੀ ਚਾਹੀਦੀ ਹੈ। ਪਹਾੜੀ ਖੇਤਰਾਂ ਦੀ ਸੁੰਦਰਤਾ ਅਤੇ ਉੱਥੋਂ ਦੇ ਜਾਨ, ਮਾਲ ਦੀ ਰੱਖਿਆ ਕਰਨ ਲਈ ਸੈਲਾਨੀਆਂ ਲਈ ਬਹੁ-ਮੰਜ਼ਲਾਂ ਇਮਾਰਤਾਂ ਬਣਾਉਣ ਦੀ ਥਾਂ ਉੱਤੇ "ਹਿਮਾਚਲ ਕਾ ਹਰ ਘਰ ਕੁਸ਼ ਕਹਿਤਾ ਹੈ" ਦੇ ਨਾਅਰੇ ਉੱਤੇ ਅਮਲ ਕਰਕੇ ਰਾਜ ਸਰਕਾਰ ਵਾਤਾਵਰਨ ਨੂੰ ਬਚਾਉਣ ਦੇ ਨਾਲ ਨਾਲ ਲੋਕਾਂ ਦੀ ਆਮਦਨ ਵੀ ਵਧਾ ਸਕਦੀ ਹੈ। ਹਿਮਾਚਲ ਪ੍ਰਦੇਸ਼ ਸਰਕਾਰ ਰਾਜ ਵਿੱਚ ਪਣ-ਬਿਜਲੀ ਪ੍ਰੋਜੈਕਟ ਵੀ ਰਾਜ ਦੇ ਵਾਤਾਵਰਨ ਦੀ ਸਮਰੱਥਾ ਅਨੁਸਾਰ ਹੀ ਲਗਾਵੇ। ਜੇਕਰ ਵਾਤਾਵਰਨ ਸੁਰੱਖਿਆ ਵੱਲ ਹੁਣ ਵੀ ਧਿਆਨ ਨਾ ਦਿੱਤਾ ਗਿਆ ਤਾਂ ਹਿਮਾਚਲ ਪ੍ਰਦੇਸ਼ ਨੂੰ ਕੁਦਰਤੀ ਆਫ਼ਤਾਂ ਦੀ ਭਾਰੀ ਮਾਰ ਪੈ ਸਕਦੀ ਹੈ।

# ਨਿੱਕੀਆਂ ਕਰੂੰਬਲਾਂ ਦੀ ਟੀਮ ਨੇ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਦੀਆਂ ਲਾਇਬ੍ਰੇਰੀਆਂ ਲਈ ਕਿਤਾਬਾਂ ਦਾਨ ਕੀਤੀਆਂ

ਨਿੱਕੀਆਂ ਕਰੂੰਬਲਾਂ ਮਾਹਿਲਪੁਰ ਦੀ ਟੀਮ ਨੇ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਇਲਾਕੇ ਵਿੱਚ ਚਲਾਏ ਜਾ ਰਹੇ ਸਿੱਖਿਆ ਕੇਂਦਰਾਂ ਲਈ ਕਿਤਾਬਾਂ ਦਾਨ ਕੀਤੀਆਂ। ਨੰਗਲ ਵਿੱਚ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਆਗੂ ਕੁਲਦੀਪ ਚੰਦ ਨੂੰ ਇਨ੍ਹਾਂ ਕਿਤਾਬਾਂ ਦੇ ਸੈਟ ਦਿੰਦਿਆਂ ਨੀਕੀਆਂ ਕਰੂੰਬਲਾਂ ਮਾਹਿਲਪੁਰ ਦੀ ਟੀਮ ਦੇ ਆਗੂ ਬਲਜਿੰਦਰ ਮਾਨ ਅਤੇ ਬੱਗਾ ਸਿੰਘ ਨੇ ਕਿਤਾਬਾਂ ਦੀਆਂ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਮਨੁੱਖ ਦੀ ਸ਼ਖ਼ਸੀਅਤ ਦੇ ਵਿਕਾਸ ਲਈ ਕਿਤਾਬਾਂ ਬਹੁਤ ਹੀ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਕਿਤਾਬਾਂ ਨੂੰ ਅਕਸਰ 'ਗਿਆਨ ਦੇ ਵਿਸ਼ਾਲ ਸਮੁੰਦਰ' ਵਜੋਂ ਜਾਣਿਆ ਜਾਂਦਾ ਹੈ। ਕਿਤਾਬਾਂ ਬਚਪਨ ਤੋਂ ਹੀ ਸਾਡੀ ਜ਼ਿੰਦਗੀ ਦਾ ਹਿੱਸਾ ਰਹੀਆਂ ਹਨ। ਆਮ ਕਿਹਾ ਜਾਂਦਾ ਹੈ ਕਿ ਕਿਤਾਬਾਂ ਮਨੁੱਖ ਦੀਆਂ ਸੱਚੀਆਂ ਮਿੱਤਰ ਹੁੰਦੀਆਂ ਹਨ। ਕਿਤਾਬਾਂ ਬੱਚਿਆਂ ਅਤੇ ਹਰ ਕਿਸੇ ਲਈ ਗਿਆਨ ਦਾ ਭੰਡਾਰ ਹਨ। ਪੁਸਤਕ ਸਾਰੇ ਮਨੁੱਖਾਂ ਨੂੰ ਸਹੀ ਮਾਰਗ ਦਰਸਾਉਂਦੀ ਹੈ। ਕਿਤਾਬਾਂ ਸੰਸਾਰ ਬਾਰੇ ਨਵੀਂ ਅਤੇ ਦਿਲਚਸਪ ਜਾਣਕਾਰੀ ਪ੍ਰਦਾਨ ਕਰਕੇ ਮਾਨਸਿਕ ਵਿਕਾਸ ਵਿੱਚ ਸਹਾਇਤਾ ਕਰ ਸਕਦੀਆਂ ਹਨ। ਕਿਤਾਬਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ ਅਤੇ ਇਹ ਮਨੁੱਖੀ ਜੀਵਨ ਦਾ ਆਧਾਰ ਹਨ। ਅਸੀਂ ਕਿਤਾਬਾਂ ਪੜ੍ਹ ਕੇ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਕਰ ਸਕਦੇ ਹਾਂ। ਕਿਤਾਬਾਂ ਵਿੱਚ ਲਿਖੀਆਂ ਚੀਜ਼ਾਂ ਸਾਡੇ ਜੀਵਨ ਵਿੱਚ ਬਹੁਤ ਉਪਯੋਗੀ ਹੁੰਦੀਆਂ ਹਨ ਅਤੇ ਇਹ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਗਿਆਨ ਦੀ ਰੌਸ਼ਨੀ ਵੱਲ ਲੈ ਜਾਂਦੀਆਂ ਹਨ।



ਕਿਤਾਬਾਂ ਮਨੋਰੰਜਨ ਦਾ ਵੀ ਵਧੀਆ ਸਾਧਨ ਹਨ। ਕਿਤਾਬਾਂ ਗਿਆਨ ਦਾ ਇੱਕ ਅਨਮੋਲ ਸਰੋਤ ਅਤੇ ਗਿਆਨ ਪ੍ਰਾਪਤ ਕਰਨ ਦਾ ਇੱਕ ਆਸਾਨ ਤਰੀਕਾ ਹੈ। ਕਿਤਾਬਾਂ ਹਮੇਸ਼ਾ ਗਿਆਨ ਦੇ ਦੀਵੇ ਵਾਂਗ ਲੋਕਾਂ ਨੂੰ ਸਹੀ ਰਸਤਾ ਦਿਖਾਉਂਦੀਆਂ ਹਨ। ਕਿਤਾਬਾਂ ਕਈ ਕਈ ਕਿਸਮਾਂ ਦੀਆਂ ਹਨ ਜਿਵੇਂ ਕਿ ਵਿਦਿਅਕ ਅਦਾਰਿਆਂ ਵਿੱਚ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਪੁਸਤਕਾਂ, ਕਵਿਤਾਵਾਂ, ਕਹਾਣੀਆਂ, ਲਿਖਤਾਂ, ਸਾਹਿਤਕ ਪੁਸਤਕਾਂ, ਹਾਸਰਸ ਚੁਟਕਲੇ, ਵਿਗਿਆਨ ਅਤੇ ਇਤਿਹਾਸ ਨਾਲ ਸਬੰਧਤ ਪੁਸਤਕਾਂ, ਸਵੈ ਜੀਵਨੀਆਂ ਆਦਿ। ਕਿਤਾਬਾਂ ਪੜ੍ਹਨ ਨਾਲ ਮਨੁੱਖ ਦੀ ਸੋਚ ਬਦਲ ਜਾਂਦੀ ਹੈ। ਪੁਸਤਕਾਂ ਦਾ ਮਨੁੱਖ ਦੀ ਸ਼ਖ਼ਸੀਅਤ ਉੱਤੇ ਚੰਗਾ ਪ੍ਰਭਾਵ ਪੈਂਦਾ ਹੈ।

ਇਕੱਲੇਪਣ ਨੂੰ ਦੂਰ ਕਰਨ ਲਈ ਕਿਤਾਬਾਂ ਤੋਂ ਵਧੀਆ ਹੋਰ ਕੋਈ ਤਰੀਕਾ ਨਹੀਂ ਹੋ ਸਕਦਾ। ਹਰ ਲੇਖਕ ਆ-ਪਣੀਆਂ ਭਾਵਨਾਵਾਂ ਅਤੇ ਕਲਪਨਾ ਨੂੰ ਕਿਤਾਬਾਂ ਰਾਹੀਂ ਪ੍ਰਗਟ ਕਰਦੇ ਹਨ। ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਦੌਰਾਨ ਕਿਤਾਬਾਂ ਨੇ ਲੋਕਾਂ ਵਿੱਚ ਜਾਗਰੂਕਤਾ ਫੈਲਾਈ ਸੀ। ਪੁਸਤਕਾਂ ਤੋਂ ਬਿਨਾਂ ਮਨੁੱਖ ਨਾ ਸਿਰਫ਼ ਅਨਪੜ੍ਹ ਰਹਿੰਦਾ ਹੈ ਸਗੋਂ ਉਸ ਦਾ ਜੀਵਨ ਵੀ ਅਰਥਹੀਣ ਹੋ ??ਜਾਂਦਾ ਹੈ।

ਕਿਤਾਬਾਂ ਸਾਨੂੰ ਜੀਵਨ ਵਿੱਚ ਸਹੀ ਅਤੇ ਗਲਤ ਅਤੇ ਚੰਗੇ ਅਤੇ ਮਾੜੇ ਵਿੱਚ ਫਰਕ ਕਰਨਾ ਸਿਖਾਉਂਦੀਆਂ ਹਨ। ਕਿਤਾਬਾਂ ਪੜ੍ਹਨਾ ਸਾਨੂੰ ਜ਼ਿੰਦਗੀ ਵਿੱਚ ਕੁਝ ਕਰਨ ਅਤੇ ਬਣਨ ਦੀ ਪ੍ਰੇਰਨਾ ਦਿੰਦਾ ਹੈ। ਕੁਲਦੀਪ ਚੰਦ ਨੇ ਨੀਕੀਆਂ ਕਰੂੰਬਲਾਂ ਮਾਹਿਲਪੁਰ ਦੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਚੰਗੀਆਂ ਕਿਤਾਬਾਂ ਅਤੇ ਚੰਗੇ ਵਿਚਾਰਾਂ ਦੁਆਰਾ ਹੀ ਅਸੀਂ ਸਮਾਜ ਅਤੇ ਦੇਸ਼ ਨੂੰ ਕਈ ਸਮੱਸਿਆਵਾਂ ਤੋਂ ਬਚਾ ਸਕਦੇ ਹਾਂ। ਉਨ੍ਹਾਂ ਦੱਸਿਆ ਕਿ ਚੰਗੇ ਭਵਿੱਖ ਦੇ ਨਿਰਮਾਣ ਲਈ ਚੰਗੀਆਂ ਕਿਤਾਬਾਂ ਮਹੱਤਵਪੂਰਨ ਹਨ ਅਤੇ ਇਸ ਲਈ ਹੀ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਸਿੱਖਿਆ ਕੇਂਦਰ ਖੋਲੇ ਗਏ ਹਨ ਤਾਂ ਜੋ ਹਰ ਉਮਰ ਦਾ ਵਿਅਕਤੀ ਇਨ੍ਹਾਂ ਵਿੱਚ ਜਾਕੇ ਅਪਣੀ ਰੁਚੀ ਅਨੁਸਾਰ ਕਿਤਾਬਾਂ ਪੜ੍ਹ ਸਕੇ ਅਤੇ ਗਿਆਨ ਵਿੱਚ ਵਾਧਾ ਕਰਕੇ ਸਮਾਜਿਕ ਬੁਰਾਈਆਂ ਤੋਂ ਬਚ ਸਕੇ।

**- ਕੁਲਦੀਪ ਚੰਦ**

# "ਇਰੋਡ ਵੈਂਕਟੱਪਾ ਰਾਮਾਸਾਮੀ" ਇੱਕ ਮਹਾਨ ਰਹਿਬਰ



ਹਰਦੀਪ ਸਿੰਘ ਚੁੰਬਰ
+91-94636-01616

ਆਪਣੇ ਸਮਾਜ ਦੇ ਲੋਕਾਂ ਨੂੰ ਕਿਸੇ ਧਰਮ ਦੇ ਲੜ ਲਾ ਕੇ ਬਹੁਤ ਸਾਰੇ ਲੋਕਾਂ ਨੇ ਚੰਗਾ ਰਾਹ ਦਿਖਾਉਣ ਦੀ ਕੋਸ਼ਿਸ਼ ਕੀਤੀ ਹੋਵੇਗੀ, ਪਰ ਧਰਮ ਦਾ ਅਸਲੀ ਸੱਚ ਦੇਖਕੇ ਅਤੇ ਆਪਣੇ ਸਮਾਜ ਨੂੰ ਦਿਖਾ ਕੇ ਉਹਨਾਂ ਨੂੰ ਸਮਾਜ ਵਿੱਚ ਬਾਰਬਰ ਦਾ ਮਾਨ ਸਨਮਾਨ ਅਤੇ ਰੋਜ਼ਗਾਰ ਦਵਾ ਕੇ ਗਰੀਬ ਦੇ ਮੂੰਹ ਵਿੱਚ ਰੋਟੀ ਪਾਉਣ ਦਾ ਕੰਮ ਕਰਨ ਵਾਲੇ ਮਨੁੱਖ ਨੂੰ ਧਰਮ ਗੁਰੂਆਂ ਤੋਂ ਵੀ ਵੱਡਾ ਗੁਰੂ ਕਿਹਾ ਜਾ ਸਕਦਾ ਹੈ। ਅਜਿਹੇ ਹੀ ਇੱਕ ਮਹਾਨ ਮਨੁੱਖ ਦਾ ਨਾਮ ਹੈ "ਇਰੋਡ ਵੈਂਕਟੱਪਾ ਰਾਮਾਸਾਮੀ"। ਉਹ ਬਹੁਤ ਹੀ ਸੂਖਮ ਮਨ ਦਾ ਮਾਲਕ ਸੀ ਅਤੇ ਚੰਗੇ ਤਕੜੇ ਆਰਥਿਕ ਸੰਸਾਧਨ ਦੇ ਕੱਪੜੇ ਦੀ ਮਿਲ ਦੇ ਮਾਲਕ ਦਾ ਪੁੱਤਰ ਸੀ। ਸਮਾਜਿਕ ਵਿਤਕਰਾ ਅਤੇ ਗਰੀਬੀ ਕੀ ਹੁੰਦੀ ਹੈ ਬਚਪਨ ਵਿੱਚ ਉਹ ਨਹੀਂ ਸੀ ਜਾਣਦਾ ਸੀ, ਉਸ ਦੇ ਘਰ ਵਿੱਚ ਤਕੜੇ ਬ੍ਰਾਹਮਣਵਾਦੀਆਂ ਦਾ ਆਉਣਾ ਜਾਣਾ ਸੀ। ਇਸ ਕਰਕੇ ਉਹ ਹਿੰਦੂ ਧਰਮ ਤੋਂ ਬਹੁਤ ਪ੍ਰਭਾਵਤ ਸੀ। ਫੇਰ ਵੀ ਛੋਟੀ ਉਮਰ ਵਿੱਚ, ਉਸਨੇ ਹਿੰਦੂ ਮਿਥਿਹਾਸਕ ਕਹਾਣੀਆਂ ਵਿੱਚ ਸਪੱਸ਼ਟ ਵਿਰੋਧਾਭਾਸ ਬਾਰੇ ਸਵਾਲ ਕਰਨਾ ਸ਼ੁਰੂ ਕਰ ਦਿੱਤਾ। ਜਿਵੇਂ-ਜਿਵੇਂ ਰਾਮਾਸਾਮੀ ਵੱਡਾ ਹੁੰਦਾ ਗਿਆ, ਉਸਨੇ ਮਹਿਸੂਸ ਕੀਤਾ ਕਿ ਲੋਕ ਨਿਰਦੋਸ਼ ਲੋਕਾਂ ਨੂੰ ਧੋਖਾ ਦੇਣ ਲਈ ਧਰਮ ਨੂੰ ਸਿਰਫ਼ ਇੱਕ ਮਖੌਟੇ ਵਜੋਂ ਵਰਤਦੇ ਹਨ ਅਤੇ ਇਸਲਈ ਲੋਕਾਂ ਨੂੰ ਅੰਧਵਿਸ਼ਵਾਸਾਂ ਅਤੇ ਪੁਜਾਰੀਆਂ ਵਿਰੁੱਧ ਚੇਤਾਵਨੀ ਦੇਣ ਲਈ ਇਸ ਨੂੰ ਜੀਵਨ ਵਿੱਚ ਆਪਣੇ ਫਰਜ਼ਾਂ ਵਿੱਚੋਂ ਇੱਕ ਵਜੋਂ ਲਿਆ। ਜਿਵੇਂ ਹੀ ਉਹ ਵੱਡਾ ਹੋਇਆ ਜੀਵਨ ਦੀਆਂ ਬਹੁਤ ਸਾਰੀਆਂ ਸਰਚਾਈਆਂ ਉਸ ਦੇ ਸਾਹਮਣੇ ਆਉਣ ਲਗੀਆਂ। ਅਜਿਹਾ ਹੀ ਤਜਰਬਾ ਉਸ ਨੂੰ ਉਤਰ ਭਾਰਤ ਦੀ ਯਾਤਰਾ ਨਾਲ ਹੋਇਆ ਜਿਸ ਨੇ ਉਸ ਦੇ ਜੀਵਨ ਨੂੰ ਮਕਸਦ ਦੇ ਦਿੱਤਾ।

### ਕਾਸ਼ੀ ਤੀਰਥ ਯਾਤਰਾ ਦੀ ਘਟਨਾ

1904 ਵਿੱਚ, ਰਾਮਾਸਾਮੀ ਕਾਸ਼ੀ ਵਿਸ਼ਵਨਾਥ ਦੇ ਪੂਜਨੀਕ ਸ਼ਿਵ ਮੰਦਰ ਦੇ ਦਰਸ਼ਨ ਕਰਨ ਲਈ ਕਾਸ਼ੀ ਦੀ ਤੀਰਥ ਯਾਤਰਾ 'ਤੇ ਗਏ। ਹਾਲਾਂਕਿ ਹਿੰਦੂ ਧਰਮ ਦੇ ਸਭ ਤੋਂ ਪਵਿੱਤਰ ਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਉਸਨੇ ਅਨੈਤਿਕ ਗਤੀਵਿਧੀਆਂ ਜਿਵੇਂ ਕਿ ਭੀਖ ਮੰਗਣਾ ਅਤੇ ਗੰਗਾ ਵਿੱਚ ਲਾਸ਼ਾਂ ਨੂੰ ਤੈਰਦੇ ਦੇਖਿਆ ਸੀ। ਉਸਦੇ ਅੰਦਰ ਘੋਰ ਨਿਰਾਸ਼ਾ ਭਰ ਗਈ, ਜਦੋਂ ਉਸਨੇ ਅਨੁਭਵ ਕੀਤਾ ਜਿਸਨੂੰ ਉਹ ਜੀਵਨ ਭਰ "ਬ੍ਰਾਹਮਣੀ ਸ਼ੋਸ਼ਣ" ਕਹਿੰਦੇ ਰਹੇ ਹਨ।

ਹਾਲਾਂਕਿ, ਕਾਸ਼ੀ ਵਿੱਚ ਇੱਕ ਖਾਸ ਘਟਨਾ ਨੇ ਰਾਮਾਸਾਮੀ ਦੀ ਵਿਚਾਰਧਾਰਾ ਅਤੇ ਭਵਿੱਖ ਦੇ ਕੰਮ 'ਤੇ ਡੂੰਘਾ ਪ੍ਰਭਾਵ ਪਾਇਆ। ਪੂਜਾ ਸਥਾਨ 'ਤੇ ਮਹਿਮਾਨਾਂ ਨੂੰ ਮੁਫ਼ਤ ਭੋਜਨ ਛਕਾਇਆ ਗਿਆ। ਰਾਮਾਸਾਮੀ ਦੇ ਸਦਮੇ ਲਈ, ਉਸਨੂੰ ਚੌਲਟਰੀਜ਼ (ਮੰਦਰ ਦੇ ਅੰਦਰ ਬਣਿਆ ਖਾਣੇ ਦੇ ਸਥਾਨ) ਵਿੱਚ ਖਾਣਾ ਖਾਣ ਤੋਂ ਰੋਕ ਦਿੱਤਾ ਗਿਆ, ਜਿਥੇ ਕਿ ਬ੍ਰਾਹਮਣਾਂ ਨੂੰ ਖਾਣਾ ਖੁਆਇਆ ਜਾਂਦਾ ਸੀ।

ਬਹੁਤ ਜ਼ਿਆਦਾ ਭੁੱਖ ਦੇ ਕਾਰਨ, ਰਾਮਾਸਾਮੀ ਨੇ ਆਪਣੀ ਨੰਗੀ ਛਾਤੀ 'ਤੇ ਪਵਿੱਤਰ ਧਾਗਾ ਬੰਨ੍ਹ ਕੇ ਬ੍ਰਾਹਮਣ ਦੇ ਭੇਸ ਵਿੱਚ ਇੱਕ ਭੋਜਨਖਾਨੇ ਵਿੱਚ ਦਾਖਲ ਹੋਣ ਲਈ ਮਜ਼ਬੂਰ ਮਹਿਸੂਸ ਕੀਤਾ, ਪਰ ਉਸਦੀ ਮੁੱਛਾਂ ਨੇ ਉਸਨੂੰ ਧੋਖਾ ਦਿੱਤਾ। ਮੰਦਰ ਦੇ ਦਰਾਂ ਉਤੇ ਖੜੇ ਪਹਿਰੇਦਾਰ ਉਸ ਨੂੰ ਦੇਖ ਕਿ ਜਾਣ ਗਿਆ ਕਿ ਰਾਮਾਸਾਮੀ ਬ੍ਰਾਹਮਣ ਨਹੀਂ ਸੀ, ਕਿਉਂਕਿ ਬ੍ਰਾਹਮਣਾਂ ਨੂੰ ਹਿੰਦੂ ਸ਼ਾਸਤਰਾਂ ਦੁਆਰਾ ਮੁੱਛਾਂ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਉਸਨੇ ਨਾ ਸਿਰਫ ਰਾਮਾਸਾਮੀ ਦੇ ਦਾਖਲੇ ਨੂੰ ਰੋਕਿਆ ਬਲਕਿ ਉਸਨੂੰ ਬੇਰਹਿਮੀ ਨਾਲ ਧੱਕੇ ਮਾਰਕੇ ਗਲੀ ਵਿੱਚ ਧੱਕ ਦਿੱਤਾ। ਜਿਵੇਂ ਕਿ ਉਸਦੀ ਭੁੱਖ ਅਸਹਿ ਹੋ ਗਈ, ਰਾਮਾਸਾਮੀ ਨੂੰ ਸੜਕਾਂ ਤੋਂ ਬਚਿਆ ਹੋਇਆ ਭੋਜਨ ਪੱਤਲਾਂ ਤੋਂ ਖਾਣ ਲਈ ਮਜਬੂਰ ਹੋ ਗਿਆ। ਉਸਨੇ ਮਹਿਸੂਸ ਕੀਤਾ ਕਿ ਜਿਸ ਭੋਜਨਖਾਨੇ ਨੇ ਉਸਨੂੰ ਦਾਖਲੇ ਤੋਂ ਇਨਕਾਰ ਕਰ ਦਿੱਤਾ ਸੀ, ਉਹ ਦੱਖਣੀ ਭਾਰਤ ਦੇ ਇੱਕ ਅਮੀਰ ਗੈਰ-ਬ੍ਰਾਹਮਣ ਦੁਆਰਾ ਬਣਾਇਆ ਗਿਆ ਸੀ। ਇਸ ਪੱਖਪਾਤੀ ਰਵੱਈਏ ਨੇ ਰਾਮਾਸਾਮੀ ਦੇ ਹਿੰਦੂ ਧਰਮ ਦੇ ਸਬੰਧ ਨੂੰ ਇੱਕ ਝਟਕਾ ਦਿੱਤਾ, ਕਿਉਂਕਿ ਉਸ ਨੇ ਕਾਸ਼ੀ ਵਿਖੇ ਜੋ ਘਟਨਾਵਾਂ ਵੇਖੀਆਂ ਸਨ, ਉਹ ਕਾਸ਼ੀ ਦੀ ਤਸਵੀਰ ਤੋਂ ਬਿਲਕੁਲ ਵੱਖਰੀਆਂ ਸਨ, ਜੋ ਉਸ ਦੇ ਮਨ ਵਿੱਚ ਇੱਕ ਪਵਿੱਤਰ ਸਥਾਨ ਵਜੋਂ ਬਣਾ ਰੱਖੀਆਂ ਸਨ, ਜੋ ਸਾਰਿਆਂ ਦਾ ਸੁਆਗਤ ਕਰਦੀਆਂ ਹੋਈਆਂ ਹੋ ਸਕਦੀਆਂ ਸਨ। ਰਾਮਾਸਾਮੀ ਕਾਸ਼ੀ ਦੇ ਦੌਰੇ ਤੱਕ ਆਸਤਿਕ ਸੀ, ਜਿਸ ਤੋਂ ਬਾਅਦ ਉਸ ਦੇ ਵਿਚਾਰ ਬਦਲ ਗਏ ਅਤੇ ਉਹ ਨਾਸਤਿਕ ਬਣ ਗਿਆ।

### ਰਾਮਾਸਾਮੀ ਰਾਜਨੀਤੀ ਵਿੱਚ

ਰਾਮਾਸਾਮੀ ਆਪਣਾ ਕਾਰੋਬਾਰ ਛੱਡਣ ਅਤੇ ਜਨਤਕ ਅਹੁਦਿਆਂ ਤੋਂ ਅਸਤੀਫ਼ਾ ਦੇਣ ਤੋਂ ਬਾਅਦ 1919 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਵਿੱਚ ਸ਼ਾਮਲ ਹੋ ਗਏ। ਉਸਨੇ ਈਰੋਡ ਮਿਉਂਸਪੈਲਿਟੀ ਦੀ ਪ੍ਰਧਾਨਗੀ ਸੰਭਾਲੀ ਅਤੇ ਪੂਰੇ ਦਿਲ ਨਾਲ ਖਾਦੀ ਦੀ ਵਰਤੋਂ, ਅੰਗਰੇਜੀ ਸਮਾਨ ਦੀਆਂ ਦੁਕਾਨਾਂ, ਵਿਦੇਸ਼ੀ ਕੱਪੜਾ ਵੇਚਣ ਵਾਲੀਆਂ ਦੁਕਾਨਾਂ ਦਾ ਬਾਈਕਾਟ ਕਰਨ ਅਤੇ ਛੂਤ-ਛਾਤ ਦੇ ਖਾਤਮੇ ਲਈ ਉਸਾਰੂ ਪ੍ਰੋਗਰਾਮ ਕੀਤੇ। 1921 ਵਿੱਚ, ਰਾਮਾਸਾਮੀ ਨੂੰ ਇਰੋਡ ਵਿੱਚ ਟੌਡੀ ਦੀਆਂ ਦੁਕਾਨਾਂ ਦੇ ਵਿਰੋਧ ਕਰਨ ਲਈ ਕੈਦ ਹੋਈ। ਜਦੋਂ ਉਸ ਦੀ ਪਤਨੀ ਅਤੇ ਉਸ ਦੀ ਭੈਣ ਵੀ ਅੰਦੋਲਨ ਵਿਚ ਸ਼ਾਮਲ ਹੋਏ, ਤਾਂ ਇਸ ਨੇ ਜ਼ੋਰ ਫੜ ਲਿਆ ਅਤੇ ਪ੍ਰਸ਼ਾਸਨ ਨੂੰ ਸਮਝੌਤਾ ਕਰਨ ਲਈ ਮਜਬੂਰ ਹੋਣਾ ਪਿਆ। ਅਸਹਿਯੋਗ ਅੰਦੋਲਨ ਅਤੇ ਸੰਜਮ ਅੰਦੋਲਨ ਦੌਰਾਨ ਉਸਨੂੰ ਦੁਬਾਰਾ ਗ੍ਰਿਫਤਾਰ ਕੀਤਾ ਗਿਆ ਸੀ। 1922 ਵਿੱਚ, ਰਾਮਾਸਾਮੀ ਨੂੰ ਤਿਰੁਪੁਰ ਸੈਸ਼ਨ ਦੌਰਾਨ ਮਦਰਾਸ ਪ੍ਰੈਜ਼ੀਡੈਂਸੀ ਕਾਂਗਰਸ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ, ਜਿੱਥੇ ਉਸਨੇ ਸਰਕਾਰੀ ਨੌਕਰੀਆਂ ਅਤੇ ਸਿੱਖਿਆ ਵਿੱਚ ਰਾਖਵੇਂਕਰਨ ਦੀ ਜ਼ੋਰਦਾਰ ਵਕਾਲਤ ਕੀਤੀ। ਵੈਕੋਮ ਮੰਦਰ ਅੰਦੋਲਨ ਵਿੱਚ ਗਾਂਧੀ ਦੁਆਰਾ ਬ੍ਰਾਹਮਣਾਂ ਨਾਲ ਗੁਪਤ ਮੀਟਿੰਗਾਂ ਅਤੇ ਪੱਖਪਾਤੀ ਚਰਿੱਤਰ ਨੂੰ ਦੇਖਦੇ ਹੋਏ ਉਹ ਨੂੰ ਬਹੁਤ ਵੱਡਾ ਧੱਕਾ ਲਗਿਆ। ਮੰਦਰ ਅੰਦੋਲਨ ਦੇ ਦੌਰਾਨ ਕਾਂਗਰਸ ਪਾਰਟੀ ਵਿਚ ਬ੍ਰਾਹਮਣ ਅਤੇ ਗੈਰ ਬ੍ਰਾਹਮਣਾਂ ਵਿਚਕਾਰ ਕੀਤੇ ਜਾ ਰਹੇ ਵਿਤਕਰੇ ਅਤੇ ਉਦਾਸੀਨਤਾ ਕਾਰਨ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਉਨ੍ਹਾਂ ਨੇ 1925 ਵਿਚ ਪਾਰਟੀ ਛੱਡ ਦਿੱਤੀ ਸੀ।

ਰਾਮਾਸਾਮੀ ਅਤੇ ਉਸਦੇ ਪੈਰੋਕਾਰਾਂ ਨੇ ਸਮਾਜਿਕ ਅਸਮਾਨਤਾ ਨੂੰ ਦੂਰ ਕਰਨ ਲਈ ਉਪਾਅ ਕਰਨ ਲਈ ਸਰਕਾਰ ਨੂੰ ਪ੍ਰਭਾਵਤ ਕਰਨ ਅਤੇ ਦਬਾਅ ਪਾਉਣ ਲਈ ਲਗਾਤਾਰ ਮੁਹਿੰਮ ਚਲਾਈ, (ਛੂਤ-ਛਾਤ, ਹੱਥੀਂ ਸਫ਼ਾਈ ਪ੍ਰਣਾਲੀ ਆਦਿ) ਨੂੰ ਖਤਮ ਕਰਨਾ, ਭਾਵੇਂ ਕਿ ਹੋਰ ਰਾਸ਼ਟਰਵਾਦੀ ਪੂਰਵਜ ਰਾਜਨੀਤਿਕ ਆਜ਼ਾਦੀ ਦੇ ਸੰਘਰਸ਼ 'ਤੇ ਧਿਆਨ ਕੇਂਦਰਤ ਕਰਦੇ ਸਨ। ਸਵੈ-ਸਤਿਕਾਰ ਅੰਦੋਲਨ ਨੂੰ ਸ਼ੁਰੂ ਤੋਂ ਹੀ ਗੈਰ-ਬ੍ਰਾਹਮਣਾਂ ਨੂੰ ਉਨ੍ਹਾਂ ਦੇ ਦ੍ਰਾਵਿੜ ਅਤੀਤ ਦੇ ਆਧਾਰ 'ਤੇ ਮਾਣ ਦੀ ਭਾਵਨਾ ਦੇਣ ਦੇ ਟੀਚੇ ਨੂੰ ਸਮਰਪਿਤ ਕੀਤਾ। ਬ੍ਰਾਹਮਣਵਾਦ ਬਨਾਮ



ਬ੍ਰਾਹਮਣ ਵਿਰੋਧੀ (ਸਿਰਫ਼ 3 ਪ੍ਰਤੀਸ਼ਤ ਆਬਾਦੀ ਦਾ ਲਗਭਗ 70 ਪ੍ਰਤੀਸ਼ਤ ਅਹੁਦਿਆਂ ਉੱਤੇ ਕਬਜ਼ਾ) ਰਾਮਾਸਾਮੀ ਬ੍ਰਾਹਮਣਵਾਦ ਵਿਰੋਧੀ ਕੱਟੜਪੰਥੀ ਸਨ। ਉਹ ਸਮਝ ਚੁੱਕੇ ਸਨ ਕਿ ਹਿੰਦੂ ਧਰਮ ਦਾ ਬ੍ਰਾਹਮਣਵਾਦੀ ਢਾਂਚਾ ਮਨੁੱਖੀ ਵਿਤਕਰੇ ਅਤੇ ਜਾਤੀਵਾਦ ਦੇ ਅਧਾਰਤ ਸ਼ੋਸ਼ਣ ਕਰਨ ਦਾ ਸਾਧਨ ਹੈ। ਉਹ ਜਾਤ ਦੇ ਆਧਾਰ 'ਤੇ ਅਸਮਾਨਤਾ ਦਾ ਸਮਰਥਨ ਕਰਨ ਵਾਲੇ ਗੈਰ-ਬ੍ਰਾਹਮਣ ਨੂੰ ਵੀ ਬ੍ਰਾਹਮਣਵਾਦ ਦੇ ਸਮਰਥਕ ਵਜੋਂ ਦੇਖਦੇ ਸਨ। ਰਾਮਾਸਾਮੀ ਨੇ ਬ੍ਰਾਹਮਣਵਾਦ ਤੋਂ ਦੂਰ ਰਹਿਣ ਦਾ ਸੱਦਾ ਦਿੱਤਾ।

1920 ਵਿੱਚ, ਜਦੋਂ ਜਸਟਿਸ ਪਾਰਟੀ ਸੱਤਾ ਵਿੱਚ ਆਈ, ਬ੍ਰਾਹਮਣਾਂ ਨੇ ਸਰਕਾਰ ਵਿੱਚ ਉੱਚ ਪੱਧਰੀ ਅਹੁਦਿਆਂ ਦੇ ਲਗਭਗ 70 ਪ੍ਰਤੀਸ਼ਤ ਉੱਤੇ ਕਬਜ਼ਾ ਕਰ ਲਿਆ। ਜਸਟਿਸ ਪਾਰਟੀ ਦੁਆਰਾ ਰਿਜ਼ਰਵੇਸ਼ਨ ਪੇਸ਼ ਕੀਤੇ ਜਾਣ ਤੋਂ ਬਾਅਦ, ਇਸ ਨੇ ਇਸ ਰੁਝਾਨ ਨੂੰ ਉਲਟਾ ਦਿੱਤਾ, ਜਿਸ ਨਾਲ ਮਦਰਾਸ ਪ੍ਰੈਜ਼ੀਡੈਂਸੀ ਦੀ ਸਰਕਾਰ ਵਿੱਚ ਗੈਰ-ਬ੍ਰਾਹਮਣਾਂ ਨੂੰ ਅਬਾਦੀ ਦੇ ਅਨੁਪਾਤ ਦੇ ਅਨੁਸਾਰ ਕੀਤਾ। ਰਾਮਾਸਾਮੀ ਨੇ ਜਸਟਿਸ ਪਾਰਟੀ ਦੇ ਜ਼ਰੀਏ, ਸਰਕਾਰੀ ਨੌਕਰੀਆਂ, ਨਿਆਂਪਾਲਿਕਾ ਅਤੇ ਮਦਰਾਸ ਯੂਨੀਵਰਸਿਟੀ ਉੱਤੇ ਬ੍ਰਾਹਮਣਾਂ ਦੇ ਦਬਦਬੇ ਦੇ ਅਸੰਤੁਲਨ ਦੇ ਵਿਰੁੱਧ ਵਕਾਲਤ ਕੀਤੀ, ਜੋ ਕਿ ਆਬਾਦੀ ਦਾ ਸਿਰਫ਼ 3 ਪ੍ਰਤੀਸ਼ਤ ਸਨ ਅਤੇ 70 ਪ੍ਰਤੀਸ਼ਤ ਔਹਦਿਆਂ ਉੱਤੇ ਕਬਜ਼ਾਧਾਰੀ ਸਨ । ਉਸ ਦੀ ਸਵੈ-ਸਤਿਕਾਰ ਲਹਿਰ ਨੇ ਤਰਕਸ਼ੀਲਤਾ ਅਤੇ ਨਾਸਤਿਕਤਾ ਦਾ ਸਮਰਥਨ ਕੀਤਾ ਅਤੇ ਉਸ ਦਾ ਅੰਦੋਲਨ ਬ੍ਰਾਹਮਣਵਾਦ ਵਿਰੋਧੀ ਲਹਿਰ ਸੀ। ਇਸ ਤੋਂ ਇਲਾਵਾ, ਰਾਮਾਸਾਮੀ ਨੇ ਕਿਹਾ ਕਿ:

"ਸਾਡਾ ਦ੍ਰਾਵਿੜ ਅੰਦੋਲਨ ਬ੍ਰਾਹਮਣਾਂ ਜਾਂ ਬਾਣੀਆਂ ਦੇ ਖਿਲਾਫ ਮੌਜੂਦ ਨਹੀਂ ਹੈ। ਜੇਕਰ ਕੋਈ ਅਜਿਹਾ ਸੋਚਦਾ ਹੈ, ਤਾਂ ਮੈਂ ਉਹ ਮੇਰੇ ਲਈ ਤਰਸ ਦੇ ਪਾਤਰ ਹੋਵੇਗਾ। ਪਰ ਜਿਸ ਤਰੀਕੇ ਨਾਲ ਬ੍ਰਾਹਮਣਵਾਦ ਦ੍ਰਾਵਿੜਨਾਡੂ ਦਾ ਨਿਘਾਰ ਕਰ ਰਹੇ ਹਨ, ਅਸੀਂ ਉਸ ਨੂੰ ਬਰਦਾਸ਼ਤ ਨਹੀਂ ਕਰਾਂਗੇ। ਸਰਕਾਰ ਤੋਂ ਉਨ੍ਹਾਂ ਨੂੰ ਸਮਰਥਨ ਮਿਲੇ, ਨਾ ਤਾਂ ਮੈਂ ਅਤੇ ਨਾ ਹੀ ਮੇਰਾ ਅੰਦੋਲਨ ਕਾਇਰਤਾ ਵਾਲਾ ਹੋਵੇਗਾ" ਅਸੀਂ ਆਪਣਾ ਸੰਘਰਸ ਲੜਦੇ ਰਹੇਂਗੇ।

### "ਇਰੋਡ ਵੈਂਕਟੱਪਾ ਰਾਮਾਸਾਮੀ" ਦੀ ਬਦੌਲਤ

1927 ਵਿੱਚ ਭਾਰਤ ਦੇ ਮਦਰਾਸ ਰਾਜ ਵਿੱਚ ਪੇਰੀਆਰ ਈ. ਵੀ. ਰਾਮਾਸਾਮੀ ਦੇ ਯਤਨਾਂ ਸਦਕਾ, ਮਦਰਾਸ ਪ੍ਰੈਜ਼ੀਡੈਂਸੀ ਦੇ ਮੁੱਖ ਮੰਤਰੀ ਦੁਆਰਾ ਸੰਪਰਦਾਇਕ ਸਰਕਾਰੀ ਆਦੇਸ਼ ਲਾਗੂ ਕੀਤਾ ਗਿਆ ਸੀ। ਰਿਜ਼ਰਵੇਸ਼ਨ ਨੇ ਗੈਰ-ਬ੍ਰਾਹਮਣ ਹਿੰਦੂਆਂ ਨੂੰ 44%, ਅਨੁਸੂਚਿਤ ਜਾਤੀਆਂ ਨੂੰ 8% ਅਤੇ ਬ੍ਰਾਹਮਣਾਂ, ਈਸਾਈਆਂ ਅਤੇ ਮੁਸਲਮਾਨਾਂ ਨੂੰ 16% ਦਿੱਤਾ। ਹਾਲਾਂਕਿ, ਇਹ ਸੰਖਿਆਵਾਂ ਉਹਨਾਂ ਦੀ ਆਬਾਦੀ ਹਿੱਸੇ ਦੀ ਸਹੀ ਪ੍ਰਤੀਨਿਧਤਾ ਪੂਰੀ ਤਰਾਂ ਨਾਲ ਨਹੀਂ ਕਰਦੀਆਂ ਸਨ, ਪੇਰੀਆਰ ਨੇ ਇਸਨੂੰ 'ਸਮਝੌਤਾ' ਵਜੋਂ ਮੰਨਿਆ ਅਤੇ ਇਸਨੂੰ ਸਵੀਕਾਰ ਕੀਤਾ। 1950 ਵਿੱਚ, ਰਿਜ਼ਰਵੇਸ਼ਨ ਨੂੰ ਹਟਾ ਦਿੱਤਾ ਗਿਆ ਸੀ ਕਿਉਂਕਿ ਇਸਨੂੰ ਮਦਰਾਸ ਹਾਈ ਕੋਰਟ ਦੁਆਰਾ ਗੈਰ-ਸੰਵਿਧਾਨਕ ਮੰਨਿਆ ਗਿਆ ਸੀ ਅਤੇ ਸੁਪਰੀਮ ਕੋਰਟ ਦੁਆਰਾ ਇਸਨੂੰ ਬਰਕਰਾਰ ਰੱਖਿਆ ਗਿਆ ਸੀ। 1951 ਤੋਂ, ਪਛੜੀਆਂ ਸ਼੍ਰੇਣੀਆਂ ਨੂੰ 25% ਰਾਖਵਾਂਕਰਨ ਦੇ ਦਿੱਤਾ ਗਿਆ ਸੀ।

1970 ਵਿੱਚ, ਤਾਮਿਲਨਾਡੂ ਦਾ ਪਹਿਲਾ ਪੱਛੜਾ ਵਰਗ ਕਮਿਸ਼ਨ, ਜਿਸ ਦੀ ਅਗਵਾਈ ਏ.ਐਨ. ਸੱਤਾਨਾਥਨ ਅਤੇ ਐਮ. ਕਰੁਣਾਨਿਧੀ ਦੁਆਰਾ ਰਿਪੋਰਟ ਸੌਂਪੀ ਗਈ, ਨੇ ਆਪਣੀ ਰਿਪੋਰਟ ਵਿੱਚ ਦੋਸ਼ ਲਾਇਆ ਕਿ ਉਸ ਪੱਛੜੇ ਵਰਗ ਦੇ ਅੰਦਰ ਇੱਕ ਉੱਚ ਵਰਗ ਜਿਸ ਨੂੰ "ਕ੍ਰੀਮੀ ਲੇਅਰ" ਕਿਹਾ ਜਾਂਦਾ ਹੈ, ਰਿਜ਼ਰਵੇਸ਼ਨ ਦੇ ਵੱਡੇ ਫਾਇਦੇ ਲੈ ਕੇ ਸ਼ੋਸ਼ਣ ਕਰ ਰਿਹਾ ਹੈ ਅਤੇ ਅਸਲ ਪੱਛੜੀਆਂ ਸ਼੍ਰੇਣੀਆਂ (BC) ਦੇ ਵਿਕਾਸ ਨੂੰ ਰੋਕ ਰਿਹਾ ਹੈ। ਕਮਿਸ਼ਨ ਨੇ ਪ੍ਰਸਤਾਵ ਦਿੱਤਾ ਕਿ "ਸਭ ਤੋਂ ਪਛੜੀਆਂ ਸ਼੍ਰੇਣੀਆਂ" (MBC) ਦਾ ਇੱਕ ਵੱਖਰਾ ਸਮੂਹ ਬਣਾਇਆ ਜਾਵੇ, ਨਾਲ ਹੀ ਹਰ ਕਿਸੇ ਦੀ ਸਹਾਇਤਾ ਲਈ ਕੋਟੇ ਵਿੱਚ ਵਾਧਾ ਕੀਤਾ ਜਾਵੇ। ਕਮਿਸ਼ਨ ਨੇ ਅੱਗੇ ਕ੍ਰੀਮੀ ਲੇਅਰ ਨੂੰ ਰਾਖਵੇਂਕਰਨ ਦੇ ਸਾਰੇ ਫਾਇਦੇ ਹਾਸਲ ਕਰਨ ਤੋਂ ਬਾਹਰ ਕਰਨ ਲਈ ਕੁਝ ਆਰਥਿਕ ਲੋੜਾਂ ਲਾਗੂ ਕਰਨ ਦਾ ਪ੍ਰਸਤਾਵ ਦਿੱਤਾ। ਕਮਿਸ਼ਨ ਨੇ MBC ਲਈ 16% ਅਤੇ BC ਲਈ 17% ਦਾ ਇੱਕ ਵੱਖਰਾ ਕੋਟਾ ਪ੍ਰਸਤਾਵਿਤ ਕੀਤਾ ਹੈ। ਤਾਮਿਲਨਾਡੂ ਵਿੱਚ ਸਮੁੱਚੀ ਰਿਜ਼ਰਵੇਸ਼ਨ ਦਰ 41% ਸੀ।

1971 ਵਿੱਚ, ਦ੍ਰਾਵਿੜ ਮੁਨੇਤਰ ਕੜਗਮ (DMK) ਸਰਕਾਰ ਨੇ BC ਲਈ ਰਾਖਵਾਂਕਰਨ 25% ਤੋਂ ਵਧਾ ਕੇ 31% ਅਤੇ ਅਨੁਸੂਚਿਤ ਜਾਤੀਆਂ (SC) ਅਤੇ ਅਨੁਸੂਚਿਤ ਕਬੀਲਿਆਂ (ST) ਲਈ ਰਾਖਵਾਂਕਰਨ 16% ਤੋਂ ਵਧਾ ਕੇ 18% ਕਰ ਦਿੱਤਾ। ਕਰੁਣਾਨਿਧੀ ਨੇ 1971 ਤੋਂ 1976 ਤੱਕ ਡੀਐਮਕੇ ਦੇ ਸ਼ਾਸਨ ਦੌਰਾਨ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਇੱਕ ਵੱਖਰਾ ਮੰਤਰਾਲਾ ਸਥਾਪਿਤ ਕੀਤਾ, ਜੋ ਦੇਸ਼ ਵਿੱਚ ਅਜਿਹਾ ਪਹਿਲਾ ਹੈ। ਰਾਜ ਦਾ ਕੁੱਲ ਰਾਖਵਾਂਕਰਨ 49 ਫੀਸਦੀ ਰਿਹਾ। ਆਲ ਇੰਡੀਆ ਅੰਨਾ ਦ੍ਰਾਵਿੜ ਮੁਨੇਤਰ ਕੜਗਮ, ਜਿਸ ਦੀ ਅਗਵਾਈ ਐਮ.ਜੀ. ਰਾਮਚੰਦਰਨ ਨੇ 1979 ਵਿਚ ਸੱਤਾਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਕ੍ਰੀਮੀ ਲੇਅਰ ਸਿਧਾਂਤ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ। ਰਿਜ਼ਰਵੇਸ਼ਨ ਯੋਗਤਾ ਲਈ 9,000 ਸਾਲਾਨਾ ਆਮਦਨ ਸੀਮਾ। ਇਸ ਨੀਤੀ ਦਾ ਤਿੱਖਾ ਸਿਆਸੀ ਵਿਰੋਧ ਹੋਇਆ।

1980 ਵਿੱਚ, ਏਆਈਏਡੀਐਮਕੇ ਨੂੰ ਤਾਮਿਲਨਾਡੂ ਵਿੱਚ 1980 ਦੀਆਂ ਭਾਰਤੀ ਆਮ ਚੋਣਾਂ ਵਿੱਚ ਕਰਾਰੀ ਹਾਰ ਦਾ ਸਾਹਮਣਾ ਕਰਨ ਤੋਂ ਬਾਅਦ ਐਮ. ਜੀ. ਰਾਮਚੰਦਰਨ ਦੀ ਅਗਵਾਈ ਵਿੱਚ ਏਆਈਏਡੀਐਮਕੇ ਨੇ ਆਰਥਿਕ ਮਾਪਦੰਡਾਂ ਦੇ ਆਪਣੇ ਫੈਸਲੇ ਨੂੰ ਉਲਟਾ ਦਿੱਤਾ। ਉਸਨੇ ਅੱਗੇ ਪਛੜੀਆਂ ਸ਼੍ਰੇਣੀਆਂ ਲਈ ਕੋਟਾ 31 ਪ੍ਰਤੀਸ਼ਤ ਤੋਂ ਵਧਾ ਕੇ 50 ਪ੍ਰਤੀਸ਼ਤ ਕਰ ਦਿੱਤਾ ਜਿਸ ਨਾਲ ਕੁੱਲ ਰਾਖਵਾਂਕਰਨ 68% ਹੋ ਗਿਆ। ਅਗਾਂਹਵਧੂ ਜਾਤੀਆਂ ਨੇ ਇਸ ਕਦਮ ਦਾ ਵਿਰੋਧ ਕਰਦਿਆਂ ਸੁਪਰੀਮ ਕੋਰਟ ਵਿੱਚ ਮੁਕੱਦਮਾ ਦਾਇਰ ਕੀਤਾ। ਸੁਪਰੀਮ ਕੋਰਟ ਨੇ ਤਾਮਿਲਨਾਡੂ ਵਿੱਚ ਪਛੜੀਆਂ ਸ਼੍ਰੇਣੀਆਂ ਦੀ ਅਸਲ ਸਥਿਤੀ ਦੀ ਜਾਂਚ ਲਈ ਸਰਕਾਰ ਨੂੰ ਇੱਕ ਕਮਿਸ਼ਨ ਬਣਾਉਣ ਦਾ ਹੁਕਮ ਦਿੱਤਾ।

1982 ਵਿੱਚ, ਐਮ.ਜੀ.ਆਰ. ਸਰਕਾਰ ਦੁਆਰਾ ਨਿਯੁਕਤ ਦੂਜਾ ਪਛੜਾ ਵਰਗ ਕਮਿਸ਼ਨ ਅਤੇ ਜੇ.ਏ. ਅੰਬਾਸੰਕਰ ਨੇ ਪਾਇਆ ਕਿ ਲਗਭਗ 11 ਜਾਤੀਆਂ, ਜੋ ਕਿ ਪਛੜੀਆਂ ਸ਼੍ਰੇਣੀਆਂ ਦੇ ਲਗਭਗ 34.8 ਪ੍ਰਤੀਸ਼ਤ ਹਨ, ਲੋਕ ਸੇਵਾ ਕਮਿਸ਼ਨ ਵਿੱਚ 50.7 ਪ੍ਰਤੀਸ਼ਤ ਨੌਕਰੀਆਂ, ਪੇਸ਼ੇਵਰ ਕੋਰਸਾਂ ਵਿੱਚ 62.7 ਪ੍ਰਤੀਸ਼ਤ ਸੀਟਾਂ, ਅਤੇ 53.4 ਪ੍ਰਤੀਸ਼ਤ ਵਜ਼ੀਫੇ ਦੀ ਪ੍ਰਤੀਨਿਧਤਾ ਕਰਦੀਆਂ ਹਨ। ਕਮਿਸ਼ਨ ਨੇ ਪੱਛੜੀਆਂ ਸ਼੍ਰੇਣੀਆਂ ਦੀ ਆਬਾਦੀ ਲਗਭਗ 67 ਪ੍ਰਤੀਸ਼ਤ ਹੋਣ ਦਾ ਫੈਸਲਾ ਕੀਤਾ ਅਤੇ ਬੇਨਤੀ ਕੀਤੀ ਕਿ ਸੂਚੀ ਵਿੱਚ 17 ਅਗਾਂਹਵਧੂ ਜਾਤੀ ਸਮੂਹ ਸ਼ਾਮਲ ਕੀਤੇ ਜਾਣ ਜਦੋਂ ਕਿ 34 ਜਾਤੀ ਸਮੂਹਾਂ ਨੂੰ ਹਟਾ ਦਿੱਤਾ ਜਾਵੇ। ਸਰਕਾਰ ਨੇ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿੱਚ 29 ਨਵੇਂ ਜਾਤੀ ਸਮੂਹਾਂ ਨੂੰ ਸ਼ਾਮਲ ਕੀਤਾ ਪਰ ਕਿਸੇ ਨੂੰ ਵੀ ਬਾਹਰ ਨਹੀਂ ਰੱਖਿਆ ਅਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਉਹੀ 68 ਪ੍ਰਤੀਸ਼ਤ ਕੋਟਾ ਰੱਖਿਆ।

1987 ਵਿੱਚ, ਵੰਨੀਅਰ ਸੰਗਮ, ਪੱਤਲੀ ਮੱਕਲ ਕੱਚੀ ਦੀ ਮੂਲ ਸੰਸਥਾ, ਨੇ ਰਾਜ ਵਿਆਪੀ ਸੜਕ ਜਾਮ ਕੀਤੇ, ਜਨਤਕ ਜਾਇਦਾਦ ਦੀ ਭੰਨ ਤੋੜ ਕੀਤੀ, ਦਲਿਤ ਬਸਤੀਆਂ 'ਤੇ ਅੱਗ ਲਗਾਈ ਅਤੇ ਰਾਜ ਸਰਕਾਰ ਵਿੱਚ 20% ਅਤੇ ਵੰਨੀਅਰ ਜਾਤੀ ਲਈ ਫੈਡਰਲ ਸਰਕਾਰ ਵਿੱਚ 2% ਰਾਖਵੇਂਕਰਨ ਦੀ ਮੰਗ ਕਰਦਿਆਂ ਦਰਖ਼ਤ ਕੱਟੇ, ਸੜਕਾਂ ਜਾਮ ਕੀਤੀਆਂ। ਪੁਲਿਸ ਦੀ ਗੋਲੀਬਾਰੀ ਵਿੱਚ 21 ਵੈਨਿਆਰ ਮਾਰੇ ਗਏ ਸਨ। ਐਮ. ਜੀ. ਰਾਮਚੰਦਰਨ ਨੇ ਭਾਈਚਾਰੇ ਦੇ ਆਗੂਆਂ ਨਾਲ ਮੀਟਿੰਗ ਕੀਤੀ। ਉਹ ਜਲਦੀ ਹੀ ਬਿਮਾਰ ਹੋ ਗਿਆ ਅਤੇ ਬਿਨਾਂ ਕੋਈ ਫੈਸਲਾ ਲਏ ਉਸਦੀ ਮੌਤ ਹੋ ਗਈ।

1989 ਵਿੱਚ, ਵੈਨਿਆਰ ਦੇ ਵਿਰੋਧ ਤੋਂ ਬਾਅਦ, ਡੀਐਮਕੇ ਸਰਕਾਰ ਨੇ 50 ਪ੍ਰਤੀਸ਼ਤ ਬੀਸੀ ਕੋਟੇ ਨੂੰ ਹੋਰ ਪੱਛੜੀਆਂ ਸ਼੍ਰੇਣੀਆਂ (ਓਬੀਸੀ) ਲਈ 30 ਪ੍ਰਤੀਸ਼ਤ ਅਤੇ ਐਮਬੀਸੀ ਲਈ 20 ਪ੍ਰਤੀਸ਼ਤ ਵਿੱਚ ਵੰਡ ਦਿੱਤਾ। ਵੈਨਿਆਰ 106 ਹੋਰ ਜਾਤੀ ਸਮੂਹਾਂ ਦੇ ਨਾਲ ਭਛ ਕੋਟੇ ਦੇ ਤਹਿਤ ਰਿਜ਼ਰਵੇਸ਼ਨ ਲਈ ਯੋਗ ਸਨ।

1990 ਵਿੱਚ, ਕਰੁਣਾਨਿਧੀ ਦੀ ਅਗਵਾਈ ਵਾਲੀ ਧੰਖ ਸਰਕਾਰ ਨੇ ਮਦਰਾਸ ਹਾਈ ਕੋਰਟ ਦੇ ਫੈਸਲੇ ਦੇ ਆਧਾਰ 'ਤੇ SC ਅਤੇ ST ਲਈ ਰਾਖਵੇਂਕਰਨ ਨੂੰ ਵੰਡ ਦਿੱਤਾ। STs ਲਈ 1% ਕੋਟਾ ਤਾਮਿਲਨਾਡੂ ਵਿੱਚ ਕੁੱਲ ਰਾਖਵਾਂਕਰਨ ਦਰ ਨੂੰ 69 ਪ੍ਰਤੀਸ਼ਤ ਤੱਕ ਲੈ ਆਇਆ। 1992 ਵਿੱਚ, ਸੁਪਰੀਮ ਕੋਰਟ ਨੇ 1992 ਵਿੱਚ ਫੈਸਲਾ ਦਿੱਤਾ ਕਿ ਅਨੁਛੇਦ 16(4) ਦੇ ਅਨੁਸਾਰ ਰਾਖਵੇਂਕਰਨ ਦੀ ਸਮੁੱਚੀ ਹੱਦ 50% ਤੋਂ ਵੱਧ ਨਹੀਂ ਹੋਣੀ ਚਾਹੀਦੀ। ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ, ਮਦਰਾਸ ਹਾਈ ਕੋਰਟ ਨੇ ਰਾਜ ਨੂੰ 1994-1995 ਦੇ ਅਕਾਦਮਿਕ ਸਾਲ ਦੇ ਸ਼ੁਰੂ ਵਿੱਚ ਇਸਨੂੰ 50% ਤੱਕ ਘਟਾਉਣ ਦਾ ਹੁਕਮ ਦਿੱਤਾ।

1993 ਵਿੱਚ, ਤਾਮਿਲਨਾਡੂ ਪਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ, ਅਤੇ ਅਨੁਸੂਚਿਤ ਜਨਜਾਤੀਆਂ ਬਿੱਲ, 1993 ਵਿਧਾਨ ਸਭਾ ਦੁਆਰਾ ਪਾਸ ਕੀਤਾ ਗਿਆ ਸੀ (1994 ਦਾ ਐਕਟ 45)। ਬਿੱਲ ਨੂੰ ਰਾਸ਼ਟਰਪਤੀ ਕੋਲ ਮਨਜ਼ੂਰੀ ਲਈ ਭੇਜਿਆ ਗਿਆ ਸੀ। ਜੇ ਜੈਲਲਿਤਾ ਦੀ ਏਆਈਏਡੀਐਮਕੇ ਸਰਕਾਰ ਨੇ ਕੇਂਦਰ ਸਰਕਾਰ ਨਾਲ ਮੁਲਾਕਾਤ ਕਰਨ ਲਈ ਤਾਮਿਲਨਾਡੂ ਦੇ ਸਿਆਸਤਦਾਨਾਂ ਦੀ ਇੱਕ ਅੰਤਰ-ਪਾਰਟੀ ਕਮੇਟੀ ਦੀ ਅਗਵਾਈ ਕੀਤੀ।

ਉਸਨੇ ਇਹ ਵੀ ਮੰਗ ਕੀਤੀ ਕਿ ਤਾਮਿਲਨਾਡੂ ਸਰਕਾਰ ਦੇ ਐਕਟ ਨੂੰ ਸੰਵਿਧਾਨ ਦੀ ਨੌਵੀਂ ਅਨੁਸੂਚੀ ਵਿੱਚ ਰੱਖਿਆ ਜਾਵੇ, ਇਹ ਯਕੀਨੀ ਬਣਾਇਆ ਜਾਵੇ ਕਿ ਇਸ ਨੂੰ ਕਿਸੇ ਅਦਾਲਤ ਵਿੱਚ ਨਹੀਂ ਲੜਿਆ ਜਾ ਸਕਦਾ। ਤਾਮਿਲਨਾਡੂ ਲਈ 69 ਪ੍ਰਤੀਸ਼ਤ ਰਾਖਵੇਂਕਰਨ ਦੀ ਪੁਸ਼ਟੀ ਕਰਦੇ ਹੋਏ ਰਾਸ਼ਟਰਪਤੀ ਦੇ ਦਸਤਖਤ ਪ੍ਰਾਪਤ ਹੋਏ।

1994 ਵਿੱਚ, ਇੱਕ ਐਡਵੋਕੇਟ ਕੇ.ਐਮ. ਵਿਜਯਨ ਨੂੰ 9ਵੀਂ ਅਨੁਸੂਚੀ ਵਿੱਚ 69 ਪ੍ਰਤੀਸ਼ਤ ਰਾਖਵੇਂਕਰਨ ਨੂੰ ਸ਼ਾਮਲ ਕਰਨ ਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਵਿੱਚ ਸ਼ਿਕਾਇਤ ਦਾਇਰ ਕਰਨ ਲਈ ਨਵੀਂ ਦਿੱਲੀ ਜਾ ਰਹੇ ਰਸਤੇ ਵਿੱਚ ਬੇਰਹਿਮੀ ਨਾਲ ਹਮਲਾ ਕੀਤਾ ਗਿਆ ਸੀ। ਬਾਅਦ ਵਿੱਚ 69% ਰਿਜ਼ਰਵੇਸ਼ਨ ਨੂੰ ਉਸੇ ਸਾਲ 9ਵੀਂ ਅਨੁਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ।

ਮੌਜੂਦਾ ਸਮੇਂ ਤਾਮਿਲਨਾਡੂ ਵਿੱਚ ਰਾਖਵਾਂਕਰਨ 69% ਲਾਗੂ ਹੈ

1. ਪਛੜੀਆਂ ਸ਼੍ਰੇਣੀਆਂ ਲਈ ਕੁੱਲ ਰਾਖਵਾਂਕਰਨ- 50% (ਬੀਸੀ ਜਨਰਲ -26.5 + ਬੀਸੀ ਮੁਸਲਿਮ-3.5+ ਅਤੀ ਪਛੜੀਆਂ ਸ਼੍ਰੇਣੀਆਂ - 13%, ਦਰਜ ਨਾਂ ਕੀਤੀਆਂ ਸ਼੍ਰੇਣੀਆਂ-7%)
2. ਅਨੁਸੂਚਿਤ ਜਾਤੀਆਂ ਲਈ ਕੁੱਲ ਰਾਖਵਾਂਕਰਨ- 18% ( ਅਨੁਸੂਚਿਤ ਜਾਤੀਆਂ ਅਦਰ - 15% ਅਤੇ ਕੇਵਲ ਅਰੁਣ-ਥਿਆਰ ਲਈ - 3%)
3. ਅਨੁਸੂਚਿਤ ਜਨਜਾਤੀਆਂ ਲਈ ਕੁੱਲ ਰਾਖਵਾਂਕਰਨ- 1%

### "ਇਰੋਡ ਵੈਂਕਟੱਪਾ ਰਾਮਾਸਾਮੀ" ਦਾ ਬਚਪਨ

ਇਰੋਡ ਵੈਂਕਟ ਰਾਮਾਸਾਮੀ ਦਾ ਜਨਮ 17 ਸਤੰਬਰ 1879 ਨੂੰ ਇਰੋਡ ਵਿੱਚ ਇੱਕ ਕੰਨੜ ਬਲਿਜਾ ਵਪਾਰੀ ਪਰਿਵਾਰ ਵਿੱਚ ਹੋਇਆ ਸੀ, ਜੋ ਉਦੋਂ ਮਦਰਾਸ ਪ੍ਰੈਜ਼ੀਡੈਂਸੀ ਦੇ ਕੋਇੰਬਟੂਰ ਜ਼ਿਲ੍ਹੇ ਦਾ ਇੱਕ ਹਿੱਸਾ ਸੀ। ਰਾਮਾਸਾਮੀ ਦੇ ਪਿਤਾ ਵੈਂਕਟੱਪਾ ਨਾਇਕਰ (ਜਾਂ ਵੈਂਕਟਾ) ਸਨ ਅਤੇ ਉਨ੍ਹਾਂ ਦੀ ਮਾਤਾ ਦਾ ਨਾਂ ਚਿਨਾਥੀ ਮੁਥਮਲ ਸੀ। ਉਸਦਾ ਇੱਕ ਵੱਡਾ ਭਰਾ ਕ੍ਰਿਸ਼ਨਾਸਵਾਮੀ ਅਤੇ ਦੋ ਭੈਣਾਂ ਸਨ ਜਿਨ੍ਹਾਂ ਦਾ ਨਾਮ ਕੰਨੰਮਾ ਅਤੇ ਪੋਨੂਥੋਏ ਸੀ। ਬਾਅਦ ਵਿੱਚ ਉਸਨੂੰ "ਪੇਰੀਆਰ" ਵਜੋਂ ਜਾਣਿਆ ਜਾਣ ਲੱਗਾ, ਜਿਸਦਾ ਤਾਮਿਲ ਵਿੱਚ ਅਰਥ ਹੈ 'ਸਤਿਕਾਰਯੋਗ ਵਿਅਕਤੀ' ਜਾਂ 'ਬਜ਼ੁਰਗ'। ਰਾਮਾਸਾਮੀ ਦਾ ਵਿਆਹ 19 ਸਾਲ ਦੀ ਉਮਰ ਵਿੱਚ ਹੋਇਆ ਸੀ, ਅਤੇ ਉਸਦੀ ਇੱਕ ਧੀ ਸੀ ਜੋ ਸਿਰਫ 5 ਮਹੀਨੇ ਹੀ ਜੀਉਂਦੀ ਸੀ। ਉਸਦੀ ਪਹਿਲੀ ਪਤਨੀ, ਨਾਗਮਈ ਦੀ ਮੌਤ 1933 ਵਿੱਚ ਹੋਈ ਸੀ। ਰਾਮਾਸਾਮੀ ਨੇ ਜੁਲਾਈ 1948 ਵਿੱਚ ਦੂਜੀ ਵਾਰ ਵਿਆਹ ਕੀਤਾ। ਉਸਦੀ ਦੂਜੀ ਪਤਨੀ, ਮਨੀਅਮਾਈ, ਨੇ 1973 ਵਿੱਚ ਉਸਦੀ ਮੌਤ ਤੋਂ ਬਾਅਦ ਰਾਮਾਸਾਮੀ ਦੇ ਸਮਾਜਿਕ ਕੰਮ ਨੂੰ ਜਾਰੀ ਰੱਖਿਆ, ਅਤੇ ਉਸਦੇ ਵਿਚਾਰਾਂ ਦੀ ਵਕਾਲਤ ਦ੍ਰਵਿਦਰ ਕੜਗਮ ਦੁਆਰਾ ਕੀਤੀ ਗਈ।

1929 ਵਿੱਚ, ਰਾਮਾਸਾਮੀ ਨੇ ਚੇਂਗਲਪੱਟੂ ਦੀ ਪਹਿਲੀ ਸੂਬਾਈ ਸਵੈ-ਮਾਣ ਕਾਨਫਰੰਸ ਵਿੱਚ ਆਪਣੇ ਨਾਮ ਤੋਂ ਆਪਣੇ ਜਾਤੀ ਉਪਾਧੀ ਨਾਇਕਰ ਨੂੰ ਹਟਾਉਣ ਦੀ ਘੋਸ਼ਣਾ ਕੀਤੀ।

ਉਹ ਤਿੰਨ ਦ੍ਰਾਵਿੜ ਭਾਸ਼ਾਵਾਂ ਬੋਲ ਸਕਦਾ ਸੀ: ਕੰਨੜ, ਤੇਲਗੂ ਅਤੇ ਤਾਮਿਲ। ਰਾਮਾਸਾਮੀ ਪੰਜ ਸਾਲ ਸਕੂਲ ਗਿਆ ਜਿਸ ਤੋਂ ਬਾਅਦ ਉਹ 12 ਸਾਲ ਦੀ ਉਮਰ ਵਿੱਚ ਆਪਣੇ ਪਿਤਾ ਦੇ ਵਪਾਰ ਵਿੱਚ ਸ਼ਾਮਲ ਹੋ ਗਿਆ।

# ਆਪਣੇ ਰਹਿਬਰ ਦੇ ਕਦਮ ਚਿੰਨਾਂ ਉੱਤੇ ਚਲਣ ਜਰੂਰੀ



ਹਰਦੀਪ ਸਿੰਘ ਚੁੰਬਰ
91-94636-01616

ਬ੍ਰਾਹਮਣਵਾਦੀਆਂ ਦੁਆਰਾ ਹਜਾਰਾਂ ਸਾਲਾਂ ਤੋਂ ਜਾਨਵਰਾਂ ਤੋਂ ਵੀ ਮਾੜਾ ਸਲੂਕ ਦੇ ਕਰਨ ਦੇ ਯੋਗ ਬਣਾਏ ਲੋਕਾਂ ਦਾ ਇੱਕ ਵਰਗ, ਜਿਹਨਾਂ ਨੂੰ ਛੂਹਣ ਨਾਲ ਉਹਨਾਂ ਦੇ ਪਰਛਾਵੇ ਦੇ ਨਾਲ, ਉਹਨਾ ਦੇ ਜ਼ਮੀਨ ਉੱਤੇ ਪੈੜਾਂ ਉੱਤੇ ਪੈਰ ਪੈ ਜਾਣ ਦੇ ਨਾਲ ਬ੍ਰਾਹਮਣਵਾਦੀਆਂ ਦੇ ਚਾਰੇ ਵਰਣਾਂ ਦੇ ਲੋਕ ਅਪਵਿੱਤਰ ਹੋ ਜਾਂਦੇ ਸਨ।

ਬ੍ਰਾਹਮਣਵਾਦੀਆਂ ਨੇ ਉਹਨਾ ਨੂੰ ਚਤਰ ਵਰਣ ਦੇ ਬਾਹਰ ਦੇ ਲੋਕਾਂ ਨੂੰ ਅਛੂਤ ਕਰਾਰ ਦੇ ਕੇ ਉਹਨਾਂ ਦਾ ਜਲ, ਜੰਗਲ, ਜ਼ਮੀਨ, ਰੋਜ਼ਗਾਰ ਦੇ ਸਾਧਨ, ਸਿੱਖਿਆ, ਇਨਸਾਫ਼, ਅਤੇ ਸਵੈ ਰਖਿਆ ਦੇ ਲਈ ਹਥਿਆਰ, ਧਨ ਰੱਖਣ ਵਰਗੇ ਬਹੁਤ ਸਾਰੇ ਹੋਰ ਮਨੁੱਖੀ ਅਧਿਕਾਰ ਖਤਮ ਕਰ ਦਿੱਤੇ ਗਏ। ਉਲੰਘਣਾ ਕਰਨ ਦੀ ਸੂਰਤ ਵਿੱਚ ਸਰੀਰ ਦੇ ਅੰਗ ਕੱਟ ਦੇਣ ਜਾ ਮੌਤ ਦੀ ਸਜ਼ਾ ਦੇਣ ਨਾਲੋਂ ਵੀ ਭਿਆਨਕ ਸਜਾਵਾਂ ਦੇਣ ਦੇ ਕਾਨੂੰਨ ਬਣਾਏ ਹੋਏ ਸਨ। ਇਹ ਵਰਤਾਰਾ ਹਜਾਰਾਂ ਸਾਲ ਹਰ ਰਾਜੇ ਦੇ ਰਾਜ ਵਿੱਚ ਚਲਦਾ ਰਿਹਾ। ਉਹਨਾ ਨੂੰ ਥੋੜੀ ਬਹੁਤ ਰਾਹਤ ਮੁਗਲ ਅਤੇ ਲੋਧੀ ਰਾਜ ਵਿੱਚ ਮਿਲ ਪਾਈ। ਜਿਸ ਕਾਰਨ ਸ਼ੂਦਰ ਅਤੇ ਅਛੂਤ ਜਾਤੀਆਂ ਵਿੱਚੋਂ ਕੁੱਝ ਸਮਾਜ ਸੁਧਾਰਕ ਪੈਦਾ ਹੋਏ ਜਿਹਨਾਂ ਧਰਮ ਦੇ ਪ੍ਰਛਾਵੇ ਥੱਲੇ ਉਹਨਾ ਸਾਰੇ ਹੀ ਧਾਰਮਿਕ ਅਤੇ ਹੋਰ ਸੰਗਠਨਾਂ ਦੇ ਨਾਮ ਥੱਲੇ ਹੋ ਰਹੇ ਮਨੁੱਖੀ ਸ਼ੋਸ਼ਣ ਕਰਨ ਦੇ ਕੰਮ ਢੰਗ ਨੂੰ ਨੰਗਾ ਵੀ ਕੀਤਾ ਅਤੇ ਮਨੁੱਖ ਲਈ ਸਹੀ ਮਾਰਗ ਦਰਸ਼ਨ ਵੀ ਕੀਤਾ।

ਮੁਗਲ ਸ਼ਾਸਕਾਂ ਦੇ ਬਾਅਦ ਭਾਰਤ ਵਿੱਚ ਅੰਗਰੇਜਾਂ ਦਾ ਰਾਜ ਆਇਆ। ਉਹਨਾ ਭਾਰਤੀ ਧਾਰਮਿਕ ਅਤੇ ਸੰ-ਸਕ੍ਰਿਤਿਕ ਲਿਖਤਾਂ ਦਾ ਅੰਗਰੇਜੀ ਵਿੱਚ ਅਨੁਵਾਦ ਕਰਵਾਇਆ, ਸਮਝਿਆ। ਉਹਨਾ ਨੇ ਬ੍ਰਾਹਮਣਵਾਦੀਆਂ ਦੇ ਸਾਰੇ ਅਮਾਨਵੀ ਅਤੇ ਮਨੁੱਖੀ ਅਸਮਾਨਤਾਵਾਂ ਵਾਲੇ ਕਾਨੂੰਨ ਨੂੰ ਇੱਕ ਇੱਕ ਕਰਕੇ ਖਤਮ ਕਰਨਾ ਸੁਰੂ ਕੀਤਾ। ਉਸ ਦੇ ਥਾਂ ਨਵੇਂ ਮਾਨਵ ਸਮਾਨਤਾ ਦੇ ਐਕਟ ਬਣਾਏ। ਕੱਟੜ ਬ੍ਰਾਹਮਣਵਾਦੀਆਂ ਨੇ ਅੰਗਰੇਜਾਂ ਦੇ ਐਕਟਾਂ ਦਾ ਹਮੇਸ਼ਾ ਵਿਰੋਧ ਕੀਤਾ, ਪਰ ਫੇਰ ਵੀ ਜਿੰਨਾ ਹੋ ਸਕਿਆ ਅੰਗਰੇਜ ਸਰਕਾਰ ਨੇ ਉਹਨਾ ਨੂੰ ਲਾਗੂ ਕਰਵਾਇਆ। ਹਜਾਰਾਂ ਸਾਲਾ ਦੇ ਵੰਚਿਤ ਬੇਦਖ਼ਲ ਅਛੂਤਾਂ ਨੂੰ ਮਨੁੱਖ ਹੋਣ ਦੇ ਨਾਤੇ ਬਰਾਬਰੀ ਦੇ ਹੱਕ ਹਕੂਕ ਮਿਲਣ ਲਗੇ, ਉਹਨਾ ਲਈ ਸਿੱਖਿਆ ਰੋਜ਼ਗਾਰ ਦੇ ਰਾਹ ਖੁੱਲੇ, ਫੌਜ ਵਿੱਚ ਭਰਤੀ ਹੋਏ, ਹਥਿਆਰ ਚਲਾਉਣੇ ਸਿੱਖੇ, ਸਵੈਮਾਣ ਵਧਿਆ। ਭਾਰਤੀ ਅਛੂਤ ਵਰਗ ਦੇ ਲੋਕ ਭਾਰਤ ਵਿੱਚ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਜਾ ਕੇ, ਅਤੇ ਵਿਦੇਸ਼ਾਂ ਵਿੱਚ ਵੀ ਜਾ ਕੇ ਜਾ ਧਰਮ ਬਦਲ ਕੇ, ਸਿੱਖਿਆ ਪ੍ਰਾਪਤ ਕਰਕੇ ਅਤੇ ਅਮੀਰ ਹੋ ਕੇ ਵੀ ਭਾਰਤ ਦੇ ਹਿੰਦੂਆਂ ਲਈ ਉਹ ਪੁਸ਼ਤੈਨੀ ਤੌਰ ਤੇ ਅਛੂਤ ਹੀ ਬਣੇ ਰਹਿੰਦੇ ਸਨ।

ਮੁਗਲ ਦੌਰ ਦੀ ਤਰਾਂ ਅੰਗਰੇਜ ਰਾਜ ਵਿੱਚ ਵੀ ਸਮਾਜ ਸੁਧਾਰਕ ਪੈਦਾ ਹੋਣ ਲਗੇ। ਪੇਰੀਅਰ ਰਾਮਾਸਾਮੀ ਨਾਇਕਰ, ਮਹਾਤਮਾ ਯੋਤੀਬਾ ਫੂਲੇ, ਡਾ. ਅੰਬੇਡਕਰ ਵਰਗੇ ਮਹਾਨ ਮਨੁੱਖਾਂ ਦੇ ਬਹੁਤ ਸਾਰੇ ਨਾਮ ਲਏ ਜਾ ਸਕਦੇ ਹਨ। ਸਭ ਨੇ ਸਮਾਜ ਸੁਧਾਰ ਵਿੱਚ ਬਹੁਤ ਯੋਗਦਾਨ ਪਾਇਆ, ਲੇਕਿਨ ਇਹ ਸਮਾਜ ਸੁਧਾਰ ਦਾ ਕੰਮ ਕਰਨ ਵਾਲੇ ਮਨੁੱਖਾਂ ਵਿੱਚ ਸਭ ਦੇ ਨਾਲੋਂ ਵੱਡਾ ਯੋਗਦਾਨ ਪਾਉਣ ਦਾ ਸਿਹਰਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਜਾਂਦਾ ਹੈ। ਉਹਨਾਂ ਨੇ ਆਪਣੀ ਪੜਾਈ ਖਤਮ ਕਰਨ ਦੇ ਬਾਅਦ ਹੀ ਭਾਰਤ ਦੀ ਸਿਆਸਤ ਵਿੱਚ ਸ਼ਮੂਲੀਅਤ ਡਾ. ਅੰਬੇਡਕਰ ਦੀ ਮਿਹਨਤ ਲਿਆਕਤ ਨਾਲ ਭਾਰਤ ਦੇ ਨਵੇਂ ਬਣੇ ਸੰਵਿਧਾਨ ਵਿੱਚ ਬਣਾਏ ਕਾਨੂੰਨ ਦੇ ਨਾਲ ਉਹਨਾ ਗਲ ਪਾਈ ਅਛੂਤਾਂ ਦੀ ਅਛੂਤਤਾ ਤੋਂ 26 ਜਨਵਰੀ 1950 ਨੂੰ ਭਾਰਤ ਦੇ 5 ਕਰੋੜ 16 ਲੱਖ ਅਛੂਤ ਲੋਕਾਂ ਛੁਟਕਾਰਾ ਦਵਾ ਕੇ ਉਹਨਾ ਲਈ ਮਨੁੱਖ ਹੋਣ ਦੇ ਨਾਤੇ ਮੁੱਢਲੇ ਮਨੁੱਖੀ ਅਧਿਕਾਰ ਦਿੱਤੇ ਗਏ। ਉਹਨਾ ਦੇ ਲਈ ਵਿਕਾਸ ਦੇ ਰਾਹ ਖੋਲੇ ਗਏ।

ਇਹਨਾਂ ਕਾਰਨ ਦੇ ਕਰਕੇ ਭਾਰਤ ਦੇ ਐਸਸੀ ਐਸਟੀ ਲੋਕ ਉਹਨਾ ਨੂੰ ਆਪਣੇ ਅਸਲੀ ਰਹਿਬਰ ਮੰਨਦੇ ਹਨ। ਹਰ ਰੋਜ ਭਾਰਤ ਹੀ ਨਹੀ ਸੰਸਾਰ ਦੇ ਕਿਸੇ ਨਾ ਕਿਸੇ ਨਾਂ ਕਿਸੇ ਕੋਨੇ ਵਿੱਚ ਉਹਨਾਂ ਦਾ ਦਿਨ ਮਨਾਇਆ ਜਾਂ ਦਾ ਹੈ ਜਾਂ ਉਹਨਾ ਦੇ ਨਾਮ ਉੱਤੇ ਹਰ ਰੋਜ ਸੰਗਠਨ ਸਮਾਜਿਕ ਪ੍ਰੋਗਰਾਮ ਕਰਦੇ ਰਹਿੰਦੇ ਹਨ।

ਬਾਬਾ ਸਾਹਿਬ ਦੇ ਨਾਮ ਨਾਲ ਹੋਣ ਵਾਲੇ ਪ੍ਰੋਗਰਾਮਾਂ ਵਿੱਚ ਉਹਨਾ ਦੇ ਬਚਪਨ ਤੋਂ ਲੈ ਕੇ ਅੰਤ ਤੱਕ ਦੇ ਜੀਵਨ ਨੂੰ 99% ਲੋਕ ਆਪਣੇ ਪ੍ਰੋਗਰਾਮ ਵਿੱਚ ਦੁਹਰਾਉਂਦੇ ਤੋਤਾ ਰਟਨ ਕਰਦੇ ਹਨ, ਉਹਨਾ ਦੀ ਮੂਰਤੀ ਪੂਜਾ ਕਰਦੇ ਫੁੱਲ ਚੜਾਉਂਦੇ ਉਤੇ ਹੋਰ ਪਖੰਡ ਕਰਦੇ ਹਨ। ਬਾਬਾ ਸਾਹਿਬ ਇਸ ਤਰਾਂ ਦੇ ਕਰਮਕਾਂਡ ਦੇ ਵਿਰੋਧੀ ਸਨ। ਬਹੁਤ ਸਾਰੇ ਅਣਜਾਣ ਲੋਕ ਸਟੇਜੂ ਕਲਾਕਾਰ ਲੋਕ ਪ੍ਰੋਗਰਾਮ ਕਰਦੇ ਹਨ ਉਹਨਾ ਨੂੰ ਪੜਦੇ ਨਹੀਂ ਕਿਸੇ ਦੀ ਸੁਣੀ ਸੁਣਾਈ ਅਧੂਰੀ ਲੰਗੜੀ ਜਾਣਕਾਰੀ ਸਾਂਝੀ ਕਰਦੇ ਹੋਏ ਨਵੇਂ ਲੰਗੜੇ ਸਮਰਥਕ ਪੈਦਾ ਕਰਦੇ ਰਹਿੰਦੇ ਹਨ।ਉਹ ਜੀ ਜਾਣਕਾਰੀ ਸਾਂਝੀ ਕਾਤੀ ਜਾਣੀ ਚਾਹੀਦੀ ਹੈ ਦਿਸ ਉੱਤੇ ਪੱਕਾ ਭਰੋਸਾ ਹੋਵੇ ਜਾ ਉਹਨਾ ਦੀ ਕੋਈ ਲਿਖਤ ਪੜ੍ਹੀ



ਹੋਵੇ। ਹਰ ਮਹਾਨ ਮਨੁੱਖ ਆਪਣੇ ਜੀਵਨ ਦੇ ਅੰਤਿਮ ਪੜਾਅ ਵਿੱਚ ਆਪਣੇ ਪੈਰੋਕਾਰਾਂ ਨੂੰ ਭਵਿੱਖ ਦੇ ਰਾਹ ਉੱਤੇ ਚਲਣ ਦੇ ਲਈ ਕੁੱਝ ਬੋਲ ਕੇ, ਕਰਕੇ ਜਾ ਲਿਖ ਕੇ ਉਹਨਾ ਰਾਹ ਦਿਖਾਉਂਦਾ, ਆਪਣੇ ਪੈਰੋਕਾਰਾਂ ਤੋਂ ਉਮੀਦ ਕਰਦਾ ਹੈ ਕਿ ਉਹ ਉਹਨਾ ਰਾਹਾਂ ਉੱਤੇ ਚਲਣਗੇ ਜਿਹੜੇ ਰਾਹਾਂ ਉੱਤੇ ਉਸ ਨੇ ਪੈੜਾਂ ਪਾਈਆਂ ਹਨ। ਅਜਿਹਾ ਹੀ ਕੰਮ ਬਾਬਾ ਸਾਹਿਬ ਨੇ 14 ਅਕਤੂਬਰ 1956 ਨੂੰ ਨਾਗਪੁਰ ਵਿੱਚ ਬੁੱਧ ਧਰਮ ਅਪਣਾ ਕੇ ਆਪਣੇ ਪੈਰੋਕਾਰਾਂ ਲਈ 22 ਪ੍ਰਤਿਗਿਆਵਾਂ ਅਪਨਾਉਣ ਦਾ ਨਿਰਦੇਸ਼ ਦਿੱਤੇ ਸਨ। ਚਲਾਕ ਲੋਕਾਂ ਨੇ ਇਹ ਪ੍ਰਚਾਰ ਦਿੱਤਾ ਅਤੇ ਕਰ ਰਹੇ ਹਨ ਕਿ ਇਹ 22 ਪ੍ਰਤਿਗਿਆਵਾਂ ਨੂੰ ਬਾਬਾ ਸਾਹਿਬ ਦੀਆਂ ਦੀਆਂ ਪ੍ਰਤਿਗਿਆਵਾਂ ਹਨ, ਜਿਹੜੀ ਉਹਨਾ ਆਪਣੇ ਲਈ ਲਈਆਂ ਸਨ, ਇਹ ਗਲਤ ਹੈ। ਉਹਨਾ ਨੇ ਇਹ ਪ੍ਰਤਿਗਿਆਵਾਂ ਉਹਨਾ ਲੋਕਾਂ ਲੀ ਨਿਰਧਾਰਤ ਕੀਤੀਆਂ ਸਨ ਜਿਹੜੇ ਉਹਨਾ ਨੂੰ ਆਪਣਾ ਪੈਰੋਕਾਰ ਮੰਨਦੇ ਸਨ ਜਾ ਭਵਿੱਖ ਵਿੱਚ ਮੰਨਣਗੇ। ਬਾਬਾ ਸਾਹਿਬ ਨੇ ਆਪਣਾ ਸਾਰਾ ਜੀਵਨ ਹੀ ਉਹਨਾ ਪ੍ਰਤਿਗਿਆਵਾਂ ਨੂੰ ਲਏ ਬਗੈਰ ਉਸੇ ਢੰਗ ਨਾਲ ਚਲਦੇ ਰਹੇ ਸਨ ਕੀਤੀ। ਬੁੱਧ ਦਾ ਧਮ ਸਾਰੇ ਮਾਨਵਤਾਵਾਦੀ ਧਰਮਾਂ ਨੂੰ ਮੰਨਣ ਵਿੱਚ ਕੋਈ ਰੋੜਾ ਨਹੀਂ ਬਣਦਾ, ਪਰ ਹਰ ਧਰਮ ਵਿੱਚ ਅਣਹੋਣੀਆਂ, ਅੰਧਵਿਸ਼ਵਾਸ, ਪਾਖੰਡਵਾਦਅਤੇ ਆਡੰਬਰ ਤੋਂ ਦੂਰ ਰਹਿ ਕੇ ਦਿਮਾਗ ਦੀ ਬੱਤੀ ਜਗਾਉਣ ਲਈ ਕਹਿੰਦਾ ਹੈ।

ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੇ ਆਪਣੇ ਪੈਰੋਕਾਰਾਂ ਦੇ ਲਈ ਨਿਰਧਾਰਤ ਕੀਤੇ 22 ਸੰਕਲਪਾਂ ਨੂੰ ਭਾਰਤ ਦੇ ਦੱਬੇ ਅਤੇ ਲਤਾੜੇ ਵਰਗ ਦੇ ਮੁਕਤੀ ਦਾ ਰਾਹ ਦਸ ਕੇ ਅਪਨਾਉਣ ਦਾ ਰਾਹ ਦਿਖਾਇਆ ਸੀ। ਇਸ ਨੂੰ “ਭੀਮ-ਪ੍ਰਤਿਗਿਆ”ਵਜੋਂ ਜਾਣਿਆ ਜਾਂਦਾ ਹੈ। ਅਸਲ ਵਿਚ 22 ਵਚਨਾਂ ਬਾਬਾ ਸਾਹਿਬ ਦੇ ਸੰਪੂਰਨ ਫਲਸਫੇ ਦਾ ਸ਼ੀਸ਼ਾ ਹਨ। ਇਹ ਅੰਬੇਡਕਰ ਦੇ ਕਦਮਾਂ ਵਿੱਚ ਕਰਮ ਰੱਖਣ ਵਾਲਿਆਂ ਪਹਿਰਾ ਦੇਣ ਲਈ ਉਹਨਾ ਦਾ ਦਿੱਤੇ 22 ਸੰਕਲਪ ਅਪਨਾਉਣੇ ਜ਼ਰੂਰੀ ਹਨ। ਇਨ੍ਹਾਂ 22 ਸੰਕਲਪਾਂ ' ਵਿੱਚੋਂ, ਇੱਕ ਤੋਂ ਅੱਠ ਤੱਕ ਦਿੱਤੇ ਸੰਕਲਪ ਮਨੁੱਖ ਨੂੰ ਅੰਧ-ਵਿਸ਼ਵਾਸ, ਗੈਰ-ਵਿਗਿਆਨਕ ਅਤੇ ਅਲੌਕਿਕ ਸ਼ਕਤੀਆਂ ਦੇ ਕਾਲੇਪਨ ਵਿਚੋਂ ਕੱਢ ਕੇ ਤਰਕਸ਼ੀਲਤਾ, ਵਿਗਿਆਨਕਤਾ, ਸਵੈ-ਮਾਣ ਅਤੇ ਸਵੈ-ਨਿਰਭਰਤਾ ਦੇ ਚਾਨਣ ਵੱਲ ਲਿਜਾਣ ਲਈ ਹਨ।

9 ਤੋਂ 18 ਤੱਕ ਦੇ ਸੰਕਲਪ ਮਨੁੱਖ ਨੂੰ ਨੈਤਿਕ ਜੀਵਨ ਜਿਉਣ ਦਾ ਰਾਹ ਦਿਖਾਉਂਦੇ ਹਨ, ਮਨੁੱਖੀ ਜੀਵਨ ਨੂੰ ਪਵਿੱਤਰ ਬਣਾਉਣ, ਜੀਵਤ ਪ੍ਰਾਣੀਆਂ ਵਿੱਚ ਆਪਸੀ ਪਿਆਰ, ਭਾਈਚਾਰਕ ਸਾਂਝ ਅਤੇ ਸਮਾਨਤਾ ਦੀ ਭਾਵਨਾ ਪੈਦਾ ਕਰਨ ਅਤੇ ਗ੍ਰਿਹਸਤੀ ਜੀਵਨ ਨੂੰ ਸੁਖੀ ਬਣਾਉਣ ਲਈ ਹਨ। ਬਾਕੀ 19 ਤੋਂ ਲੈ ਕੇ 22 ਤੱਕ ਦੇ 4 ਹਿੰਦੂ ਧਰਮ ਦਾ ਤਿਆਗ ਅਤੇ ਬੁੱਧ ਦੇ ਧਮ ਵਿੱਚ ਦ੍ਰਿੜ ਵਿਸ਼ਵਾਸ ਹੋਣ ਦਾ ਸੰਕਲਪ ਹਨ।



1. ਮੈਂ ਬ੍ਰਹਮਾ, ਵਿਸ਼ਣੂ ਅਤੇ ਮਹੇਸ਼ ਵਿੱਚ ਕੋਈ ਵਿਸ਼ਵਾਸ ਨਹੀਂ ਕਰਾਂਗਾ ਅਤੇ ਨਾ ਹੀ ਮੈਂ ਉਨ੍ਹਾਂ ਦੀ ਪੂਜਾ ਕਰਾਂਗਾ। ਕਿਉਂਕਿ-(ਭਾਰਤ ਦਾ ਸੰਵਿਧਾਨ ਹਰ ਭਾਰਤੀ ਨੂੰ ਕਿਸੇ ਧਰਮ, ਵਿਸ਼ਵਾਸ, ਮੱਤ ਨੂੰ ਮੰਨਣ ਜਾ ਨਾਂ ਮੰਨਣ ਦੀ ਖੁਲ੍ਹ ਦਿੰਦਾ ਹੈ। ਕਿਉਂਕਿ ਹਿੰਦੂ ਧਰਮ ਅਛੂਤਾਂ ਦੇ ਸ਼ੋਸ਼ਣ ਦਾ ਸਾਧਨ ਹੈ, ਹਿੰਦੂ ਧਰਮ ਦੇ ਦੇਵਤਾ ਉਹਨਾ ਦੇ ਦੇਵਤਾ ਕਿਵੇਂ ਹੋ ਸਕਦੇ ਹਨ?)

2. ਮੈਂ ਰਾਮ ਅਤੇ ਕ੍ਰਿਸ਼ਨ ਵਿੱਚ ਵਿਸ਼ਵਾਸ ਨਹੀਂ ਰੱਖਾਂਗਾ, ਜੋ ਭਗਵਾਨ ਦੇ ਅਵਤਾਰ ਮੰਨੇ ਜਾਂਦੇ ਹਨ, ਨਾ ਹੀ ਮੈਂ ਉਨ੍ਹਾਂ ਦੀ ਪੂਜਾ ਕਰਾਂਗਾ। (ਹਿੰਦੂ ਧਰਮ ਦੇ ਦੇਵਤਾ ਉਹਨਾ ਦੇ ਦੇਵਤਾ ਕਿਵੇਂ ਹੋ ਸਕਦੇ ਹਨ?)

3. ਮੈਂ ਗੌਰੀ, ਗਣਪਤੀ ਅਤੇ ਹਿੰਦੂਆਂ ਦੇ ਹੋਰ ਦੇਵੀ-ਦੇਵਤਿਆਂ ਵਿੱਚ ਆਸਥਾ ਨਹੀਂ ਰੱਖੂਗਾ ਅਤੇ ਨਾ ਹੀ ਮੈਂ ਉਨ੍ਹਾਂ ਦੀ ਪੂਜਾ ਕਰਾਂਗਾ। -ਕਿਉਂਕਿ- (ਕਿਉਂਕਿ ਹਿੰਦੂ ਧਰਮ ਦਾ ਫਲਸਫਾ, ਉਸਦੇ ਦੇਵੀ, ਦੇਵਤਾ ਅਛੂਤਾਂ ਦੇ ਸ਼ੋਸ਼ਣ ਕਰਨ ਦੇ ਪ੍ਰਬੰਧ ਦਾ ਹਿੱਸਾ ਹਨ)

4. ਮੈਂ ਭਗਵਾਨ ਦੇ ਅਵਤਾਰ ਵਿੱਚ ਵਿਸ਼ਵਾਸ ਨਹੀਂ ਕਰਾਂਗਾ। ਕਿਉਂਕਿ- (ਸਾਰੇ ਮਨੁੱਖ ਬਰਾਬਰ ਹਨ। ਹਰ ਮਨੁੱਖ ਦੇ ਪੈਦਾ ਹੋਣ ਦਾ ਅਤੇ ਜੀਵਨ ਲੀਲਾ ਦੇ ਬਾਅਦ ਜਾਣ ਦਾ ਇੱਕੋ ਹੀ ਢੰਗ ਹੈ, ਇਹ ਮੰਨਣਾ ਜਾ ਨਾਂ ਮੰਨਣਾ ਸਭ ਦਾ ਨਿੱਜੀ ਅਧਿਕਾਰ ਹੈ )

5. ਮੈਂ ਇਹ ਨਹੀਂ ਮੰਨਦਾ ਅਤੇ ਕਦੇ ਨਹੀਂ ਮੰਨਾਂਗਾ ਕਿ ਭਗਵਾਨ ਬੁੱਧ ਵਿਸ਼ਨੂੰ ਦਾ ਅਵਤਾਰ ਸੀ। ਮੈਂ ਇਸਨੂੰ ਪਾਗਲਪਣ ਅਤੇ ਝੂਠਾ ਪ੍ਰਚਾਰ ਸਮਝਦਾ ਹਾਂ। ਕਿਉਂਕਿ- ( ਬੁੱਧ ਨੇ ਹਮੇਸ਼ਾ ਕਿਹਾ, ਉਹ ਆਮ ਮਨੁੱਖ ਹੀ ਹੈ, ਪਰ ਬਹੁਤ ਸਾਰੇ ਦੇਵਤਿਆਂ ਨੇ ਖੁਦ ਨੂੰ ਹੀ ਰੱਬ ਕਿਹਾ ਜਾ ਰੱਬ ਦਾ ਪੁੱਤਰ ਅਤੇ ਉਸ ਦੇ ਖਾਸ ਭੇਜਿਆ ਹੋਇਆ ਦੂਤ ਕਿਹਾ, ਪਰ ਬੁੱਧ ਨੇ ਕਿਹਾ ਉਹ ਵੀ ਸਾਰੇ ਮਨੁੱਖਾਂ ਵਾਂਗ ਆਮ ਮਨੁੱਖ ਹੈ, ਉਸ ਨੇ ਮਨੁੱਖ ਨੂੰ ਗਿਆਨ ਵਿਗਿਆਨ ਅਤੇ ਤਰਕਸ਼ੀਲ ਬਣਨ ਲਈ ਕਿਹਾ।)

6. ਮੈਂ ਸ਼ਰਧਾ ਕਰਨ ਵਿੱਚ ਹਿੱਸਾ ਨਹੀਂ ਲਵਾਂਗਾ ਅਤੇ ਨਾ ਹੀ ਪਿੰਡ ਦਾਨ ਕਰਾਂਗਾ। ਕਿਉਂਕਿ- (ਗਿਆਨ, ਵਿਗਿਆਨ ਅਤੇ ਤਰਕਸ਼ੀਲ ਅਧਾਰ ਸਰਾਧ, ਪਿੰਡ ਦਾਨ ਨੂੰ ਗਲਤ ਪ੍ਰਥਾ ਮੰਨਦਾ ਹੈ, ਮੂਰਖ ਹੀ ਅੰਧਵਿਸ਼ਵਾਸੀ ਬਣਦਾ ਹੈ)

7. ਮੈਂ ਅਜਿਹਾ ਕੰਮ ਨਹੀਂ ਕਰਾਂਗਾ ਜੋ ਬੁੱਧ ਦੇ ਸਿਧਾਂਤਾਂ ਅਤੇ ਸਿੱਖਿਆਵਾਂ ਦੀ ਉਲੰਘਣਾ ਕਰਦਾ ਹੋਵੇ। ਕਿਉਂਕਿ- (ਮਨੁੱਖੀ ਵਿਕਾਸ ਲਈ ਬਧ ਦੀ, ਭਾਵ ਗਿਆਨ ਦਾ ਲੋੜ ਹੈ, ਤਰਕਸ਼ੀਲਤਾ ਦੀ ਲੋੜ ਹੈ, ਬੁੱਧ ਨੇ ਕਿਹਾ ਆਪਣੇ ਦੀਪਕ ਆਪ ਬਣੋ, ਨੈਤਿਕ ਬਣੋ, ਦਇਆਵਾਨ ਬਣੋ)

8. ਮੈਂ ਬ੍ਰਾਹਮਣਾਂ ਦਾ ਕੋਈ ਪ੍ਰੋਗਰਾਮ ਨਹੀਂ ਕਰਵਾਵਾਂਗਾ। ਕਿਉਂਕਿ- (ਹਿੰਦੂ ਧਰਮ ਅੰਧਵਿਸ਼ਵਾਸ ਅਤੇ ਵਿਤਕਰੇਵਾਦ ਦੇ ਅਧਾਰਤ ਹੈ, ਬ੍ਰਾਹਮਣ ਇਸ ਦਾ ਪ੍ਰਚਾਰਕ ਹੈ, ਬ੍ਰਾਹਮਣਾਂ ਦਾ ਪ੍ਰੋਗਰਾਮ, ਅੰਧਵਿਸ਼ਵਾਸ ਅਤੇ ਵਿਤਕਰੇਵਾਦ ਨੂੰ ਵਧਾਉਣਾ)

9. ਮੈਂ ਮਨੁੱਖ ਦੀ ਬਰਾਬਰੀ ਵਿੱਚ ਵਿਸ਼ਵਾਸ ਰੱਖਦਾ ਹਾਂ। ਕਿਉਂਕਿ- ( ਬੁੱਧ ਸਮਤਾ, ਸਮਾਨਤਾ, ਭਾਈਚਾਰਾ, ਬਰਾਬਰੀ ਅਧਾਰਤ ਇਨਸਾਫ਼ ਦਾ ਮੋਢੀ ਹੈ)

10. ਮੈਂ ਬਰਾਬਰੀ ਸਥਾਪਤ ਕਰਨ ਦੀ ਕੋਸ਼ਿਸ਼ ਕਰਾਂਗਾ। ਕਿਉਂਕਿ- (ਬੁੱਧ ਦਾ ਧਮ ਉਪਦੇਸ਼ ਮਾਨਵ ਸਮਾਨਤਾਵਾਦ ਹੈ)

11. ਮੈਂ ਬੁੱਧ ਦੇ ਅਸਠ ਮਾਰਗ ‘ਤੇ ਚਲਾਂਗਾ। ਕਿਉਂਕਿ- ( ਨੇਕ ਅੱਠ ਗੁਣਾ ਮਾਰਗ: ਸਹੀ ਦ੍ਰਿਸ਼ਟੀਕੋਣ, ਸਹੀ ਅਭਿਲਾਸ਼ਾ, ਸਹੀ ਬੋਲੀ, ਸਹੀ ਕਿਰਿਆ, ਸਹੀ ਉਪਜੀਵਕਾ, ਸਹੀ ਜਤਨ, ਸਹੀ ਧਿਆਨ, ਸਹੀ ਇਕਾਗਰਤਾ।)

12. ਮੈਂ ਬੁੱਧ ਦੁਆਰਾ ਦੱਸੇ ਦਸ ਸੰਪੂਰਨਤਾਵਾਂ ਦਾ ਪਾਲਣ ਕਰਾਂਗਾ। ਕਿਉਂਕਿ- (ਸਹੀ ਗਿਆਨ ਅਤੇ ਸਹੀ ਖੁਲ੍ਹ ਦੀ ਜ਼ਰੂਰਤ ਹੈ।)

13. ਮੈਂ ਸਾਰੇ ਜੀਵਾਂ ਉੱਤੇ ਦਇਆ ਕਰਾਂਗਾ ਅਤੇ ਉਨ੍ਹਾਂ ਦੀ ਰੱਖਿਆ ਕਰਾਂਗਾ। ਕਿਉਂਕਿ- (ਅੱਛੇ ਗੁਣ ਅਪਣਾਉਣਾ)

14. ਮੈਂ ਚੋਰੀ ਨਹੀਂ ਕਰਾਂਗਾ। ਕਿਉਂਕਿ- ( ਗਲਤ ਕੰਮ ਤੋਂ ਰੋਕ,ਚੰਗੇ ਅਤੇ ਨੈਤਿਕ ਬਣਨ ਲਈ)

15. ਮੈਂ ਝੂਠ ਨਹੀਂ ਬੋਲਾਂਗਾ। ਕਿਉਂਕਿ- ( ਗਲਤ ਕੰਮ ਤੋਂ ਰੋਕ,ਚੰਗੇ ਅਤੇ ਨੈਤਿਕ ਬਣਨ ਲਈ)

16. ਮੈਂ ਸਰੀਰਕ ਪਾਪ ਨਹੀਂ ਕਰਾਂਗਾ। ਕਿਉਂਕਿ- ( ਗਲਤ ਕੰਮ ਤੋਂ ਰੋਕ,ਚੰਗੇ ਅਤੇ ਨੈਤਿਕ ਬਣਨ ਲਈ)

17. ਮੈਂ ਸ਼ਰਾਬ, ਨਸ਼ੇ ਵਰਗੇ ਨਸ਼ੀਲੇ ਪਦਾਰਥਾਂ ਦਾ ਸੇਵਨ ਨਹੀਂ ਕਰਾਂਗਾ। ਕਿਉਂਕਿ- ( ਗਲਤ ਕੰਮ ਤੋਂ ਰੋਕ,ਚੰਗੇ ਅਤੇ ਨੈਤਿਕ ਬਣਨ ਲਈ)

18. ਮੈਂ ਆਪਣੇ ਰੋਜ਼ਾਨਾ ਜੀਵਨ ਵਿੱਚ ਨੋਬਲ ਅੱਠਪੱਧਰੀ ਮਾਰਗ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਾਂਗਾ ਅਤੇ ਹਮਦਰਦੀ ਅਤੇ ਪਿਆਰ-ਦਇਆ ਦਾ ਅਭਿਆਸ ਕਰਾਂਗਾ। ਕਿਉਂਕਿ- (ਬੁੱਧ ਧਮ ਦੀ ਪਾਲਣਾ)

19. ਮੈਂ ਹਿੰਦੂ ਧਰਮ ਦਾ ਤਿਆਗ ਕਰਦਾ ਹਾਂ ਜੋ ਮਨੁੱਖਤਾ ਲਈ ਹਾਨੀਕਾਰਕ ਹੈ ਅਤੇ ਮਨੁੱਖਤਾ ਦੀ ਤਰੱਕੀ ਅਤੇ ਵਿਕਾਸ ਵਿੱਚ ਰੁਕਾਵਟ ਹੈ। ਕਿਉਂਕਿ ਇਹ ਅਸਮਾਨਤਾ ‘ਤੇ ਆਧਾਰਿਤ ਹੈ, ਅਤੇ ਬੁੱਧ ਧਰਮ ਨੂੰ ਸਵੈ-ਧਰਮ ਵਜੋਂ ਅਪਣਾਉਂਦਾ ਹਾਂ। ਕਿਉਂਕਿ - ( ਸਪਸ਼ਟ ਕਰ ਦਿੱਤਾ ਹੈ)

20. ਮੇਰਾ ਪੱਕਾ ਵਿਸ਼ਵਾਸ ਹੈ ਕਿ ਬੁੱਧ ਧਰਮ ਹੀ ਸੱਚਾ ਮਾਰਗ ਹੈ। ਕਿਉਂਕਿ -(ਬੁੱਧ ਧਮ ਦੀ ਪਾਲਣਾ ਵਿੱਚ ਵਿਸ਼ਵਾਸ)

21. ਮੈਂ ਵਿਸ਼ਵਾਸ ਕਰਦਾ ਹਾਂ ਕਿ ਮੈਂ (ਪਰਿਵਰਤਨ ਦੁਆਰਾ) ਦੁਬਾਰਾ ਜਨਮ ਲਿਆ ਹੈ। ਕਿਉਂਕਿ ( ਹਿੰਦੂ ਧਰਮ ਦਾ ਤਿਆਗ ਅਤੇ ਬੁੱਧ ਧਮ ਦੇ ਵਿੱਚ ਸਾਮਲ ਹੋਣਾ)

22. ਮੈਂ ਦ੍ਰਿੜਤਾ ਨਾਲ ਅਤੇ ਪੱਕੇ ਇਰਾਦੇ ਨਾਲ ਘੋਸ਼ਣਾ ਕਰਦਾ ਹਾਂ ਕਿ ਇਸ (ਧਰਮ ਦੇ ਪਰਿਵਰਤਨ) ਤੋਂ ਬਾਅਦ ਮੈਂ ਬੁੱਧ ਅਤੇ ਉਸਦੇ ਧੰਮ ਦੇ ਸਿਧਾਂਤਾਂ ਅਤੇ ਸਿੱਖਿਆਵਾਂ ਦੇ ਅਨੁਸਾਰ ਆਪਣੇ ਜੀਵਨ ਦਾ ਮਾਰਗਦਰਸ਼ਨ ਕਰਾਂਗਾ। ਕਿਉਂਕਿ (ਬੁੱਧ ਧਮ ਦਾ ਰਾਹ ਸਹੀ ਰਾਹ ਹੈ)

ਡਾ. ਅੰਬੇਡਕਰ ਦਾ ਅੰਦੋਲਨ ਦੀ ਅਸਫਲਤਾ ਦਾ ਕਾਰਨ,ਇਹ ਕਿਸੇ ਵਿਰੋਧੀ ਦੇ ਕਾਰਨ ਨਹੀਂ ਹੈ। ਉਸ ਦੇ ਪੈਰੋਕਾਰਾਂ ਦਾ ਸਹੀ ਰਾਹਾਂ ਤੋਂ ਅਗਿਆਨੀ ਹੋਣਾ ਅਤੇ ਜਾਣਕਾਰ ਲੋਕਾਂ ਦਾ ਉਸ ਉੱਤੇ ਪਹਿਰਾ ਨਾਂ ਦੇਣਾ ਹੈ।

## ਹੜ੍ਹਾਂ ਦਾ ਪਾਣੀ

ਆ ਵੜਿਆ ਪੰਜਾਬ ਦੇ ਵਿੱਚ ਫਿਰ ਹੜ੍ਹਾਂ ਦਾ ਪਾਣੀ
ਹੜ੍ਹ ਪ੍ਰਬੰਧਕਾਂ ਨੂੰ ਪਤਾ ਨਹੀ ਅਕਲ ਕਦੋਂ ਹੈ ਆਣੀ

ਕਦੋ ਕਰੋਗੇ ਠੀਕ ਏਥੇ ਉਲਝੀ ਪਈ ਹੈ ਤਾਣੀ
ਦਿਸਦੇ ਪਏ ਉਦਾਸ ਹੀ ਮੈਨੂੰ ਲੋਕ ਤੇ ਮੇਰੇ ਹਾਣੀ

ਫ਼ਸਲਾਂ ਬੂਟੇ ਰੁੜ੍ਹ ਗਏ ਬਚੀ ਨਹੀ ਕੋਈ ਟਾਹਣੀ
ਆਪੇ ਦੱਸੋ ਖਾਣ ਵਾਲਿਆਂ ਰੋਟੀ ਕਿੱਥੋਂ ਖਾਣੀ

ਹਰ ਸਾਲ ਵਿਗੜ ਜਾਂਦੀ ਹੈ ਬਰਸਾਤਾਂ ਵਿੱਚ ਕਹਾਣੀ
ਵੇਖਿਓ ਹੁਣ ਮੁਆਵਜ਼ਿਆਂ ਦੀ ਵੀ ਵੰਡ ਹੋਣੀ ਕਾਣੀ

ਮਿੱਟੀ ਦੀ ਬਣਾ ਦਿੱਤੀ ਹੈ ਹੜ੍ਹ ਦੇ ਪਾਣੀ ਨੇ ਘਾਣੀ
ਸ਼ਕਲ ਆਪਣੇ ਖੇਤਾਂ ਦੀ ਹੁਣ ਜਾਂਦੀ ਨਹੀ ਪਛਾਣੀ

ਦਿਨ ਰਾਤ ਸੁਣਦੇ ਰਹਿੰਦੇ ਹਨ ਲੋਕ ਗੁਰਾਂ ਦੀ ਬਾਣੀ
ਕੋਈ ਪਤਾ ਨਹੀ ਲਗਦਾ ਏਥੇ ਆਫ਼ਤ ਕਦ ਆ ਜਾਣੀ

ਬਰਬਾਦੀ ਕਰਨ ਆਉਂਦਾ ਜਦ ਡੈਮ ਜਾਂ ਹੜ੍ਹ ਦਾ ਪਾਣੀ
ਰਾਹਤ ਸਮੱਗਰੀ ਲੈ ਆਉਦੀ ਹੈ ਮਿੱਤਰਾਂ ਦੀ ਕੋਈ ਢਾਣੀ

ਸ਼ੱਕਰ ਗੁੜ ਗਿੱਲਾ ਹੋ ਗਿਆ ਖੰਡ ਦੀ ਬਣ ਗਈ ਚਾਣੀ
ਸਭ ਕੁਝ ਜਿਸ ਦਾ ਰੁੜ੍ਹ ਜਾਏ ਜ਼ਿੰਦਗੀ ਜਾਂਦੀ ਕਿੱਥੇ ਮਾਣੀ

ਦਰਿਆਵਾਂ ਨੂੰ ਜੋੜ ਦਿਓ ਗੱਲ ਹੈ ਬਹੁਤ ਸਿਆਣੀ
ਇਸ ਨਾਲ ਵੀ ਹਊ ਭਲਾ ਲੋਕਾਂ ਦਾ ਸੋਚਣ ਜੇ ਪ੍ਰਾਣੀ

ਟੇਰਕਿਆਨਾ ਚੜ੍ਹਿਆ ਰਹੂ ਕਿਤੇ ਕਿੰਨਾ ਕੁ ਚਿਰ ਹੁਣ ਪਾਣੀ
ਆਖ਼ਰ ਵਿੱਚ ਤਾਂ ਵਗਣਾਂ ਹੀ ਪੈਣਾ ਇਸ ਨੂੰ ਪੁਲ਼ਾਂ ਦੇ ਥਾਣੀ

ਰਘਵੀਰ ਸਿੰਘ ਟੇਰਕਿਆਨਾ
91-98141-73402

## ਪੁੱਤ ਜੱਗ ਗੁਆਇਆ

ਹੀਰਾ ਸੀ ਮੇਰਾ ਪੁੱਤ ਮਾਂ ਰਹੀ ਬੋਲਦੀ,
ਜਦੋਂ ਗਿਆ ਨਸ਼ੇ ਵੱਲ ਤਾਂ ਰਹਿੰਦੀ ਟੋਲਦੀ।
ਉਹ ਵੀ ਨਾ ਜਾਣਦਾ ਸੀ ਜੱਗ ਹੋਣ ਦੀ,
ਮੁੜਿਆ ਨਾ ਗਿਆ ਪੁੱਤ ਰੱਬ ਦੇ ਕੋ.ਲ ਹੀ।

ਥਾਂ ਨਾ ਦੱਸੀ ਕਿੱਥੇ ਜਾਂਦਾ ਰੋਜ਼ ਸੀ,
ਆਪ ਤੰਗ ਹੋ ਮੈਨੂੰ ਤੜਫਾਉਂਦਾ ਉਹ ਸੀ।
ਰੰਗ ਤੋਂ ਬੇਰੰਗ ਹੋਇਆ ਕੀ ਖੌਫ਼ ਸੀ,
ਨਸ਼ਿਆਂ ਨੇ ਪੁੱਤ ਖੋਹ ਲਿਆ ਕੀ ਲੋੜ ਸੀ।

ਤਾਹਨੇ ਮਾਰ ਦੁਨੀਆ ਖੱਡੇ ਭੋਰਦੀ,
ਲੱਤ ਫ਼ਸਾ ਆਪਣਿਆ ਦੀ ਨਸਲ ਰੋਲਦੀ।
ਪੁੱਤ ਨਸ਼ੇ ਦਾ ਬਣਿਆ ਦਰਿਆ ਹੋਰ ਵੀ,
ਗਿਆ ਮਾਂ ਨੂੰ ਛੱਡ ਸਾਰੀ ਜਿੰਦਗੀ ਰੋਲਤੀ।

ਰਹਿੰਦਾ ਪੁੱਤ ਘਰ ਨਾ ਜਾਣਾ ਛੋੜ ਸੀ,
ਨਸ਼ਿਆਂ ਦਾ ਗੰਦਾ ਦਲਦਲ ਨਾ ਗੋਰ ਸੀ।
ਪੁੱਤ ਨੂੰ ਨਿੱਤ ਮਾਂ ਰੋਕਿਆ ਨਾ ਸੌਣ ਸੀ,
ਮਾਂ ਪੱਲ੍ਹਾ ਛੱਡਿਆ ਨਾ ਪੁੱਤ ਲੱਗਾ ਬੋਝ ਸੀ।

ਜਿੰਦਗੀ ਤੋਂ ਤੰਗ ਮਾਂ ਬਿਨ ਪੁੱਤ ਲੋਚਦੀ,
ਨਸ਼ਿਆਂ ਨੂੰ ਰੋਕਣ ਨਾ ਨਸ਼ਾ ਹੀ ਘੋਲਦੀ।
ਹੰਝੂਆਂ ਦਾ ਹੜ੍ਹ ਪੁੱਤ ਗਏ ' ਤੇ ਗੋਲਦੀ,
ਮੁੜ ਗੌਰਵ ਹੱਥ ਕਲਮ ਸੱਚ ' ਤੇ ਡੋਲਦੀ।





ਗੌਰਵ ਧੀਮਾਨ
91-76268-18016

# ਪੁਸਤਕ ਸਮੀਖਿਆ

**ਪੁਸਤਕ "ਆਜ਼ਾਦੀ ਦੇ ਪਰਵਾਨੇ"**
**ਲੇਖਕ: ਸ. ਕ੍ਰਿਪਾਲ ਸਿੰਘ ਸੰਧੂ**
**ਪ੍ਰਕਾਸ਼ਕ: ਕੈਫੇ ਵਰਲਡ ਵੱਲੋਂ 'ਅੱਪੂ ਆਰਟ ਪ੍ਰੈਸ਼, ਸ਼ਾਹਕੋਟ' ਰਾਹੀ ਪ੍ਰਕਾਸਤ ਕੀਤਾ ਗਿਆ।**
**ਪੰਨੇ: 168 ਅਤੇ ਹੋਰ ਤਸਵੀਰਾਂ ਵਾਲੇ ਪੰਨੇ**
**ਸਮੀਖਿਆਕਾਰ: ਕੁਲਵੰਤ ਉੱਭੀ ਧਾਲੀਆਂ**
**ਫਰਿਜ਼ਨੋ, ਕੈਲੇਫੋਰਨੀਆਂ, ਅਮਰੀਕਾ।**
**ਫੋਨ: (559) 473-9264**

ਜਦ ਭਾਰਤ ਦੇ ਇਤਿਹਾਸਕ ਪਿਛੋਕੜ 'ਤੇ ਨਿਗਾਹ ਮਾਰਦੇ ਹਾਂ ਤਾਂ ਇਹ ਗੱਲ ਸਾਫ ਸਾਹਮਣੇ ਆਉਂਦੀ ਹੈ ਕਿ ਭਾਰਤ ਲੰਮਾ ਸਮਾਂ ਗੁਲਾਮ ਰਿਹਾ ਹੈ। ਜਿਸ ਦਾ ਸੰਤਾਪ ਸਮੂੰਹ ਭਾਰਤ ਵਾਸੀਆਂ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੈ। ਇਸ ਗੁਲਾਮੀ






ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਸਮੁੱਚੇ ਭਾਰਤ ਨੇ ਆਪਣਾ ਯੋਗਦਾਨ ਪਾਇਆ। ਜਿਸ ਸੰਸੰਧੀ ਵੱਖ-ਵੱਖ ਇਤਿਹਾਸਕਾਰਾਂ ਨੇ ਆਪਣੀਆਂ ਲਿਖਤਾਂ ਰਾਹੀਂ ਸਾਂਝ ਵੀ ਪਾਈ ਹੈ। ਉਨ੍ਹਾਂ ਹੀ ਇਤਿਹਾਸਕ ਪੁਸਤਕਾਂ ਦੀ ਲੜੀ ਵਿੱਚ ਹਾਲ ਹੀ ਵਿੱਚ ਇੱਕ ਨਵੀਂ ਪੁਸਤਕ "ਆਜ਼ਾਦੀ ਦੇ ਪਰਵਾਨੇ" ਸ਼ਾਮਲ ਹੋਈ ਹੈ। ਇਸ ਪੁਸਤਕ ਦੀ ਬਾਕੀ ਪੁਸਤਕਾਂ ਨਾਲੋਂ ਇਹ ਵਖਰੇਵਾ ਹੈ ਕਿ ਲੇਖਕ ਸ. ਕ੍ਰਿਪਾਲ ਸਿੰਘ ਸੰਧੂ ਆਪ ਖੁਦ ਸ਼ਹੀਦਾਂ ਦੇ ਪਰਿਵਾਰ ਨਾਲ ਸੰਬੰਧ ਰੱਖਦੇ ਹਨ। ਖਾਸ ਤੌਰ 'ਤੇ ਰਿਸ਼ਤੇਦਾਰੀ ਵਜੋ ਇੰਨ੍ਹਾਂ ਦੇ ਪਰਿਵਾਰ ਦਾ ਸੰਬੰਧ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨਾਲ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਆਪਣੀ ਸਹਿਕਾਰੀ ਵਿਭਾਗ ਵਿੱਚ ਨੌਕਰੀ ਦੌਰਾਨ ਭਾਰਤੀ ਸਿਸਟਮ ਅਤੇ ਆਜ਼ਾਦੀ ਤੋਂ ਬਾਅਦ ਦੀ ਆਪਸੀ ਅੰਦਰੂਨੀ ਸਮਾਜਿਕ ਨੌਕਰਸ਼ਾਹੀ, ਭਰਿਸਟ, ਲੋਕਾਂ ਦੇ ਸ਼ੋਸ਼ਣ ਵਾਲੀ ਗੁਲਾਮ ਸੋਚ ਅਤੇ ਅਜ਼ਾਦੀ ਤੋਂ ਬਾਅਦ ਦੀ ਭਾਰਤ ਵਿਚਲੀ ਅੰਦਰੂੰਨੀ ਆਪਣਿਆ ਦੀ ਗੁਲਾਮੀ ਨੂੰ ਵੀ ਵੇਖਿਆ ਅਤੇ ਹੰਢਾਇਆ ਹੈ। ਇਸ ਤੋਂ ਇਲਾਵਾ ਸਮੂੰਹ ਸ਼ਹੀਦਾਂ ਦੀ ਯਾਦ ਵਿੱਚ ਬਣੇ ਦੇਸ਼ ਭਗਤ ਯਾਦਗਰ ਜਲੰਧਰ ਵਿੱਚ ਲੱਗੀਆਂ ਸ਼ਹੀਦਾਂ ਦੀਆਂ ਤਸਵੀਰਾਂ ਅਤੇ ਸ਼ਹੀਦਾਂ ਦੇ ਸਿਰੜੀ ਇਤਿਹਾਸ ਨੇ ਲੇਖਕ ਨੂੰ ਇਸ ਪਾਸੇ ਵੱਲ ਪ੍ਰੇਰਿਆ ਹੈ। ਸ. ਕ੍ਰਿਪਾਲ ਸਿੰਘ ਸੰਧੂ ਨੇ ਆਪਣੀ ਬਹੁਤੀ ਜ਼ਿੰਦਗੀ ਪੰਜਾਬ ਵਿੱਚ ਬਿਤਾਈ ਅਤੇ ਅੱਜਕਲ ਫਰਿਜ਼ਨੋ, ਕੈਲੇਫੋਰਨੀਆਂ ਵਿੱਚ ਰਹਿ ਰਹੇ ਹਨ। ਇੱਥੋਂ ਦੀ ਸਥਾਨਿਕ ਗਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਸੰਸਥਾਂ ਨਾਲ ਜੁੜੇ ਹੋਣ ਕਰਕੇ ਸਮੇਂ-ਸਮੇਂ ਸਥਾਨਿਕ ਅਖਬਾਰਾਂ ਲਈ ਲੇਖ ਲਿਖਦੇ ਰਹੇ ਹਨ। ਉਨ੍ਹਾਂ ਹੀ ਲੇਖਾਂ ਨੂੰ ਸੰਗਠਿਤ ਕਰਕੇ ਇਸ ਪੁਸਤਕ ਦਾ ਪ੍ਰਕਾਸ਼ਨ ਕੀਤਾ ਗਿਆ ਹੈ। ਉਨ੍ਹਾਂ ਦੇ ਲਿਖੇ ਸਾਰੇ ਹੀ 30 ਦੇ ਕਰੀਬ ਸਾਰੇ ਲੇਖ ਬਹੁਤ ਸਰਲ ਭਾਸ਼ਾ ਵਿੱਚ ਲਿਖੇ ਗਏ ਹਨ। ਜੋ ਹਰ ਪਾਠਕ ਨੂੰ ਆਪਣੇ ਨਾਲ ਜੋੜੇ ਰੱਖਣ ਦੀ ਇਕਸਾਰਤਾ ਰੱਖਦੇ ਹਨ। ਲੇਖਾਂ ਵਿੱਚ ਅਜ਼ਾਦੀ ਲਈ ਚੱਲ ਰਹੀਆਂ ਲਹਿਰਾਂ, ਅਜ਼ਾਦੀ ਦੇ ਸਮੁੱਚੇ ਸੰਘਰਸ਼ ਦਾ ਦੌਰ, ਗਦਰ ਲਹਿਰ ਅਤੇ ਗਦਰੀ ਬਾਬਿਆਂ ਦੀ ਗੱਲ ਹੁੰਦੀ ਹੈ। ਇਸ ਪੁਸਤਕ ਰਾਹੀਂ ਬਹੁਤ ਸਾਰੇ ਸ਼ਹੀਦਾਂ ਦੇ ਸੰਘਰਸ਼ ਵਾਲੇ ਜੀਵਨ ਅਤੇ ਉਨ੍ਹਾਂ ਦੇ ਪਰਿਵਾਰਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਸੇ ਤਰਾਂ ਸਿੱਖਾਂ ਦੇ ਬਹਾਦਰ ਸੂਰਬੀਰ ਯੋਧੇ ਬੰਦਾ ਸਿੰਘ ਬਹਾਦਰ ਦੇ ਜੀਵਨ, ਸਤਿਗੁਰੂ ਰਾਮ ਸਿੰਘ ਕੂਕਾ ਲਹਿਰ ਅਤੇ ਬੱਬਰ ਅਕਾਲੀ ਲਹਿਰ ਬਾਰੇ ਵੀ ਲਿਖਿਆ। ਇੰਨ੍ਹਾਂ ਲੇਖਾਂ ਵਿੱਚ ਜਿੱਥੇ ਬਹੁਤ ਸਾਰੇ ਅਜ਼ਾਦੀ ਦੇ ਪ੍ਰਵਾਨੇ ਸ਼ਹੀਦਾਂ ਦੇ ਜੀਵਨ ਬਾਰੇ ਲਿਖਿਆ ਗਿਆ ਹੈ, ਉੱਥੇ ਕਈ ਲੇਖਾਂ ਰਾਹੀਂ ਪਰਿਵਾਰਕ ਜ਼ਿੰਦਗੀ ਦੀਆਂ ਘਟਨਾਵਾਂ ਦਾ ਵੀ ਜ਼ਿਕਰ ਸਹਿਜੇ ਕੀਤਾ ਹੈ। ਇਸੇ ਤਰਾਂ ਇੰਨ੍ਹਾਂ ਦੇ ਲਿਖਤਾਂ ਵਿੱਚ ਸਮਾਜਿਕ ਹਾਲਾਤਾਂ ਦਾ ਜ਼ਿਕਰ ਅਤੇ ਉਸ ਸਮੇਂ ਦੀ ਨੌਕਰਸ਼ਾਹੀ ਦਾ ਪਤਾ ਲਗਦਾ ਹੈ। ਸਮੁੱਚੇ ਤੌਰ 'ਤੇ ਇਹ ਕਹਿ ਸਕਦੇ ਹਾਂ ਕਿ ਇਸ ਪੁਸਤਕ ਦਾ ਪ੍ਰਕਾਸ਼ਨ ਆਪਣੀ ਉਮਰ ਦੇ ਚੁਰੰਨਵੇ ਵਰਿਆ ਦੀ ਖੋਜ, ਲਿਆਕਤ ਅਤੇ ਲਿਖਣ ਪ੍ਰਤੀ ਤਜਰਬੇ ਦੀ ਚੰਗੀ ਦੇਣ ਹੈ।

ਇਸ ਪੁਸਤਕ ਵਿੱਚਲੇ ਸਾਰੇ ਲੇਖ ਪੜਨਯੋਗ ਹਨ। ਜੋ ਸਮੇਂ ਅਤੇ ਹਾਲਾਤਾਂ ਵਿੱਚੋਂ ਗੁਜ਼ਰਨ ਵਾਲੀਆਂ ਘਟਨਾਵਾਂ ਨਾਲ ਜੁੜੇ ਹੋਏ ਹਨ। ਇਹ ਪੁਸਤਕ ਲੇਖਕ ਕ੍ਰਿਪਾਲ ਸਿੰਘ ਸੰਧੂ ਦੁਆਰਾ ਆਪਣੀ ਸਵ. ਮਾਤਾ ਪ੍ਰੀਤਮ ਕੌਰ ਦੀ ਨਿੱਘੀ ਯਾਦ ਨੂੰ ਸਮਰਪਿਤ ਕੀਤੀ ਗਈ ਹੈ। ਭਵਿੱਖ ਦੇ ਵਿੱਚ ਇਹ ਪੁਸਤਕ ਇਤਿਹਾਸਕ ਘਟਨਾਵਾਂ ਨਾਲ ਜੁੜੀ ਹੋਣ ਕਰਕੇ ਆਉਣ ਵਾਲੇ ਸਮੇਂ ਦੇ ਪਾਠਕਾਂ ਅਤੇ ਖੋਜਕਾਰੀਆਂ ਲਈ ਮਾਰਗ ਦਰਸ਼ਕ ਬਣੇਗੀ। ਇਸ ਸਮੁੱਚੇ ਕਾਰਜ ਲਈ ਲੇਖਕ ਕ੍ਰਿਪਾਲ ਸਿੰਘ ਸੰਧੂ ਅਤੇ ਸਮੂੰਹ ਸਹਿਯੋਗੀ ਵਧਾਈ ਦੇ ਪਾਤਰ ਹਨ।

# ਹੜ੍ਹਾਂ ਦੀ ਦੂਹਰੀ ਮਾਰ



ਐਡਵੋਕੈਟ ਰਵਿੰਦਰ ਧਾਲੀਵਾਲ
91-78374-90309

ਭਗਵਾਨ ਸਿਆਂ ਗੁਰ ਨਾਨਕ ਦੇ ਉਪਦੇਸ਼ ਕਿਰਤ ਕਰੋ ਨਾਮ ਜਪੋ ਤੇ ਵੰਡ ਛਕੋ ਦਾ ਸੰਪੂਰਨ ਧਾਰਨੀ ਸੀ।ਇਹ ਗੱਲ ਪਿੰਡ ਤੇ ਲੋਕ ਹੀ ਨਹੀਂ ਸਗੋਂ ਗੁਆਂਢੀ ਪਿੰਡ ਦੇ ਖੇਤਾ ਵਾਲੇ ਵੀ ਜਾਣਦੇ ਸਨ। ਪੂਰਾ ਦਿਨ ਮਿੱਟੀ ਨਾਲ ਮਿੱਟੀ ਹੋ ਕੇ ਸਖਤ ਮਸੱਕਤ ਕਰ ਆਥਣ ਦਾ ਸਮਾ ਆਪਣੇ ਪਰਿਵਾਰ ਨਾਲ ਬਿਤਾਉਦਾ। ਹਰ ਫਸਲ ਦਾ ਪਹਿਲਾ ਪੂਰ ਦਾਨ ਲਈ ਕੱਢਦਾ। ਚਾਰੇ ਭਰਾਵਾਂ ਨੇ ਲੜਾਈ ਝਗੜੇ ਤੋ ਬਚਦਿਆ ਵੰਡ ਕਰਦੇ ਸਮੇ ਸ਼ੜਕ ਨਾਲ ਲੱਗਦੀ ਜਮੀਨ ਨੂੰ ਵੀ ਸੂਝ-ਬੂਝ ਨਾਲ ਵੰਡਿਆ। ਜਿਵੇ ਹੀ ਜ਼ਮੀਨ ਦੇ ਭਾਅ ਅਸਮਾਨੀ ਚੜੇ ਤਿੰਨ ਭਰਾ ਤਾ ਜਮੀਨ ਨੂੰ ਵੇਚ ਕੇ ਸਹਿਰ ਚਲੇ ਗਏ। ਭਗਵਾਨ ਸਿਆਂ ਇੰਚ ਵੀ ਜਮੀਨ ਵੇਚਣ ਲਈ ਰਾਜ਼ੀ ਨਾ ਹੋਇਆ ਜਦੋ ਕਿ ਡੀਲਰ ਮੂੰਹ ਮੰਗਿਆ ਪੈਸਾ ਦੇ ਰਹੇ ਸਨ।

ਭਗਵਾਨ ਸਿਆਂ ਦੇ ਦੋ ਕੁੜੀਆਂ ਤੇ ਇਕ ਮੁੰਡਾ ਸੀ। ਕੁੜੀਆਂ ਪੜ੍ਹਨ ਵਿੱਚ ਹੁਸ਼ਿਆਰ ਸਨ। ਬੇਰੁਜ਼ਗਾਰੀ ਕਾਰਨ ਬੀ.ਐਡ ਕਰਨ ਮਗਰੋ ਵੀ ਸਰਕਾਰੀ ਨੌਕਰੀ ਨਾ ਮਿਲੀ । ਉਂਜ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾ ਕੇ ਪਿਤਾ ਦੀ ਪੂਰੀ ਮਦਦ ਕਰਦੀਆਂ ਸਨ। ਜਦੋਂ ਕਿ ਭਗਵਾਨ ਸਿਆ ਨੇ ਮੁੰਡੇ ਨੂੰ ਵਿਤੋ ਬਾਹਰ ਜਾ ਕੇ ਤਕਨੀਕੀ ਸਿੱਖਿਆ ਦਾ ਕੋਰਸ ਕਰਵਾਇਆ ਪਰ ਕੈਨੇਡਾ ਦੇ ਸੁਪਨਿਆ ਨੇ ਨੌਕਰੀ ਵੱਲ ਧਿਆਨ ਨਾ ਦੇਣ ਦਿੱਤਾ। ਪਿਤਾ ਨੂੰ ਗੱਲੀ ਬਾਤੀ ਜ਼ਮੀਨ ਵੇਚ ਕੇ ਵਿਦੇਸ਼ ਭੇਜਣ ਦੀ ਸੁਲ੍ਹਾ ਜਰੂਰ ਮਾਰਦਾ। ਘਰ ਵਾਲੇ ਪਹਿਲਾ ਕੁੜੀਆਂ ਦੇ ਵਿਆਹ ਕਰਨਾ ਜਰੂਰੀ ਸਮਝਦੇ ਸੀ । ਆਪਣੀ ਵੱਡੀ ਭੈਣ ਦੁਆਰਾ ਦੱਸੇ ਮੁੰਡਿਆਂ ਬਾਬਤ ਗੱਲ ਵੀ ਚੱਲ ਰਹੀ ਸੀ । ਖਾਨਦਾਨੀ ਬੰਦੇ ਹੋਣ ਕਰਕੇ ਭਗਵਾਨ ਸਿਆਂ ਨੇ ਵਿਆਹ ਲੱਗਭੱਗ ਤਹਿ ਕਰ ਦਿੱਤੇ ਸਨ। ਥੋੜੀ ਪੁੱਛ ਪੜਤਾਲ ਕਰਨ ਮਗਰੋਂ ਤਰੀਕ ਵੀ ਪੱਕੀ ਕਰ ਲਈ ਸੀ। ਮੁੰਡੇ ਵਾਲੇ ਬਿਨਾ ਦਾਜ-ਦਹੇਜ ਦੇ ਵਿਆਹ ਕਰਨ ਲਈ ਰਾਜ਼ੀ ਹੋ ਗਏ। ਭਗਵਾਨ ਸਿਆਂ ਨੇ ਦਰਮਿਆਨੇ ਤਰੀਕੇ ਨਾਲ ਵਿਆਹ ਕਰਨ ਦੀ ਸਲਾਹ ਦਿੱਤੀ । ਚਾਰ ਸਾਲਾਂ ਤੋਂ ਘਰ ਬੈਠੇ ਮੁੰਡੇ ਦੇ ਦੋਸਤ ਬਾਹਰਲੇ ਮੁਲਕਾਂ ਦੀਆਂ ਉਡਾਰੀਆਂ ਲਾ ਰਹੇ ਸਨ। ਮੁੰਡੇ ਨੇ ਵੀ ਘੱਟ ਖਰਚ ਕਰਨ ਦਾ ਹਾਮੀ ਭਰੀ।ਪਰ ਬਚਾਇਆ ਪੈਸਿਆ ਦੇ ਨਾਲ ਵਿਦੇਸ ਭੇਜਣ ਦੀ ਗੱਲ ਦਾ ਸਾਰੇ ਪਰਿਵਾਰ ਨੇ ਬੁਰਾ ਮਨਾਇਆ।ਪਤਨੀ ਦੇ ਕਹਿਣ ਤੇ ਭਗਵਾਨ ਸਿਆਂ ਨੇ ਚੁੱਪ ਵੱਟ ਲਈ। ਸਾਰਾ ਹਿਸਾਬ ਕਰਨ ਮਗਰੋਂ ਪੈਸੇ ਘੱਟਦੇ ਜਾਪੇ ਤਾ ਅਗਲੀ ਫਸਲ ਦੇ ਪੈਸਾ ਵੀ ਆੜਤੀਏ ਤੋਂ ਪਹਿਲਾਂ ਹੀ ਫੜ ਲਿਆ। ਜਿਸ ਦੀ ਘਰੇ ਗੱਲ ਕਰਨ ਤੋਂ ਵੀ ਸੰਕੋਚ ਕੀਤਾ। ਪਰ ਹਾੜ੍ਹੀ ਦੀ ਫਸਲ ਘੱਟ ਨਿਕਲਨ ਕਰਕੇ ਪੂਰੇ ਨਾ ਹੋਏ। ਜਿਸਦਾ ਪਤੀ-ਪਤਨੀ ਨੂੰ ਡਾਢਾ ਦੁੱਖ ਹੋਇਆ ।ਹਮੇਸ਼ਾ ਔਕੜਾਂ ਨਾਲ ਖਿਹ ਕੇ ਲੰਘਣ ਵਾਲੇ ਭਗਵਾਨ ਸਿਆਂ ਨੂੰ ਆਪਣੀ ਮਿਹਨਤ ਅਤੇ ਜ਼ਮੀਨ ਉਪਰ ਪੂਰਾ ਮਾਣ ਸੀ ਪਤਨੀ ਨੂੰ ਹੱਸਦਿਆਂ ਹੀ ਕਹਿ ਦਿੱਤਾ "ਕੋਈ ਗੱਲ ਨਹੀਂ ਭਾਗਵਾਨੇ ਹਾੜੀ ਗਈ ਆਹ ਚਹੁ ਮਹੀਨਿਆਂ ਨੂੰ ਸਉਣੀ ਦੀ ਫਸ਼ਲ ਆ ਖੜੀ ਫਿਕਰ ਨਾ ਕਰ ਨੀਲੀ ਛੱਤ ਵਾਲਾ ਸਭ ਪੂਰਾ ਕਰ ਦੇਗਾ"

ਭਾਵੇਂ ਇਸ ਘਾਟੇ ਦੀ ਅਪੂਰਤੀ ਤੋ ਚੰਗੀ ਤਰ੍ਹਾਂ ਵਾਕਫ਼ ਸੀ।ਪਰ ਪਰਿਵਾਰ ਦੀਆਂ ਖੁਸ਼ੀਆਂ ਨੂੰ ਘਟਾਉਣਾ ਨਹੀਂ ਸੀ ਚਾਹੁੰਦਾ ਅੰਤ ਚਾਰ ਮਹੀਨਿਆਂ ਦਾ ਸਮਾਂ ਲੰਘ ਕੇ ਵਿਆਹ ਦੇ ਦਿਨ ਵੀ ਨੇੜੇ ਆ ਗਏ। ਉੱਪਰੋਂ ਮੀਂਹ ਦੀਆਂ ਚੜੀਆਂ ਘਟਾਵਾਂ ਨੇ ਚਿੰਤਾਵਾਂ ਹੋਰ ਵਧਾ ਦਿੱਤੀਆ। ਕੁੜੀਆਂ ਦੇ ਦਾਜ ਅਤੇ ਹਲਵਾਈ ਦੇ ਸਾਮਾਨ ਨਾਲ ਘਰ ਭਰਿਆ ਪਿਆ ਸੀ । ਵਿਆਹ ਤੋਂ ਕੁਝ ਦਿਨ ਪਹਿਲਾ ਹੀ ਪਰਿਵਾਰ ਦੀਆਂ ਖੁਸ਼ੀਆਂ ਤੇ ਮੀਹ ਕਹਿਰ ਬਣ ਬੁਹੜਿਆ। ਤੀਲਾ ਤੀਲਾ ਜੋੜ ਕੇ ਇਕੱਠਾ ਕੀਤਾ ਸਮਾਨ ਪਾਣੀ ਵਿੱਚ ਰੁੜਦਿਆਂ ਦੇਖ ਭਗਵਾਨ ਸਿਆਂ ਦੇ ਹੰਝੂ ਮੀਂਹ ਦੇ ਪਾਣੀ ਵਿੱਚ ਰਲਗੱਡ ਹੋ ਕੇ ਪਤਾ ਹੀ ਨਹੀਂ ਲੱਗਾ ਕਦੋਂ ਖੁਸ਼ੀਆਂ ਗ਼ਮੀਆਂ ਨਾਲ ਧੋਤੀਆਂ ਗਈਆ । ਅਜਿਹੇ ਮਾੜੇ ਵਕਤ ਵਿੱਚ ਪੂਰਾ ਪਿੰਡ ਉਸ ਦੇ ਨਾਲ ਖੜ੍ਹਾ ਸੀ ਤਾਂ ਜੋ ਕੁੜੀਆਂ ਦੀ ਡੋਲੀ ਪੂਰੇ ਮਾਣ-ਸਨਮਾਨ ਤੋਰੀ ਜਾਵੇ । ਮੁੰਡੇ ਵਾਲਿਆਂ ਨੇ ਵੀ ਪੂਰਾ ਸਾਥ ਦਿੱਤਾ ਦੋਵੇ ਜੀਅ ਪਿੰਡ ਵਾਲਿਆਂ ਦੀ ਕੀਤੀ ਮਦਦ ਸਦਕੇ ਰੱਬ ਦਾ ਸ਼ੁਕਰਾਨਾ ਕਰਦੇ ਨਹੀ ਥੱਕੇ।

ਰਹਿਰਾਸ ਦੀ ਅਰਦਾਸ ਮਗਰੋ ਜੁੜ ਕੇ ਬੈਠਾ ਪਰਿਵਾਰ ਦੁੱਖ ਸੁੱਖ ਫੋਲਦੇ ਹੋਏ ਲੋਕਾਂ ਦੇ ਪੈਸੇ ਵਾਪਸ ਕਰਨ ਦੀ ਵਿਉਂਤਬੰਦੀ ਉਲੀਕਣ ਲੱਗਾ । ਭਗਵਾਨ ਸਿੰਘਾ ਬੜੇ ਮਾਣ ਨਾਲ ਕਿਹਾ ਮੈ ਪਿੰਡ ਵਾਲਿਆ ਦੇ ਇਸ ਕਾਰਜ ਦਾ ਤਾਅਉਮਰ ਅਹਿਸਾਨਮੰਦ ਰਹਾਗਾ । ਜਿਨ੍ਹਾਂ ਨੇ ਹੜ੍ਹ ਦੀ ਕਲਹਿਣੀ ਮਾਰ ਵਿੱਚ ਸਾਡੀ ਇੱਜਤ ਡੁੱਬਣ ਨਹੀ ਦਿੱਤੀ ।ਪਰੰਤੂ ਮੁੰਡੇ ਦੇ ਮੂੰਹੋ ਨਿਕਲੇ ਕੁਰੱਖਤ ਸਬਦ "ਕਿ ਭਾਵੇਂ ਫਸਲ ਤਾਂ ਪੂਰੀ ਰੁੜ ਗਈ ਪਰ ਜ਼ਮੀਨ ਦਾ ਮੁੱਲ ਅੱਜ ਵੀ ਅਸਮਾਨ ਨੂੰ ਛੂਹ ਰਿਹਾ ਹੈ ਜੇ ਪੰਜਵਾ ਹਿੱਸੇ ਵੀ ਵੇਚੇਗਾ ਤਾ ਸਭ ਦੇ ਅਹਿਸਾਨਾਂ ਤੋਂ ਸੁਰਖਰੂ ਹੋ ਜਾਵਾਂ ਤੇ ਮੇਰੇ ਵਿਦੇਸ਼ ਜਾਣ ਦਾ ਜੁਗਾੜ ਵੀ ਹੋ ਜਾਵੇਗਾ" ਮੁੰਡੇ ਵਲੋ ਪੈਸੇ ਦੀ ਧੌਂਸ ਨਾਲ ਕੀਤੇ ਸਨਮਾਨ ਦਾ ਅਪਮਾਨ ਕਰਨਾ ਬਹੁਤ ਬੁਰਾ ਲੱਗਿਆ ਇਹ ਸੁਣਦਿਆਂ ਹੀ ਭਗਵਾਨ ਸਿਆਂ ਭੈਭੀਤ ਹੋ ਕੇ ਮੰਜੇ ਤੋ ਉਠਿਆ ਰੱਬ ਨੂੰ ਧਿਆਉਦਿਆ ਹੀ ਬੋਲਿਆ "ਇਕ ਹੱਥੋ ਖੋਹ ਕੇ ਰੱਬ ਨੇ ਦੂਜੇ ਹੱਥ ਲੋਕਾਂ ਨੂੰ ਮਦਦ ਲਈ ਭੇਜ ਦਿੱਤਾ ਸੀ ਤੇ ਕੁਦਰਤ ਦੀ ਮਾਰ ਤੋਂ ਬਚ ਗਏ " ਪਰ ਮੁੰਡੇ ਦੇ ਬੋਲੇ ਸਬਦ ਅਤੇ ਜਮੀਨ ਵੇਚਣ ਦੀ ਬਦਨੀਅਤ ਨਾਲ ਹੜ੍ਹਾਂ ਦੀ ਪਈ ਦੂਹਰੀ ਮਾਰ ਵਿੱਚ ਦਮ ਘੁਟਣ ਲੱਗਾ ਅੱਜ ਪਹਿਲੀ ਵਾਰ ਭਗਵਾਨ ਸਿਆ ਮੂੰਹ ਹਨੇਰੇ ਆਪਣੇ ਮੋਟਰ ਤੇ ਗੇੜਾ ਮਾਰਨ ਦੇ ਬਹਾਨੇ ਖੇਤਾ ਦੀ ਖੁਸ਼ਬੂ ਅਤੇ ਰੁਮਕਦੀ ਪੌਣਾ ਵਿਚੋ ਜਿੰਦਗੀ ਜਿਉਣ ਲਈ ਨਵੇ ਰਾਹ ਲੱਭਣ ਲੱਗਾ।

## ਸਰਪੰਚੀ

ਪਿਓ ਦਾਦਾ ਤੇਰਾ ਲੰਬੜਦਾਰ ਸੀ ਕੁਝ ਦੁਨੀਆਂ ਤਾਂ ਜਾਣੇ
ਪਿੰਡ ਤੇਰਾ ਸਾਰਾ ਸਿਫਤ ਕਰੇ ਗੱਲਾਂ ਹੋਣ ਕਚਹਿਰੀਆਂ ਠਾਣੇ
ਤੂੰ ਵੀ ਕੋਈ ਸੱਪ ਕੱਢ ਮੱਖਣਾ ਸਾਡਾ ਬੇੜਾ ਜਾਵੇ ਤਰ ਸੱਜਣਾ
ਸਰਪੰਚੀ ਲੈ ਕੇ ਛੱਡਣੀ ਵੇ ਤੈਨੂੰ ਕਾਹਦਾ ਦੱਸ ਫਿਰ ਡਰ ਸੱਜਣਾ।

ਨਿੱਤ ਹੱਥ ਜੋੜ ਕੇ ਫਤਿਹ ਬੁਲਾਉਂਦੇ ਹਟ ਜਾਂਦੇ ਨੇ ਪਿੱਛੇ
ਕਿਵੇਂ ਠਾਣੇਦਾਰ ਵੀ ਪੁੱਛਦੇ ਨੇ ਸਰਪੰਚ ਸਾਹਿਬ ਨੇ ਕਿੱਥੇ
ਸਾਰਾ ਪਿੰਡ ਫਿਰ ਦੱਸੂਗਾ ਔਹ ਚੁਬਾਰੇ ਵਾਲਾ ਹੈ ਘਰ ਸੱਜਣਾ
ਸਰਪੰਚੀ ਲੈ ਕੇ ਛੱਡਣੀ ਵੇ ਤੈਨੂੰ ਕਾਹਦਾ ...

ਵੇਖ ਪੰਚਾਂ ਤੇ ਸਰਪੰਚਾਂ ਦੀ ਹਰ ਪਿੰਡ ਪਿੰਡ ਤੇ ਸਰਦਾਰੀ
ਦਰ ਦਰ ਧੱਕੇ ਖਾਣ ਨਾਲੋਂ ਸਾਰੇ ਕੰਮ ਹੁੰਦੇ ਸਰਕਾਰੀ
ਤਾਂ ਹੀ ਚੌਧਰ ਖਾਤਰ ਲੋਕੀ ਪੱਲੀ ਗਹਿਣੇ ਦਿੰਦੇ ਧਰ ਮੱਖਣਾ
ਸਰਪੰਚੀ ਲੈ ਕੇ ਛੱਡਣੀ ਵੇ ਤੈਨੂੰ ਕਾਹਦਾ ...

ਲੰਡੀ ਜੀਪ ਫਿਰ ਲੈ ਕੇ ਤੇ ਉਤੇ ''ਗਿੱਲ'' ਸਰਪੰਚ ਲਿਖਾਇਆ
ਜਿਹੜਾ ਫੰਡ ਮਿਲੇ ਸਰਕਾਰਾਂ ਤੋਂ ਬਹੁਤਾ ਖਾਧਾ ਤੇ ਥੋੜ੍ਹਾ ਲਾਇਆ
ਕੰਮ ਕਰਨ ਦੀ ਲੋੜ ਕੋਈ ਨਹੀਂ ਢਿੱਡ ਵੀ ਜਾਂਦਾ ਭਰ ਸੱਜਣਾ
ਸਰਪੰਚੀ ਲੈ ਕੇ ਛੱਡਣੀ ਵੇ ਤੈਨੂੰ ਕਾਹਦਾ ...

ਆਂਢ ਗੁਆਂਢ ਵੀ ਸਾਰਾ ਕਹਿੰਦਾ ਜੋਰ ਤਾਣ ਵੀ ਲਾਊ
ਹੁਣ ਸੌ ਹੱਥ ਰੱਸਾ ਗੰਢ ਸਿਰੇ ਤੇ ਤੈਨੂੰ ਸਰਪੰਚ ਬਣਾਊਂ
'ਦੇਵ ਘੋਲੀਏ' ਵਾਲਿਆ ਵੇ ਚਿੱਤ ਰਾਜੀ ਖੁਸ਼ ਤੂੰ ਕਰ ਮੱਖਣਾ
ਸਰਪੰਚੀ ਲੈ ਕੇ ਛੱਡਣੀ ਵੇ ਤੈਨੂੰ ਕਾਹਦਾ ਦੱਸ ਫਿਰ ਡਰ ਸੱਜਣਾ।



**– ਦੇਵ ਘੋਲੀਆ ਖੁਰਦ (ਫਰਿਜ਼ਨੋ)**
559-232-7764

## ਜਨਮ ਦਿਨ ਮੁਬਾਰਕ



ਦੂਸਰਾ ਜਨਮ ਦਿਨ ਮੁਬਾਰਕ ਹੋਵੇ
ਸਤਵੀਰ ਸਿੰਘ ਅਤੇ ਪਰਨੀਤ ਕੌਰ ਦੀ ਲਾਡਲੀ
ਤੀਜੇ ਸਾਲ 'ਚ ਹੋ ਗਈ ਸਵਰੀਨ
ਕਹਿੰਦੀ ਫਿਰਦੀ ਮੈਂ ਵੀ ਹੁਣ ਸਕੂਲ ਜਾਵਾਂਗੀ
ਪਹਿਲਾਂ ਮੈਂ ਆਪਣਾ ਜਨਮ ਦਿਨ ਮਨਾਵਾਂਗੀ ।

ਦਾਦਾ ਤਰਲੋਚਨ ਸਿੰਘ ਅਤੇ ਦਾਦੀ ਸੁਖਵਿੰਦਰ ਕੌਰ
ਦੇ ਘਰ ਦੀ ਰੌਣਕ ਏ ਸਵਰੀਨ
ਦਾਦੇ ਕੋਲ ਨਵੀਂ ਨਵੀਂ ਮੰਗ ਰੱਖਦੀ
ਦਾਦੀ ਦਾਦੇ ਨੂੰ ਉਹ ਕੰਮ ਲਾਈ ਰੱਖਦੀ।

ਸਕੂਲੋਂ ਆਈ ਮਹਿਰੀਨ ਦੀਦੀ ਨੂੰ ਪੁੱਛਦੀ
ਅੱਜ ਕੀ ਕੰਮ ਤੈਨੂੰ ਦਿੱਤਾ ਏ
ਖੁਸ਼ੀ ਖੁਸ਼ੀ ਉਹ ਗੱਲਾਂ ਕਰਕੇ
ਦੀਦੀ ਦੀ ਥਕਾਵਟ ਲਾਹੁੰਦੀ ਏ ।

ਰੰਗਾਂ ਨੂੰ ਉਹ ਪਹਿਚਾਨਣ ਲੱਗਗੀ
ਬੈਗ ਮੋਢੇ ਪਾ ਫਿਰਦੀ ਰਹਿੰਦੀ
ਏ ਬੀ ਸੀ ਉਹ ਪੜ੍ਹਨ ਲੱਗਗੀ
ਮਰਜ਼ੀ ਨਾਲ ਹੀ ਉਹ ਟਿਕ ਕੇ ਬਹਿੰਦੀ ।

ਦੂਸਰਾ ਜਨਮ ਦਿਨ ਮੁਬਾਰਕ ਹੋਵੇ
ਲੱਖ ਖੁਸ਼ੀਆਂ ਉਹ ਜ਼ਿੰਦਗੀ 'ਚ ਪਾਵੇ
ਪੜ੍ਹਾਈ ਵਿੱਚ ਉਹ ਅੱਵਲ ਆਵੇ
ਮਾਪਿਆਂ ਦਾ ਉਹ ਨਾਮ ਚਮਕਾਵੇ ।



**ਮੇਜਰ ਸਿੰਘ ਨਾਭਾ**
91-94635-53962

## 'ਮਾੜਾ

'ਮੋਦੀ' ਦੇ ਵੱਡੇ ਆਰਥਿਕ ਸਲਾਹਕਾਰ ਨੇ,
ਇੱਕ ਦਿੱਤਾ ਹੈ ਮਾੜਾ ਬਿਆਨ ਭਾਈ।
ਕਹਿੰਦਾ "ਸੰਤਾਲੀ ਤੋਂ ਪਹਿਲਾਂ ਪਹਿਲਾਂ,
ਮੌਜੂਦਾ ਰੱਦ ਕਰ ਲਿਖੋ ਸੰਵਿਧਾਨ ਭਾਈ।"
ਬੜੇ ਔਖੇ ਨੇ ਇਹ 'ਸੰਵਿਧਾਨ' ਕੋਲੋਂ,
ਤਾਹੀਂ ਦਿੰਦੇ ਨੇ ਐਸੇ ਬਿਆਨ ਭਾਈ।
ਜੇ ਸੰਵਿਧਾਨ ਇਹਨਾਂ ਨੇ ਬਦਲ ਦਿੱਤਾ,
ਮੱਚ ਸਕਦਾ ਵੱਡਾ ਘਮਸਾਨ ਭਾਈ।
ਸਾਂਭ ਹੋਣਾ ਨਾ ਫਿਰ ਕਿਸੇ ਕੋਲੋਂ,
ਹੋ ਸਕਦਾ ਵੱਡਾ ਨੁਕਸਾਨ ਭਾਈ।
'ਮੇਜਰ' ਦੇਸ਼ ਦੀ ਸੁੱਖ ਸ਼ਾਂਤੀ ਲਈ,
ਤੁਸੀਂ ਰੱਖਿਓ ਸਦਾ ਧਿਆਨ ਭਾਈ।
ਪਤਾ ਨਹੀਂ ਇਸ ਸੰਵਿਧਾਨ ਤੋਂ,
ਇਹਨਾਂ ਨੂੰ ਲੱਗਦਾ ਕਿਉਂ ਡਰ ਭਾਈ।
ਬਣਾਉਣਾ ਹੋਰ ਜੇ ਚੰਗਾ ਸੰਵਿਧਾਨ ਨੂੰ,
ਸੋਧਾਂ ਹੋਰ ਲੈਣ ਇਹ ਕਰ ਭਾਈ।

**ਮੇਜਰ ਸਿੰਘ ਬੁਢਲਾਡਾ**
94176 42327



# ਦਸਮੇਸ਼ ਪਿਤਾ ਜੀ ਦੇ 52 ਦਰਬਾਰੀ ਕਵੀ ਅਤੇ ਵਿਦਵਾਨ

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸੰਕਲਪ ਧਰਮ ਵਿਚ ਸਮਾਜ ਨੂੰ ਪੁਰਾਤਨ ਝੂਠੇ ਕਰਮ-ਕਾਂਡਾਂ ਅਤੇ ਰਹੁ-ਰੀਤਾਂ ਵਿਚੋਂ ਕੱਢ ਕੇ ਇਨਕਲਾਬੀ ਸਵੈ-ਮਾਣ ਵਾਲਾ ਜੀਵਨ ਜਿਊਣ ਦੇ ਸਮਰੱਥ ਬਣਾਉਣਾ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਦੇ ਉਪਦੇਸ਼ ਵਿਚ ਵਿਕਸਤ ਸ਼ਬਦਾਵਲੀ ਦਾ ਭੰਡਾਰ ਸੀ। ਉਹਨਾਂ ਨੂੰ ਦੂਸਰੇ ਧਰਮਾਂ ਦਾ ਗਿਆਨ ਸੀ। ਜਿਸ ਨਾਲ ਉਹ ਆਤਮਕ ਵਿੱਦਿਆ ਵਿਚ ਨਿਪੁੰਨ ਸਨ। ਉਹਨਾਂ ਨੇ ਬਹੁਤ ਸਾਰਾ ਸਮਾਂ ਸੰਤਾਂ, ਫਕੀਰਾਂ ਨਾਲ ਚਰਚਾ ਵਿਚ ਬਿਤਾਇਆ। ਸਿੱਧ ਗੋਸ਼ਟੀ ਵੀ ਉਹਨਾਂ ਦੇ ਇਸ ਹੁਨਰ ਤੇ ਹੀ ਆਧਾਰਿਤ ਸੀ।

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛ ਕਹੀਐ।। ਅੰਗ 660

ਹੇ ਨਾਨਕ! ਜਦ ਤੱਕ ਦੁਨੀਆਂ ਵਿਚ ਜਿਊਣਾ ਹੈ, ਪ੍ਰਮਾਤਮਾ ਦੀ ਸਿਫ਼ਤ ਸਲਾਹ ਸੁਣਨੀ ਕਰਨੀ ਚਾਹੀਦੀ ਹੈ। ਇਹ ਉਸ ਸਦਭਾਵਨਾ ਦਾ ਮੰਤਰ ਹੈ, ਕਿਸੇ ਦੀ ਗੱਲ ਸੁਣਨਾ ਤੇ ਆਪਣੀ ਕਹਿਣ ਨਾਲ ਸੁਖ ਮਿਲਦਾ ਹੈ। ਇਕ-ਦੂਜੇ ਦੀ ਪਛਾਣ ਹੁੰਦੀ ਹੈ। ਵਿਚਾਰ ਚਰਚਾ ਚਲਦੀ ਹੈ, ਸ਼ੰਕੇ ਦੂਰ ਹੁੰਦੇ ਹਨ। ਗੁਰੂ ਜੀ ਨੇ ਸਿੱਖਾਂ ਨੂੰ ਅਧਿਆਤਮਕ, ਵਿਦਿਅਕ, ਰਾਜਨੀਤਿਕ ਪੱਖੋਂ ਜਾਗਰਿਤ ਕਰਨਾ ਚਾਹਿਆ ਸੀ। ਸਿੱਖਾਂ ਨੂੰ ਆਪਣੀ ਬੋਲੀ, ਆਪਣੀ ਲਿੱਪੀ ਵਿਚ ਉਪਦੇਸ਼ ਪੜ੍ਹਨ ਅਤੇ ਸਮਝਣ ਦੇ ਕਾਬਲ ਬਣਾਉਣ ਲਈ ਗੁਰਮੁਖੀ ਲਿੱਪੀ ਨੂੰ ਇਜ਼ਾਤ ਕੀਤਾ। ਅੱਗੇ ਜਾ ਕੇ ਗੁਰੂਆਂ ਨੇ ਇਸ ਨੂੰ ਹੋਰ ਬਣਾਇਆ ਸੰਵਾਰਿਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਅਰਜਨ ਦੇਵ ਸਾਹਿਬ ਜੀ ਨੇ ਸਿੱਖਾਂ ਨੂੰ ਹਰ ਪੱਖ ਤੋਂ ਸੰਪੂਰਨ ਬਣਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ। ਇਸਦੀ ਆਰੰਭਤਾ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਲੈ ਕੇ ਪੰਜ ਗੁਰੂਆਂ ਦੀ ਬਾਣੀ ਅਤੇ ਭਗਤਾਂ, ਭੱਟਾਂ, ਸੰਤਾਂ ਅਤ ਸਿੱਖ ਬਾਣੀਕਾਰਾਂ ਦੀ ਪਵਿੱਤਰ ਬਾਣੀ ਲੋਕ ਭਾਸ਼ਾਵਾਂ, ਸੰਤ ਭਾਸ਼ਾ ਸਾਹਿਤ ਦੀ ਉਮਦਾ ਵੰਨਗੀ ਕਾਵਿ ਰੂਪ ਵਿਚ ਹੈ। ਪਵਿੱਤਰ ਬਾਣੀ ਦੀ ਰਚਨਾ ਨੂੰ ਸੰਭਾਲਿਆ ਗਿਆ। ਇਸ ਪ੍ਰਮਾਤਮਾ ਦੀ ਉਸਤਤ ਨੂੰ ਜਦੋਂ ਰਾਗਾਂ ਵਿਚ ਗਾਇਆ ਜਾਂਦਾ ਹੈ ਤਾਂ ਇਸਦੀ ਵਾਰਤਕ ਵਿਆਖਿਆ ਮਨ ਨੂੰ ਢਾਰਸ ਜਾਂ ਧੀਰਜ ਹੀ ਨਹੀਂ ਦਿੰਦੀ ਸਗੋਂ ਮਾਨਸਿਕ ਤਸੱਲੀ ਵੀ ਪ੍ਰਾਪਤ ਹੁੰਦੀ ਹੈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਦਿ ਗ੍ਰੰਥ ਵਿਚ ਗੁਰ-ਪਿਤਾ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਇਕੱਤਰ ਕਰਕੇ ਤਲਵੰਡੀ ਸਾਬੋ ਵਿਖੇ ਭਾਈ ਮਨੀ ਸਿੰਘ ਜੀ ਪਾਸੋਂ ਦਰਜ ਕਰਵਾ ਕੇ ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਦਿੱਤਾ। ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਸਾਰੀ ਮਾਨਵ ਜਾਤੀ ਵਾਸਤੇ ਹੈ। ਉਪਦੇਸ਼ ਚਹੁੰ ਵਰਨਾ ਕਾਂਝਾ। ਇਹ ਪੰਜਾਬੀ ਸਾਹਿਤ ਦੀ ਸਿਰਮੌਰ ਸਦੀਵੀ ਵੰਨਗੀ ਹੈ।

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸੰਕਲਪ ਨੂੰ ਅੱਗੇ ਗੁਰੂਆਂ ਨੇ ਨਿਰੰਤਰ ਤੋਰਿਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਸੇ ਸੰਕਲਪ ਵਿਚ ਕੌਮ ਉਸਾਰੀ ਦੀ ਵਿਉਂਤਬੰਦੀ ਕੀਤੀ। ਜਿਸ ਵਿਚ ਉਹਨਾਂ ਨੇ ਕਵਿਤਾ ਦਾ ਮਾਧਿਅਮ ਚੁਣਿਆ। ਆਪ ਸਾਹਿਤ ਰਚਨਾ ਕੀਤੀ। ਆਪ ਨੇ ਦੂਸਰੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਜੀ ਨੇ ਪੁਰਾਣਾਂ, ਰਮਾਇਣ, ਮਹਾਂਭਾਰਤ ਦੇ ਸੂਰਮਿਆਂ ਦੀਆਂ ਕਥਾਵਾਂ ਦਾ ਅਨੁਵਾਦ ਕਰਨ ਦਾ ਕਾਰਜ ਆਰੰਭਿਆ। ਦੂਸਰੇ ਰਾਜਿਆਂ ਦੇ ਸਤਾਏ ਹੋਏ ਕਵੀ ਵੀ ਆਪ ਜੀ ਨਾਲ ਆ ਜੁੜੇ। ਗੁਰੂ ਜੀ ਨੂੰ ਆਪ ਸ਼ਾਇਰੀ ਦਾ ਬੜਾ ਸ਼ੌਂਕ ਸੀ। ਆਪ ਜੀ ਨੇ ਅਜਿਹੀ ਮਨੋਹਰ ਕਵਿਤਾ ਰਚੀ, ਜਿਸ ਨਾਲ ਪੰਜਾਬੀ ਸਾਹਿਤ ਨੂੰ ਹੋਰ ਵੀ ਅਮੀਰੀ ਬਖਸ਼ੀ। ਉਹਨਾਂ ਨੇ ਵਿਦਵਾਨਾਂ ਨੂੰ ਬਨਾਰਸ ਭੇਜਿਆ ਕਿ ਸੰਸਕ੍ਰਿਤ ਦਾ ਗਿਆਨ ਪ੍ਰਾਪਤ ਕਰਨ। ਜਿਹਨਾਂ ਨੇ ਦੂਸਰੀਆਂ ਭਾਸ਼ਾਵਾਂ ਦਾ ਅਨੁਵਾਦ ਕਰਕੇ ਗੁਰੂ ਜੀ ਨਾਲ ਧਰਮ ਪ੍ਰਚਾਰ ਵਿਚ ਮਦਦ ਕੀਤੀ। ਇਹਨਾਂ ਨੂੰ ਨਿਰਮਲੇ ਕਿਹਾ ਜਾਂਦਾ ਸੀ। ਇਸ ਸਾਹਿਤ ਰਚਨਾ ਦਾ ਮਨੋਰਥ ਸੀ ਕਿ ਸਿੱਖਾਂ ਵਿਚ ਬੀਰ ਰਸ ਭਰਿਆ ਜਾਵੇ ਤਾਂ ਜੋ ਉਹ ਜ਼ੁਲਮ ਦੇ ਵਿਰੁੱਧ ਡੱਟਣ ਲਈ ਕੁਰਬਾਨੀ ਤੋਂ ਵੀ ਪਿੱਛੇ ਨਾ ਰਹਿਣ। ਗੁਰੂ ਜੀ ਦੀ ਲੇਖਣੀ ਦਾ ਸਮਾਂ 1678 ਤੋਂ ਸ਼ੁਰੂ ਹੋ ਕੇ ਦੋ ਦਹਾਕੇ ਤੋਂ ਵੱਧ ਚੱਲਿਆ। ਗੁਰੂ ਜੀ 1685-1689 ਤੱਕ ਚਾਰ ਸਾਲ ਦਾ ਸਮਾਂ ਪਾਉਂਟਾ ਸਾਹਿਬ ਦੀ ਪਵਿੱਤਰ ਧਰਤੀ ਤੇ ਠਹਿਰੇ। ਜਿੱਥੇ ਆਪ ਜੀ ਨੇ ਫੌਜੀ ਛਾਉਣੀਆਂ ਸਥਾਪਤ ਕੀਤੀਆਂ, ਉਥੇ ਪੰਜਾਬੀ ਸਾਹਿਤ ਦਾ ਵੀ ਬਹੁਤ ਕੰਮ ਕੀਤਾ। ਗੁਰਬਾਣੀ ਦੀ ਰਚਨਾ ਕੀਤੀ। ਉਦੋਂ ਗੁਰੂ ਜੀ ਸਾਹਿਤ ਰਚਨਾ ਵਾਸਤੇ ਇਕ ਇਕਾਂਤ ਟਿਕਾਣੇ ਦੀ ਤਲਾਸ਼ ਵਿਚ ਸਨ। ਤਦ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਨਾਹਨ ਪਹੁੰਚ ਗਏ। ਉਥੇ ਰਹਿੰਦਿਆਂ ਗੁਰੂ ਜੀ ਇਲਾਕੇ ਦੀ ਸੈਰ ਕਰਦੇ ਰਹੇ, ਸ਼ਿਕਾਰ ਖੇਡਦੇ ਰਹੇ। ਇਕ ਦਿਨ ਰਾਜਾ ਮੇਦਨੀ ਪ੍ਰਕਾਸ਼ ਨੇ ਕਿਹਾ ਤੁਸੀਂ ਮੇਰੀ ਰਿਆਸਤ ਵਿਚ ਜੇਕਰ ਟਿਕ ਜਾਵੋ ਤਾਂ ਚੰਗਾ ਹੋਵੇਗਾ। ਗੁਰੂ ਜੀ ਨੇ ਚੰਗੀ ਜਗ੍ਹਾ ਵੇਖ ਕੇ ਇਕ ਕਿਲਾ ਬਣਵਾਇਆ, ਜਿਸਦਾ ਨਾਂ ਆਪਨੇ ਪਾਉਂਟਾ ਰੱਖਿਆ। ਪਾਉਂਟਾ ਸਾਹਿਬ ਟਿਕ ਕੇ ਆਪਣੇ ਗੁਰਬਾਣੀ ਰਚਨਾ ਦਾ ਕਾਰਜ ਜਾਰੀ ਰੱਖਿਆ।



ਉਸ ਸਮੇਂ ਸੰਸਕ੍ਰਿਤ ਜੋ ਧਰਮ ਪ੍ਰਚਾਰ ਦੀ ਵਿਦਿਆ ਸੀ, ਉਪਰ ਬ੍ਰਾਹਮਣਾਂ ਦਾ ਕਬਜ਼ਾ ਸੀ। ਗੁਰੂ ਜੀ ਨੇ ਉਸ ਗਿਆਨ ਨੂੰ ਲੋਕ ਭਾਸ਼ਾ ਵਿਚ ਰਚ ਕੇ ਆਪਣੇ ਢੰਗ ਦਾ ਪ੍ਰਚਾਰ ਕੀਤਾ। ਉਹਨਾਂ ਦੇ ਅਨੂਪਮ ਇਲਾਹੀ ਦਰਬਾਰ ਵਿਚ ਗੁਣੀਆਂ, ਵਿਦਵਾਨਾਂ, ਕਵੀਆਂ, ਕਲਮਕਾਰਾਂ ਅਤੇ ਕਲਾਕਾਰਾਂ ਦਾ ਵੱਡਾ ਸੰਗਠਨ ਹੋ ਗਿਆ। ਜਿਹਨਾਂ ਵਿਚ 52 ਦਰਬਾਰੀ ਰਤਨ ਕਵੀ ਵੀ ਸ਼ਾਮਲ ਸਨ। ਅਧਿਆਤਮਕ ਉਪਦੇਸ਼ ਦੇ ਨਾਲ ਨਾਲ ਹੋਰ ਸਾਧਨਾਂ ਵਿਚ ਕਥਾ-ਕੀਰਤਨ, ਬੀਰ ਰਸ ਅਤੇ ਸ਼ਸ਼ਤਰਾਂ ਦਾ ਸਤਿਕਾਰ ਸੰਭਾਲ ਹੁੰਦੀ ਅਤੇ ਵਿਦਿਆ ਕਲਾ ਅਤੇ ਕਵਿਤਾ ਦੀ ਰੌਣਕ ਵੀ ਬਾਕਮਾਲ ਸੀ। ਦੂਰ6ਦੂਰ ਤੋਂ ਗੁਣੀ ਗੁਰੂ ਜੀ ਦੇ ਦਰਬਾਰ ਦੀ ਸ਼ੋਭਾ ਸੁਣ ਕੇ ਆਉਂਦੇ ਅਤੇ ਪੂਰਾ ਮਾਣ-ਸਤਿਕਾਰ ਪ੍ਰਾਪਤ ਕਰਦੇ ਸ਼ਾਂਤ ਰਹਿਣ ਲੱਗੇ। ਗੁਰੂ ਜੀ ਸਭ ਦਾ ਬਰਾਬਰ ਸਤਿਕਾਰ ਕਰਦੇ। ਭੱਟ ਵੀ ਆਪਣੀਆਂ ਰਚਨਾਵਾਂ ਦਾ ਗਾਇਨ ਕਰਦੇ ਰਹਿਣੇ ਸਨ। ਮੁਗਲ ਦਰਬਾਰ ਦੇ ਸਤਾਏ ਹੋਏ ਕਵੀ ਜਿਵੇਂ ਪੰਡਤ ਸੁਖਦੇਵ, ਬਰਿੰਡ, ਅਲੀਮ, ਕਨੂੰਵਰੇਸ਼, ਕਾਸ਼ੀ ਰਾਮ ਅਤੇ ਭਾਈ ਨੰਦ ਲਾਲ ਗੋਆ ਵਰਗੇ ਵੀ ਗੁਰੂ ਜੀ ਦੀ ਪ੍ਰਤੀਪਾਲਣਾ ਹੇਠ ਆ ਗਏ ਸਨ।

ਭਾਵੇਂ 52 ਦਰਬਾਰੀ ਰਤਨ ਕਵੀ ਪੱਕੇ ਤੌਰ 'ਤੇ ਗੁਰੂ ਦਰਬਾਰ ਵਿਚ ਰਹੇ, ਪਰ ਸਮੇਂ-ਸਮੇਂ ਵਿਦਵਾਨਾਂ ਦੇ ਆਉਣ ਜਾਣ ਦਾ ਤਾਂਤਾ ਲੱਗਾ ਰਹਿਣਾ ਸੀ। ਸਮੂਹਿਕ ਲੇਖਣੀ ਨਾਲ ਭਾਵੇਂ ਕਿਸੇ ਸਮੇਂ ਸਾਹਿਤ ਦਾ ਵੱਡਾ ਭੰਡਾਰ ਹੋ ਗਿਆ ਸੀ। ਜਿਸਨੂੰ 'ਵਿਦਿਆ ਸਾਗਰ' ਕਿਹਾ ਜਾਂਦਾ ਸੀ। ਪਰ ਅਨੰਦਪੁਰ ਛੱਡਣ ਸਮੇਂ ਖੁਰਦ-ਬੁਰਦ ਹੋ ਗਿਆ। ਸਿਰਫ ਉਹ ਹੀ ਸਾਹਿਤ ਬਚਿਆ ਜੋ ਲੇਖਕਾਂ ਕੋਲ ਸੀ ਜਾਂ ਉਹਨਾਂ ਦੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਸੀ। ਕਵੀਆਂ ਦੀਆਂ ਰਚਨਾਵਾਂ ਵਿਚ ਭਿਆਨਕ ਜੰਗਾਂ ਵਿਚ ਨਗਾਰਿਆਂ ਦੀ ਚੋਟ, ਫੌਜਾਂ ਦੀ ਤਿਆਰੀ, ਰਣਭੂਮੀ ਦੇ ਵੀਰਤਾ ਦ੍ਰਿਸ਼, ਮਹਾਰਾਜ ਦੀ ਸ਼ਖਸੀਅਤ, ਤੀਰ ਅੰਦਾਜ਼ੀ, ਸ਼ਿਕਾਰ, ਗੱਤਕੇ ਦੇ ਕਰਤੱਵ ਆਦਿ ਪ੍ਰਸੰਗਾਂ ਦਾ ਵੇਰਵਾ ਉਹਨਾਂ ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਵੱਡੇ-ਵੱਡੇ ਇਕੱਠ ਦੇ ਸਮੇਂ ਰਚਨਾਵਾਂ ਦੇ ਪਰਚੇ ਸੰਗਤਾਂ ਵਿਚ ਵੰਡੇ ਜਾਂਦੇ।

ਦਸਮੇਸ਼ ਪਿਤਾ ਜੀ ਦੀ ਲਾਸਾਨੀ ਸ਼ਖਸੀਅਤ ਬਿਆਨ ਨਹੀਂ ਕੀਤੀ ਜਾ ਸਕਦੀ। ਪਰ ਦਰਬਾਰੀ ਰਤਨ ਕਵੀਆਂ ਨੇ ਆਪ ਜੀ ਦੀ ਸ਼ਖਸੀਅਤ ਦੇ ਦੀਦਾਰ ਪ੍ਰਾਪਤ ਕੀਤੇ ਸਨ। ਉਹਨਾਂ ਨੇ ਸ਼ਖਸੀਅਤ ਨੂੰ ਬਿਆਨ ਕਰਦਿਆਂ ਉਹਨਾਂ ਦਾ ਸਿਰ ਸਤਿਕਾਰ ਵਿਚ ਝੁਕਦਾ ਹੈ। ਗੁਰੂ ਦਰਬਾਰ ਦੇ ਸ਼੍ਰੋਮਣੀ ਕਵੀ ਨੰਦ ਲਾਲ ਜੀ ਆਪਣੀ ਰਚਨਾ 'ਗੰਜਨਾਮਾ' ਵਿਚ ਮਹਾਰਾਜ ਦੇ ਗੁਣਾਂ ਦੀ ਉਪਮਾ ਕਰਦਿਆਂ ਲਿਖਦੇ ਹਨ- ਬਾਦ ਜਾਨਸ਼ ਫਿਦਾਏ ਗੁਰੂ ਗੋਬਿੰਦ ਸਿੰਘ। ਫਰਕ ਓ ਬਰ ਪਾਇ ਗੁਰੂ ਗੋਬਿੰਦ ਸਿੰਘ। ਭਾਵ ਬੇਨਤੀ ਹੈ ਕਿ ਮੇਰੀ ਜਾਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੋਂ ਕੁਰਬਾਨ ਹੋਵੇ। ਅਤੇ ਮੇਰਾ ਸੀਸ ਸਦਾ ਮਹਾਰਾਜ ਦੇ ਚਰਨਾਂ ਵਿਚ ਰਹੇ। 52 ਦਰਬਾਰੀ ਰਤਨ ਕਵੀਆਂ ਅਤੇ ਵਿਦਵਾਨਾਂ ਦੇ ਪੱਖ ਵਿਚ ਇਹ ਗੱਲ ਅਹਿਮ ਹੈ ਕਿ ਗੁਰੂ ਜੀ ਨੂੰ ਖੁਦ ਸ਼ਾਇਰੀ ਦਾ ਬੜਾ ਸ਼ੌਂਕ ਸੀ। ਉਹ ਆਪਣੀ ਨਿਗਰਾਨੀ ਹੇਠ ਕਾਵਿ-ਗੋਸ਼ਟੀਆਂ ਕਰਵਾਉਂਦੇ ਅਤੇ ਕਵੀਆਂ ਨੂੰ ਮਾਣ-ਸਨਮਾਨ ਨਾਲ ਨਿਵਾਜਦੇ। ਅੱਜ ਵੀ ਪਾਉਂਟਾ ਸਾਹਿਬ ਦੀ ਧਰਤੀ ਤੇ ਕਵੀ ਦਰਬਾਰ ਅਸਥਾਨ ਮੌਜੂਦ ਹੈ। ਜਿੱਥੇ ਹਰ ਪੂਰਨਮਾਸ਼ੀ ਦੇ ਦਿਨ ਪ੍ਰਬੰਧਕਾਂ ਵੱਲੋਂ ਕਵੀ ਦਰਬਾਰ ਸਜਾਇਆ ਜਾਂਦਾ ਹੈ।

# ਮਿਊਜ਼ਕ ਵਿਸ਼ਾ ਸਾਰੇ ਸਕੂਲਾਂ 'ਚ ਲਾਗੂ ਕਰਨਾ ਸਮੇਂ ਦੀ ਲੋੜ



ਮੇਜਰ ਸਿੰਘ ਨਾਭਾ
91-94635-53962

ਅੱਜ ਦੇ ਬੱਚੇ ਬੋਝਲ ਪੜ੍ਹਾਈ ਤੋਂ ਕੰਨੀ ਕਤਰਾਉਂਦੇ ਹਨ। ਇਸ ਲਈ ਉਨ੍ਹਾਂ ਨੂੰ ਸਮੇਂ ਦਾ ਨਾਲ-ਨਾਲ ਲੋੜੀਂਦੀ ਸਿੱਖਿਆ ਦੇਣੀ ਬਣਦੀ ਹੈ। ਨਵੀਂ ਪੰਜਾਬ ਸਰਕਾਰ ਨੇ ਸਿੱਖਿਆ ਦੇ ਮੁੱਦੇ ਨੂੰ ਪਹਿਲ ਦੇ ਆਧਾਰ ਉੱਪਰ ਸੁਧਾਰ ਕਰਨ ਲਈ ਵਚਨ ਦਿੱਤਾ ਹੈ। ਸਮਾਰਟ ਸਕੂਲ ਤਾਂ ਪਹਿਲੀ ਸਰਕਾਰ ਨੇ ਹੀ ਬਣਵਾਉਣੇ ਸ਼ੁਰੂ ਕਰ ਦਿੱਤੇ ਸੀ ।ਪਰ ਅਜੇ ਤੱਕ ਸਿੱਖਿਆ ਦੇ ਸੁਧਾਰ ਲਈ ਕੋਈ ਨਵੀਂ ਠੋਸ ਨੀਤੀ ਸਾਹਮਣੇ ਨਹੀਂ ਆਈ। ਉਪਰਲੀ ਪੋਚਾ ਪੋਚੀ ਜ਼ਿਆਦਾ ਕੀਤੀ ਜਾ ਰਹੀ ਹੈ, ਪਰ ਬੱਚਿਆਂ ਦੇ ਪੱਲ੍ਹੇ ਪਹਿਲਾਂ ਨਾਲੋਂ ਘੱਟ ਪੈਂਦਾ ਨਜ਼ਰ ਆ ਰਿਹਾ ਹੈ ।ਕਈ ਵਿਸ਼ੇ ਸਿੱਖਿਆ ਵਿਭਾਗ ਨੇ ਅਣਗੋਲੇ ਕੀਤੇ ਹੋਏ ਹਨ ਜਾਂ ਕੀਤੇ ਜਾ ਰਹੇ ਹਨ , ਜਿਨ੍ਹਾਂ ਦਾ ਬੱਚਿਆਂ ਲਈ ਬੌਧਿਕ ਵਿਕਾਸ ਵਧਾਉਣ 'ਚ ਅਹਿਮ ਰੋਲ ਹੈ।

ਡਰਾਇੰਗ, ਵਿਸ਼ਾ ਆਪਣੀ ਹੋਂਦ ਗੁਆਉਂਦਾ ਦਿਖਾਈ ਦਿੰਦਾ ਹੈ। ਸਰੀਰਕ ਸਿੱਖਿਆ ਵਿਸ਼ਾ ਵੀ ਆਪਸ਼ਨਲ ਬਣਾ ਦਿੱਤਾ ਹੈ। ਖੇਤੀਬਾੜੀ ਵਿਸ਼ੇ ਲਈ ਖੇਤੀਬਾੜੀ ਅਧਿਆਪਕ ਪਹਿਲਾਂ ਹੀ ਪੰਜਾਬ ਦੇ ਟਾਵੇਂ ਸਕੂਲਾਂ 'ਚ ਹੀ ਹਨ, ਨਵੀਂ ਭਰਤੀ ਲਈ ਕੋਈ ਸਰਕਾਰ ਦੀ ਤਜ਼ਵੀਜ਼ ਨਹੀਂ ਜਦੋਂ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਖੇਤੀ ਨਾਲ ਸਬੰਧਤ ਬਹੁਤ ਸਾਰੇ ਖੇਤਰ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਲਈ ਆਪਣਾ ਯੋਗਦਾਨ ਪਾ ਸਕਦੇ ਹਨ ਜੇਕਰ ਘੱਟੋ-ਘੱਟ ਪੇਂਡੂ ਬੱਚਿਆਂ ਨੂੰ ਤਾਂ ਖੇਤੀਬਾੜੀ ਵਿਸ਼ੇ ਦੀ ਪੜ੍ਹਾਈ ਕਰਨ ਪ੍ਰੇਰਿਆ ਜਾਵੇ। ਸਿੱਖਿਆ ਵਿਭਾਗ ਪਿਛਲੇ ਸਾਲਾਂ ਤੋਂ ਨਵੇਂ ਨਵੇਂ ਤਜ਼ਰਬੇ ਕਰਦਾ ਆ ਰਿਹਾ ਹੈ।ਸਿਲੇਬਸ ਵਿੱਚ ਸਮੇਂ ਦੀ ਲੋੜ ਅਨੁਸਾਰ ਤਬਦੀਲੀਆਂ ਹੁੰਦੀਆਂ ਆਈਆ ਹਨ। ਹਾਈ ਵਿਭਾਗ ਦੇ ਨਵੇਂ ਸਿਲੇਬਸ ਵਿੱਚ ਸਿੱਖਿਆ ਬੋਰਡ ਨੇ ਛੇ ਵਿਸ਼ੇ ਜਰੂਰੀ ਰੱਖ ਕੇ ਇੱਕ ਚੋਣਵਾ ਵਿਸ਼ਾ ਰੱਖਿਆ ਹੈ। ਇਸ ਚੋਣਵੇ ਵਿਸ਼ੇ ਲਈ ਪਹਿਲੇ 14 ਚੋਣਵੇਂ ਵਿਸ਼ੇ ਅਤੇ ਅੱਗੇ ਪ੍ਰੀ-ਵੋਕੇਸਨਲ ਕੈਟਾਗਰੀ ਵਿੱਚ 11 ਵਿਸ਼ੇ ਸਾਮਲ ਕੀਤੇ ਗਏ ਹਨ। ਸੰਗੀਤ ਵਿਸ਼ੇ ਨੂੰ ਪਹਿਲੇ ਚੋਣਵਿਆਂ ਵਿਸ਼ਿਆਂ ਵਿੱਚ ਸਾਮਲ ਕੀਤਾ ਗਿਆ ਹੈ।ਅੱਜ ਸੰਗੀਤ ਦੀ ਦੁਨੀਆਂ 'ਚ ਛੋਟੇ ਛੋਟੇ ਬੱਚੇ ਵੀ ਸਾਮਲ ਹੋ ਰਹੇ ਹਨ ਕਿਉਂ ਕਿ ਸੰਗੀਤ ਮਨ ਨੂੰ ਆਤਮਿਕ ਸਕੂਨ ਦੇਣ ਦੇ ਨਾਲ ਰੂਹ ਦੀ ਖ਼ੁਰਾਕ ਵੀ ਬਣਦਾ ਹੈ ਸਗੋਂ ਉਨ੍ਹਾਂ ਦੀ ਰੋਜ਼ੀ ਰੋਟੀ ਦਾ ਸਾਧਨ ਵੀ ਬਣਦਾ ਹੈ। ਚੰਗੇ ਸੰਗੀਤਕਾਰ, ਰਾਗੀ, ਗਾਇਕ ਆਦਿ ਲਈ ਸੰਗੀਤ ਵਿਦਿਆ ਦੀਆਂ ਬਾਰੀਕੀਆਂ ਦੀ ਜਾਣਕਾਰੀ ਹੋਣੀ ਜਰੂਰੀ ਹੈ। ਟੀ.ਵੀ ਚੈਨਲਾਂ ਤੇ ਬਹੁਤ ਸਾਰੇ ਮੁਕਾਬਲੇ ਦੇ ਪ੍ਰੋਗਰਾਮ ਗਾਇਕ ਬੱਚਿਆਂ ਅਤੇ ਨੋਜਵਾਨਾਂ ਲਈ ਚਲ ਰਹੇ ਹਨ ਜਿਨ੍ਹਾਂ 'ਚੋਂ ਚੁਣੇ ਗਾਇਕ ਆਪਣਾ ਜ਼ਿੰਦਗੀ ਦਾ ਕੈਰੀਅਰ ਸੰਗੀਤ ਨੂੰ ਬਣਾ ਚੁੱਕੇ ਹਨ। ਇਤਿਹਾਸ ਵਿੱਚ ਵੀ ਰਾਜੇ ਮਹਾਰਾਜਿਆਂ ਦੇ ਸਮੇਂ ਸੰਗੀਤ ਦੀ ਕਦਰ ਦੇਖਣ ਨੂੰ ਮਿਲਦੀ ਹੈ। ਸੰਗੀਤ ਨਾਲ ਮਨੁੱਖ ਨੂੰ ਘੱਟੋ ਘੱਟ ਕੁਝ ਪਲਾਂ




ਲਈ ਤਾਂ ਦਿਨ ਦੇ ਰੁਝੇਵਿਆਂ ਤੋਂ ਰਾਹਤ ਮਿਲ ਜਾਂਦੀ ਹੈ। ਪੰਜਾਬ ਅੰਦਰ ਸਿੱਖਿਆ ਦਾ ਮਿਆਰ ਡਿੱਗ ਰਿਹਾ ਹੈ। ਪਿਛਲੇ ਸਾਲਾਂ ਤੋਂ ਬੋਰਡ ਦੇ ਨਤੀਜੇ ਮਾੜੇ ਆਉਣ ਕਾਰਣ ਬੱਚੇ ਖੁਦਕਸ਼ੀਆਂ ਦੇ ਰਾਹ ਪੈ ਰਹੇ ਹਨ। ਸਮੇਂ ਦੀ ਲੋੜ ਅਨੁਸਾਰ ਸਿਲੇਬਸ਼ ਵਿਚਲੇ ਜਰੂਰੀ ਵਿਸ਼ਿਆਂ ਨੂੰ ਆਪਸ਼ਨਲ ਬਣਾਉਣ ਦੀ ਲੋੜ ਹੈ। ਬੱਚਿਆਂ ਦੀਆਂ ਰੁਚੀਆਂ ਮੁਤਾਬਕ ਉਨ੍ਹਾਂ ਨੂੰ ਪੜ੍ਹਨ ਲਈ ਬੋਰਡ ਵਲੋਂ ਸ਼ਾਮਲ ਸਾਰੇ ਵਿਸ਼ਿਆਂ ਦੇ ਅਧਿਆਪਕ ਹੀ ਨਹੀਂ, ਫਿਰ ਇਨ੍ਹਾਂ ਵਿਸ਼ਿਆਂ ਦੀ ਬੱਚਿਆ ਲਈ ਕੀ ਮਹੱਤਤਾ ਹੈ।ਪੰਜਾਬ ਅੰਦਰ ਭਾਵੇਂ ਸਿੱਖਿਆ ਵਿਭਾਗ ਵਲੋਂ ਸਕੂਲਾਂ ਅੰਦਰ ਸੰਗੀਤ ਵਿਸ਼ੇ ਨੂੰ ਸਿਲੇਬਸ ਵਿੱਚ ਸ਼ਾਮਲ ਕੀਤਾ ਗਿਆ ਹੈ ਪਰ ਸੰਗੀਤ ਅਧਿਆਪਕਾਂ ਦੀਆਂ ਆਸਾਮੀਆਂ ਸਿਰਫ ਚੋਣਵੇਂ ਸ਼ਹਿਰੀ ਸਕੂਲਾਂ ਅੰਦਰ ਹੀ ਦਿੱਤੀਆਂ ਗਈਆਂ ਹਨ। ਇਸ ਲਈ ਪਿੰਡਾਂ ਦੇ ਬੱਚਿਆਂ ਅੰਦਰਲੀ ਕਲਾ ਨੂੰ ਉਜਾਗਰ ਕਰਨ ਦਾ ਉਨ੍ਹਾਂ ਨੂੰ ਮੌਕਾ ਨਹੀਂ ਦਿੱਤਾ ਜਾਂਦਾ, ਹੋ ਸਕਦਾ ਇਨ੍ਹਾਂ ਵਿੱਚੋਂ ਕਿੰਨੇ ਹੀ ਬੱਚੇ ਸੰਗੀਤਕਾਰ ਬਣ ਸਕਦੇ ਹੋਣ।ਸਰਕਾਰ ਉਂਝ ਤਾਂ ਰੁਜਗਾਰ ਦੇ ਮੌਕੇ ਪੈਦਾ ਕਰਨ ਤੋਂ ਅਸਮਰੱਥ ਜਾਪਦੀ ਹੀ ਹੈ, ਜੋ ਮੌਕੇ ਆਪਣੇ ਆਪ ਹੀ ਬੱਚੇ ਨੂੰ ਮਿਲਦੇ ਹੋਣ ਉਨ੍ਹਾਂ ਨੂੰ ਸਾਰੇ ਬੱਚਿਆਂ ਨੂੰ ਦੇਣ ਵਿੱਚ ਕੀ ਹਰਜ਼ ਹੈ। ਛੇਵੀਂ ਤੋਂ ਅੱਠਵੀਂ ਤੱਕ ਸਿਲੇਬਸ ਵਿੱਚ ਸਿੱਖਿਆ ਬੋਰਡ ਵਲੋਂ ਸੰਗੀਤ (ਗਾਇਨ) ਅਤੇ ਸੰਗੀਤ ਵਾਦਨ ਵਿਸ਼ੇ ਹੋਰਾਂ ਵਿਸ਼ਿਆਂ ਨਾਲ ਸ਼ਾਮਲ ਕੀਤੇ ਗਏ ਹਨ ਪਰ ਸਕੂਲਾਂ ਵਿੱਚ ਪੜ੍ਹਾਉਣ ਲਈ ਸੰਗੀਤ ਅਧਿਆਪਕਾਂ ਦਾ ਕੋਈ ਪ੍ਰਬਧ ਹੀ ਨਹੀਂ। ਨੋਵੀਂ ਅਤੇ ਦਸਵੀਂ ਦੇ ਨਵੇਂ ਸਿਲੇਬਸ ਵਿੱਚ ਜਿਵੇਂ ਸੰਗੀਤ ਵਿਸ਼ੇ ਨੂੰ ਪਹਿਲੇ ਚੋਣਵਿਆਂ ਵਿਸ਼ਿਆਂ ਵਿੱਚ ਸਾਮਲ ਕੀਤਾ ਗਿਆ ਹੈ। ਪਰ ਸੰਗੀਤ ਅਧਿਆਪਕ ਦੀ ਆਸਾਮੀ ਸਾਰੇ ਸਕੂਲਾਂ 'ਚ ਨਹੀਂ ਹੈ। ਜਦੋਂ ਕਿ ਡਰਾਇੰਗ ਅਤੇ ਸਰੀਰਕ ਸਿੱਖਿਆ ਵਿਸ਼ੇ ਵੀ ਚੋਣਵੇਂ ਵਿਸ਼ਿਆਂ ਵਿੱਚ ਸਾਮਲ ਹਨ ਪਰ ਇਨ੍ਹਾਂ ਦੀਆਂ ਆਸਾਮੀਆਂ ਸਾਰੇ ਸਕੂਲਾਂ ਵਿੱਚ ਦਿੱਤੀਆਂ ਗਈਆਂ ਹਨ ਪਰ ਇਨ੍ਹਾਂ ਨੂੰ ਵੀ ਹੁਣ ਖਤਮ ਕਰਨ ਵੱਲ ਮਹਿਕਮਾ ਜਾ ਰਿਹਾ ਹੈ। ਹੋਰ ਚੋਣਵੇਂ ਵਿਸ਼ਿਆਂ ਦੇ ਅਧਿਆਪਕ ਸਕੂਲਾਂ ਵਿੱਚ ਨਾਂਮਾਤਰ ਹੀ ਹਨ।ਸਵੇਰ ਦੀ ਸਭਾ ਪ੍ਰਭਾਵਸ਼ਾਲੀ ਬਨਾਉਣ ਲਈ ਹਰੇਕ ਸਕੂਲ ਅੰਦਰ ਸੰਗੀਤ ਅਧਿਆਪਕ ਦੀ ਲੋੜ ਹੈ।ਬੱਚਿਆਂ ਦੇ ਪੜ੍ਹਾਈ ਦੇ ਬੋਝ ਨੂੰ ਦਿਮਾਗ ਤੋਂ ਹਲਕਾ ਕਰਨ ਲਈ ਡਰਾਇੰਗ ਵਿਸ਼ੇ ਦੀ ਤਰ੍ਹਾਂ ਸੰਗੀਤ ਇੱਕ ਲਾਹੇਵੰਦ ਵਿਸ਼ਾ ਹੈ। ਸੰਗੀਤਕ ਧੁਨੀਆਂ ਨਾਲ ਬੱਚੇ ਨੂੰ ਟਿਕਾਊ ਗਿਆਨ ਆਸਾਨੀ ਨਾਲ ਦਿੱਤਾ ਜਾ ਸਕਦਾ ਹੈ ਜੋ ਕਿ ਸੰਗੀਤ ਅਧਿਆਪਕ ਹੀ ਦੇ ਸਕਦਾ ਹੈ। ਇਸ ਤਰ੍ਹਾਂ ਦੀ ਕੋਸ਼ਿਸ਼ ਕਰਦੇ ਹੋਏ ਲੁਧਿਆਣੇ ਜਿਲ੍ਹੇ ਦੇ ਰਾਸਟਰੀ ਐਵਾਰਡ ਪ੍ਰਾਪਤ ਅਧਿਆਪਕ ਕਰਮਜੀਤ ਸਿੰਘ ਗਰੇਵਾਲ ਨੇ ਗੀਤਾਂ ਰਾਹੀਂ ਬੱਚਿਆਂ ਨੂੰ ਸਿੱਖਿਆ ਦੇਣ ਦਾ ਵਧੀਆ ਉਪਰਾਲਾ ਜਾਰੀ ਰੱਖਿਆ ਹੋਇਆ ਹੈ। ਉਨ੍ਹਾਂ ਦੇ ਗੀਤ ਸਿੱਖਿਆ ਵਿਭਾਗ ਵਲੋਂ ਸੰਗੀਤ ਦੀ ਮਹੱਤਤਾ ਸਮਝਦੇ ਹੋਏ ਐਜੂਸੈਟ ਪ੍ਰੋਗਰਾਮ ਵਿੱਚ ਬੱਚਿਆਂ ਨੂੰ ਸੁਣਾਏ ਜਾਂਦੇ ਹਨ। ਉਚੇਰੀ ਸਿੱਖਿਆ ਵਿੱਚ ਸੰਗੀਤ ਵਿਸ਼ੇ ਦੀ ਆਪਸ਼ਨ ਰੱਖੀ ਗਈ ਹੈ ਸੋ ਇਸ ਵਿਸ਼ੇ ਨਾਲ ਰੁਚੀ ਰੱਖਣ ਵਾਲੇ ਵਿਦਿਆਰਥੀਆਂ ਨਾਲ ਇਨਸਾਫ ਤਾਂ ਹੀ ਹੋ ਸਕਦਾ ਹੈ ਜੇ ਉਨ੍ਹਾਂ ਨੇ ਸਕੂਲੀ ਪੱਧਰ ਤੇ ਸੰਗੀਤ ਵਿਸ਼ਾ ਪੜ੍ਹਿਆ ਹੋਵੇਗਾ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਸਾਰੇ ਸਕੂਲਾਂ ਵਿੱਚ ਸੰਗੀਤ ਅਧਿਆਪਕਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਣ। ਹਰੇਕ ਕਲਾ ਦੇ ਖੇਤਰ ਵਿੱਚ ਬੱਚਾ ਕਾਮਯਾਬੀ ਪ੍ਰਾਪਤ ਕਰ ਸਕਦਾ ਹੈ। ਇਸ ਦੀ ਉਦਾਹਰਣ ਪੰਜਾਬ ਦੇ ਨਵੀਂ ਸਰਕਾਰ ਦੇ ਕਲਾਕਾਰ ਤੋਂ ਬਣੇ ਮੁੱਖ ਮੰਤਰੀ ਹਨ ਜਿਨ੍ਹਾਂ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਹੇਠਲੇ ਪੱਧਰ ਤੇ ਬੱਚਿਆਂ ਦੇ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸੰਗੀਤ ਅਧਿਆਪਕਾਂ ਦੀ ਭਰਤੀ ਕਰਕੇ ਬੱਚਿਆਂ ਦੇ ਮਨਾਂ ਤੋਂ ਔਖੇ ਵਿਸ਼ਿਆ ਦੇ ਡਰ ਨੂੰ ਘਟਾਉਣਾ ਚਾਹੀਦਾ ਹੈ ਤਾਂ ਕਿ ਸਿੱਖਿਆ ਦਾ ਮਿਆਰ ਵੀ ਉੱਚਾ ਹੋ ਸਕੇ। ਇਸੇ ਤਰ੍ਹਾਂ ਕਟਿੰਗ ਅਤੇ ਟੇਲਰਿੰਗ,ਖੇਤੀਬਾੜੀ ਸਰੀਰਕ ਸਿੱਖਿਆ ਆਦਿ ਹੋਰ ਵਿਸ਼ਿਆਂ ਦੇ ਅਧਿਆਪਕ ਸਾਰੇ ਸਕੂਲਾਂ 'ਚ ਦਿੱਤੇ ਜਾਣ ਤਾਂ ਜੋ ਬੱਚਿਆਂ ਦੀ ਰੁਚੀ ਮੁਤਾਬਕ ਉਨ੍ਹਾਂ ਨੂੰ ਸਿੱਖਿਆ ਮਿਲ ਸਕੇ। ਸਿੱਖਿਆ ਸੁਧਾਰਾਂ ਨੂੰ ਹੁਣ ਅਮਲੀ ਤੌਰ ਤੇ ਲਾਗੂ ਕਰਨ ਲਈ ਸਿੱਖਿਆ ਮੰਤਰੀ ਨੇ ਚੋਣਵੇਂ ਮੁੱਖ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਵਿਦੇਸ਼ ਭੇਜ ਕੇ ਉਥੇ ਸਿੱਖਿਆ ਸੈਮੀਨਾਰ ਅਟੈਂਡ ਕਰਨ ਲਈ ਵਧੀਆ ਉਪਰਾਲਾ ਕੀਤਾ ਹੈ। ਆਸ ਹੈ ਕਿ ਇਹ ਸਕੂਲ ਮੁੱਖੀ ਆਂਪਣੇ ਸਕੂ.ਲਾਂ ਅੰਦਰ ਜਰੂਰ ਬਦਲਾਅ ਲਿਆਉਣਗੇ ਅਤੇ ਬੱਚੇ ਇਸ ਦਾ ਲਾਹਾ ਲੈ ਸਕਣਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### ਗੁਰਪ੍ਰੀਤ ਘੁੱਗੀ 'ਚਲ ਸੋ ਚਲ' ਹੈ

ਜਿੰਨਾ ਸੰਘਰਸ਼ ਗੁਰਪ੍ਰੀਤ ਘੁੱਗੀ ਨੇ ਗੁਰਦਾਸਪੁਰ ਤੋਂ ਜਲੰਧਰ ਆਣ ਲਈ ਕੀਤਾ ਸੀ ਉਸਦਾ ਤਿੱਗਣਾ-ਚੌਗੁਣਾ ਫਲ ਉਸਨੂੰ ਮਿਲਿਆ ਹੈ। ਘੁੱਗੀ ਨੇ ਗੁਰਪ੍ਰੀਤ ਵੜੈਚ ਦੇ ਨਾਂਅ ਤੇ ਗੀਤ ਵੀ ਲਿਖੇ ਤੇ 'ਅਰਦਾਸ' ਜਿਹੀ ਗੰਭੀਰ ਫ਼ਿਲਮ ਵੀ ਕੀਤੀ । ਗਿੱਪੀ ਗਰੇਵਾਲ, ਕਰਮਜੀਤ ਅਨਮੋਲ, ਬੀਨੂ ਢਿੱਲੋਂ ਨਾਲ ਪੱਕੀ ਯਾਰੀ ਹੈ। ਰਾਜਨੀਤੀ ਦਾ ਸਵਾਦ ਵੀ ਚੱਖਿਆ ਹੈ ਤੇ



ਹੁਣ ਐਕਟਿੰਗ ਲਈ ਚਲ ਸੋ ਚਲ ਹੈ।

### ਸਤਵੰਤ ਸਾਜਨ ਤੇ ਸ਼ੈਲੀ ਦੀ ਮਿਹਨਤ

ਕਈ ਵਾਰ ਇਨਸਾਨ ਥੱਕ ਹਾਰ ਕਿ ਬਹਿ ਜਾਂਦਾ ਏ ਪਰ ਗਾਇਕ ਸਤਵੰਤ ਸਾਜਨ ਨੇ ਥਕਾਵਟ ਹੁੰਦੇ ਵੀ ਨਹੀਂ ਮਹਿਸੂਸ ਕੀਤੀ। ਹਾਲਾਂਕਿ ਦੋਗਾਣਾ ਗਾਇਕੀ 'ਚ ਉਹ ਕਮਾਲ ਕਰਦਾ ਹੈ ਸ਼ੈਲੀ ਸਾਜਨ ਨਾਲ ਪਰ ਬਜਟ ਤੇ ਘਰੇਲੂ ਹਾਲਾਤ ਕਾਰਣ ਗਾਣੇ ਲਈ ਪ੍ਰਚਾਰ ਹਿੱਤ ਪੈਸੇ ਦੀ ਘਾਟ ਨੇ ਉਸਦੀ ਗਾਇਕੀ ਦਬਾ ਕਿ ਰੱਖੀ ਹੈ। ਪਰ ਉਮੀਦ ਤੇ ਕਾਇਮ ਹੈ ਕਿ ਇੱਕ ਦਿਨ ਗੱਲ ਜਰੂਰ ਬਣੇਗੀ।

### 'ਹਾਸੇ ਦਾ ਮੜਾਸਾ' ਰੰਗਬਰੰਗੀਆਂ

ਅਮਰਪਾਲ ਦੇ ਨਿਰਦੇਸ਼ਨ 'ਚ ਬਣ ਰਹੀ ਕਮੇਡੀ ਫ਼ਿਲਮ 'ਹਾਸੇ ਦਾ ਮੜਾਸਾ' ਦੀ ਸ਼ੂਟਿੰਗ ਤਕਰੀਬਨ ਪੂਰੀ ਹੈ। ਇਸ ਫ਼ਿਲਮ ਦੇ ਸੈਟ ਤੇ ਪਾਸੇ ਚੁੱਪ-ਚਾਪ ਬੈਠਣ ਵਾਲੀ ਹੀਰੋਇਨ ਅੰਮ੍ਰਿਤਾ ਸੇਡੀ ਨੂੰ ਗੁਰਦੀਪ ਸੰਧੂ ਦੇ ਹਾਸੇ ਨੇ ਕਾਇਲ ਕੀਤਾ ਤੇ ਹੁਣ ਦੋਹਵੇਂ ਘਿਉ-ਖਿੱਚੜੀ ਹਨ। ਸੁਰਿੰਦਰ ਫਰਿਸ਼ਤਾ ਨੇ ਹੱਸ ਕਿ ਕਿਹਾ ਕਿ ਕਦੇ ਸਾਡੇ ਲਾਗੇ ਹੀਰੋਇਨਾਂ ਹੁੰਦੀਆਂ ਸਨ। ਹੁਣ ਸਾਨੂੰ ਹੀਰੋਇਨ ਲਾਗੇ ਜਾਣਾ ਪੈਂਦਾ ਹੈ। ਕੁਲ ਮਿਲਾ ਕਿ ਖੁਸ਼ਗਵਾਰ ਮਹੌਲ 'ਚ ਫ਼ਿਲਮ ਮੁਕੰਮਲ ਹੋਈ ਹੈ।





### 'ਮੌਜਾਂ ਹੀ ਮੌਜਾਂ' ਮਨੀਸ਼ ਸਾਹਨੀ ਨੂੰ

ਪਾਲੀਵੁੱਡ ਦਾ ਕਰਨ ਜੌਹਰ ਹੈ ਮਨੀਸ਼ ਸਾਹਨੀ, ਕਦੇ, 'ਕੈਰੀ-ਆਨ ਜੱਟਾ-3' ਦੀ ਪਾਰਟੀ ਤੇ ਕਦੇ 'ਮਸਤਾਨੇ' ਦਾ ਪ੍ਰਚਾਰ, 'ਬਿਲ ਬੈਂਡ ਚਲੇ ਇੰਗਲੈਂਡ' ਤੇ ਹੁਣ 'ਮੌਜਾਂ ਹੀ ਮੌਜਾਂ' ਉਹਨਾਂ ਰਿਲੀਜ਼ ਕਰਨੀ ਹੈ।

ਗਿੱਪੀ ਹੋਏ ਜਾਂ ਕਾਰਜ ਗਿੱਲ, ਨੀਰੂ ਬਾਜਵਾ ਜਾਂ ਪ੍ਰੀਤੋ ਸਾਹਨੀ ਸਭ ਦੀਆਂ ਫਿਲਮਾਂ ਮਨੀਸ਼ ਸਾਹਨੀ ਦੀ ਮਿਹਨਤ ਨਾਲ ਦੁਨੀਆਂ ਭਰ 'ਚ ਜਾਂਦੀਆਂ ਹਨ।





### ਸੀਮਾ ਅਨਜਾਣ ਪਰ ਸੁਰ ਦੀ ਜਾਨ

ਮੁੜ ਧੂਮ-ਧਾਮ ਨਾਲ ਗਾਇਕੀ ਖੇਤਰ 'ਚ ਸੀਮਾ ਅਨਜਾਣ ਆ



ਰਹੀ ਹੈ । ਇਕੱਲੀ ਸੀਮਾ ਨੇ ਕੌਰ.ਬੀ., ਰਣਜੀਤ ਕੌਰ, ਨਿਮਰਤ ਖਹਿਰਾ, ਜਸਵਿੰਦਰ ਬਰਾੜ ਦੀ ਤਰ੍ਹਾਂ ਔਰਤ ਗਾਇਕੀ 'ਚ ਥਾਂ ਬਣਾਈ ਤੇ ਹੁਣ ਉਹ ਮੁੜ ਸਰਗਰਮ ਹੋਈ ਹੈ ਤੇ ਇਸ ਵਾਰ ਧਾਰਮਿਕ ਗਾਇਕੀ 'ਚ ਸਤਿਕਾਰ ਹਾਸਿਲ ਕਰਨਾ ਉਸਦਾ ਮਕਸਦ ਹੈ।

### ਰਾਜ ਕੀਤਾ ਹੈ – ਉਪਾਸਨਾ ਸਿੰਘ ਨੇ

ਜਲੰਧਰ ਟੀ.ਵੀ. ਦੇ ਨਾਟਕਾਂ ਦੀ ਹੀਰੋਇਨ ਉਪਾ-ਸਨਾ ਸਿੰਘ ਚੋਟੀ ਦੀ ਪਾਲੀਵੁੱਡ ਨਾਇਕਾ ਰਹੀ ਹੈ ਤੇ ਹੁਣ ਵੀ ਕਮੇਡੀ ਕਿਰਦਾਰ ਕਰਦੀ ਹੈ । ਹੁਣ ਉਹ ਫਿਲਮ ਡਾਇਰੈਕਟਰ ਬਣ ਸਫ਼ਲ ਹੋਣਾ ਚਾਹੁੰਦੀ ਹੈ ਤੇ ਨਾਲ ਹੀ ਆਪਣੇ ਬੇਟੇ ਨੂੰ ਹੀਰੋ ਬਣਾ ਰਹੀ ਹੈ । ਉਪਾਸਨਾ ਸਿੰਘ ਨੇ ਹੁਸ਼ਿਆਰਪੁਰ ਦਾ ਨਾਂਅ ਉੱਚਾ ਕੀਤਾ ਹੈ । ਸਾਬਾਸ਼ ਉਪਾਸਨਾ।

# ਪੰਜਾਬੀ ਭਾਸ਼ਾ ਦਾ ਸੇਵਕ, ਵਾਰਿਸ ਭਰਾਵਾਂ ਦਾ ਧਰਮੀ ਖ਼ੂਨ, ਭਾਸ਼ਾਵਾਂ ਬਾਰੇ ਦਿੱਲੀ ਸਰਕਾਰ ਦਾ ਸਲਾਹਕਾਰ; ਦੀਪਕ ਬਾਲੀ







ਦੀਪਕ ਬਾਲੀ ਕਲਾ, ਪੰਜਾਬੀ ਸੰਗੀਤ, ਮਾਂ ਬੋਲੀ ਦੇ ਪ੍ਰੇਮੀਆਂ ਲਈ ਜਾਣ ਪਹਿਚਾਣ ਵਾਲਾ ਨਾਮ ਹੈ ਤੇ ਇਹ ਦੀਪਕ ਬਾਲੀ ਅੱਜ ਦਿੱਲੀ ਸਰਕਾਰ ਦਾ ਭਾਸ਼ਾਵਾਂ ਤੇ ਸੱਭਿਆਚਾਰ ਬਾਬਤ ਸਲਾਹਕਾਰ ਹੈ। ਸਿਆਸੀ ਨਜ਼ਰੀਏ ਤੋਂ ਦੇਖੋ ਤਾਂ ਆਮ ਆਦਮੀ ਪਾਰਟੀ ਪੰਜਾਬ ਵਿੱਚ ਉੱਚ ਸਥਾਨ ਤੇ ਇਥੋਂ ਤੱਕ ਕਿ ਹਿਮਾਚਲ ਚੋਣ ਦੌਰਾਨ ਓਹ ਮੀਡੀਆ ਇੰਚਾਰਜ ਸੀ।ਵਪਾਰਕ ਨਜ਼ਰੀਏ ਤੋ ਓਹ ਘਰ ਪਰਿਵਾਰ ਲਈ ਸਥਾਪਿਤ ਆਰਥਿਕਤਾ ਕਰ ਚੁੱਕਾ ਏ ਤੇ ਸੰਗੀਤ ਖੇਤਰ ਵਿੱਚ ਮਨਮੋਹਨ ਵਾਰਿਸ, ਕਮਲ ਹੀਰ ਦੀ ਸਮੁੱਚੀ ਸੰਗੀਤ ਪ੍ਰਣਾਲੀ ਦਾ ਧੁਰਾ ਦੀਪਕ ਬਾਲੀ ਹੈ। ਪਲਾਸਮਾ ਰਿਕਾਰਡ ਕੰਪਨੀ ਦਾ ਮੁੱਖੀ ਦੀਪਕ ਬਾਲੀ ਓਸ ਵਕਤ ਤੋਂ ਜਾਣੂ ਜਦ ਵਾਰਿਸ ਭਰਾ ਵਿਦੇਸ਼ ਤੋਂ ਦੇਸ਼ ਆ ਕਿ ਪ੍ਰੋਗਰਾਮ ਕਰਨ ਲੱਗੇ ਤੇਦੀਪਕ ਬਾਲੀ ਜੋਤੀ ਚੌਂਕ ਜਲੰਧਰ ਵਾਲੇ ਦਫਤਰ ਦਾ ਇੰਚਾਰਜ ਬਣਿਆ ਤੇ ਇਥੋਂ ਹੀ ਦੀਪਕ ਦੀ ਕਾਮਯਾਬੀ, ਵਾਰਿਸ ਭਰਾ ਦੀ ਕਾਮਯਾਬੀ ਸ਼ੁਰੂ ਹੁੰਦੀ ਹੈ।ਓਹ ਸਮਾਂ ਯਾਦ ਕਰੋ ਤਾਂ ਜਵਾਬ ਸੀ ਕਿ ਮਿੱਠਾ ਸਮਾਂ ਸੀ, ਪੱਤਰਕਾਰ ਵੀਰਾਂ ਨਾਲ ਬੈਠਣਾ ਮਨਮੋਹਨ ਵਾਰਿਸ ਦੇ ਬਾਬਤ ਗੱਲਾਂ ਹੋਣੀਆਂ, ਸਾਰੇ ਮੈਗਜ਼ੀਨ ਵਾਲੇ ਆਪਣੇ ਬਣ ਗਏ ਹਰੇਕ ਨੂੰ ਖਾਲੀ ਨਹੀਂ ਮੋੜਿਆ ਤੇ ਦੂਰਦਰਸ਼ਨ ਜਲੰਧਰ ਤੇ ਪ੍ਰੋਗਰਾਮ ਆਪਣੇ ਸ਼ੁਰੂ ਕੀਤੇ। ਪ੍ਰਾਯੋਜਿਤ ਪ੍ਰੋਗਰਾਮਾਂ ਦੀ ਬਾਂਹ ਫੜੀ ਤੇ ਪਾਰ ਲਾਇਆ। ਅੱਜ ਦੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਜੀ, ਜਰਨੈਲ ਘੁਮਾਣ ,ਹਰਬਜਨ ਸ਼ੇਰਾ ਤੇ ਮੈ ਜੋਤੀ ਚੌਂਕ ਜਲੰਧਰ ਆਏ ਵਾਰਿਸ ਦੇ ਦਫਤਰ ਤਾਂ ਦੀਪਕ ਬਾਲੀ ਨੇ ਸੇਵਾ ਵਾਲੀ ਕਸਰ ਨਹੀਂ ਛੱਡੀ। ਦੀਪੋਂਕ ਨੇ ਨਾਲ ਹੀ ਨਿੱਕੀ ਜਿਹੀ ਵਿਤ ਕੰਪਨੀ ਸ਼ੁਰੂ ਕੀਤੀ। ਓਹਨਾਂ ਮਾਤਾ ਪਿਤਾ ਦਾ ਸਤਕਾਰ ਕਰਨ ਦੀ ਗੱਲ ਕਰਨੀ ਤੇ ਤੇ ਫਿਰ ਦੀਪਕ ਦੀ ਭੈਣ ਅਲਕਾ; ਵੀਰ ਨੀਰਜ ਸਥਾਪਿਤ ਹੋ ਗਏ। ਦੀਪਕ ਨੇ ਦਫਤਰ ਗੁਰਮੀਤ ਸਿੰਘ ਨੂੰ ਸੌਂਪ ਆਪ ਵਾਰਿਸ ਭਰਾਵਾਂ ਨਾਲ ਵਿਦੇਸ਼ ਦੇ ਟੂਰ ਕੀਤੇ। ਗੱਲ ਕੀ ਸੰਗੀਤ ਟਰੈਕ ਰਲੀਜ਼ ਕਰਨ ਦੀ ਯੋਜਨਾ, ਦੀਪਕ ਬਾਲੀ ਦੀ ਖਾਸੀਅਤ ਰਹੀ। ਦੀਪਕ ਬਾਲੀ ਦਾ ਸਬ ਤੋ ਖਾਸ ਕੰਮ ਪੰਜਾਬੀ ਬੋਲੀ, ਭਾਸ਼ਾ ਲਈ ਦਿਨ ਰਾਤ ਇੱਕ, ਪੰਜਾਬ ਜਾਗ੍ਰਿਤੀ ਮੰਚ ਵਲੋਂ ਪੰਜਾਬੀ ਬੋਲੀ ਲਈ ਕਮਾਲ ਦਾ ਯੋਗਦਾਨ ਦੀਪਕ ਬਾਲੀ ਦਾ ਹੈ। ਹੁਣ ਮੌਜੂਦਾ ਸਰਕਾਰ ਵਿੱਚ ਬੋਲੀ ਤੇ ਸੱਭਿਆਚਾਰ ਲਈ ਓਹ ਯੋਗਦਾਨ ਦੇ ਰਿਹਾ ਸਰਕਾਰ ਤੋਂ ਬੋਲੀ ਦੇ ਉੱਨਤ ਲਈ ਕਾਰਜ ਕੰਮ ਕਰਵਾ ਰਿਹਾ ਹੈ। ਦੀਪਕ ਨਾਲ ਗੱਲਾਂ ਚਲਦੀਆਂ ਤਾਂ ਗੱਲ ਸਾਹਮਣੇ ਆਉਂਦੀ ਏ ਕਿ ਸਕੂਟਰ ਤੇ ਚਲ ਕਿ ਜੋਤੀ ਚੌਂਕ ਤੋਂ ਬੱਸ ਸਟੈਂਡ ਜਲੰਧਰ ਕਿਸੇ ਪਤਰਕਾਰ ਦੇ ਸੱਦੇ ਤੇ ਆਉਣਾ ਮਨਮੋਹਨ ਵਾਰਿਸ ਦੇ ਲਈ ਘਾਲਣਾ ਸੀ। ਫਿਰ ਦਫਤਰ ਬੈਠ ਅੱਗੇ ਵਧਣ ਦੀਆਂ ਯੋਜਨਾਵਾਂ ਤੇ ਅੱਜ ਦੀਪਕ ਬਾਲੀ ਸਫਲ ਉੱਦਮੀ, ਕਲਾ, ਸੰਗੀਤ, ਭਾਸ਼ਾ ਪੰਜਾਬੀ ਤੇ ਸੱਭਿਆਚਾਰ ਦਾ ਦੂਤ ਬਣ ਸਰਕਾਰ ਦਰਬਾਰ ਤੱਕ ਸਤਿਕਾਰਤ ਜਗ੍ਹਾ ਤੇ ਹੈ।ਪਤਨੀ ਸੋਨੀਆ ਦਾ ਅਥਾਹ ਤੇ ਅਪਾਰ ਯੋਗਦਾਨ ਦੀਪਕ ਬਾਲੀ ਦੀ ਕਾਮਯਾਬੀ ਦਾ ਰਾਜ਼ ਹੈ। ਦੀਪਕ ਬਾਲੀ ਯਾਰ ਅਣਮੁੱਲੇ ਜਿਹਾ ਹੀਰਾ, ਕੰਮ ਲਈ ਵਫ਼ਾਦਾਰੀ ਤੇ ਵਾਰਿਸ ਭਰਾਵਾਂ ਦਾ ਧਰਮੀ ਖ਼ੂਨ ਹੈ ਦੀਪਕ ਬਾਲੀ ਤੇ ਅੱਜ ਵੀ ਦੀਵਾਲੀ ਤੇ ਓਹ ਯਾਦ ਕਰ ਮਿੱਤਰਾਂ ਨੂੰ ਤੋਹਫ਼ੇ ਦੇਣਾ ਨਹੀਂ ਭੁੱਲਦਾ ਹਾਲਾਂ ਕਿ ਇਸ ਜਗ੍ਹਾ ਤੇ ਪਹੁੰਚ ਲੋਕ ਫ਼ੋਨ ਨਹੀਂ ਚੁੱਕਦੇ। ਪੰਜਾਬ ਦੇ ਕਿਸੇ ਵੀ ਗਾਇਕ, ਸੰਗੀਤਕਾਰ, ਸੱਭਿਆਚਾਰ ਪ੍ਰੇਮੀ ਤੇ ਪੰਜਾਬੀ ਫ਼ਿਲਮਾਂ ਵਾਲਿਆਂ ਨੂੰ ਪੁੱਛ ਲਓ ਦੀਪਕ ਬਾਲੀ ਜਵਾਬ ਮਿਲੇਗਾ ਵਾਹ ਮਾਹਰਾਜ ਪੰਜਾਬੀ ਭਾਸ਼ਾ ਲਈ ਸਮਰਪਿਤ, ਮਨਮੋਹਨ ਵਾਰਿਸ,ਕਮਲ ਹੀਰ ਦੇ ਪਰਦੇ ਪਿੱਛੇ ਦਾ ਹੀਰੋ ਹੈ ਦੀਪਕ ਬਾਲੀ ਆ ਰਹੇ ਸਮੇਂ ਵਿੱਚ ਬਹੁਤ ਦੂਰ ਤੱਕ ਜਾਣ ਦੀਆਂ ਸੰਭਾਵਨਾਵਾਂ ਹਨ।

– ਅੰਮ੍ਰਿਤ ਪਵਾਰ

# ਪ੍ਰਿੰ. ਮਨਜੀਤ ਕੌਰ ਵੱਲੋਂ ਸੁਖਮਨ ਸਿੰਘ ਦੀ ਪੁਸਤਕ "ਰੁਮਾਲ ਦੇ ਧਾਗੇ" ਲੋਕ ਅਰਪਣ

**ਮਹਿਲਪੁਰ–** ਲਾਗਲੇ ਪਿੰਡ ਖੜੋਦੀ ਦੇ ਨੌਜਵਾਨ ਸਾਹਿਤਕਾਰ ਦਾ ਕਾਵਿ ਸੰਗ੍ਰਹਿ 'ਰੁਮਾਲ ਦੇ ਧਾਗੇ' ਪ੍ਰਿੰਸੀਪਲ ਮਨਜੀਤ ਕੌਰ ਐਮ ਡੀ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਲੋਕ ਅਰਪਣ ਕੀਤਾ ਗਿਆ। ਉਹਨਾਂ ਪੁਸਤਕ ਨੂੰ ਜਾਰੀ ਕਰਦਿਆਂ ਕਿਹਾ ਕਿ ਸੁਖਮਨ ਸਿੰਘ ਨੇ ਬੜੀ ਛੋਟੀ ਉਮਰ ਵਿਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਉਹ ਇੱਕੋ ਵੇਲੇ ਸਾਹਿਤਕਾਰ, ਕਲਾਕਾਰ, ਚਿੱਤਰਕਾਰ ਅਤੇ ਅਦਾਕਾਰ ਦੀ ਭੂਮਿਕਾ ਨਿਭਾ ਸਕਦਾ ਹੈ। ਲੋਕ ਅਰਪਣ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਬੱਗਾ ਸਿੰਘ ਆਰਟਿਸਟ ਅਤੇ ਲੇਖਕ ਬਲਜਿੰਦਰ ਮਾਨ ਨੇ ਕਿਹਾ ਕਿ ਉਹਨਾਂ ਨੂੰ ਬਹੁਤ ਮਾਣ ਹੈ ਕਿ ਇਲਾਕੇ ਵਿੱਚੋਂ ਇਹੋ ਜਿਹੇ ਨੌਜਵਾਨ ਕਲਾ ਦੇ ਖੇਤਰ ਵਿਚ ਉੱਭਰ ਰਹੇ ਹਨ। ਸੁਖਮਨ ਸਿੰਘ ਵੱਲੋਂ ਸਿਰਜੀ ਗਈ ਇਹ ਦੂਸਰੀ ਪੁਸਤਕ ਹੈ । ਇਸ ਤੋਂ ਇਲਾਵਾ ਉਹ ਕੁਝ ਪੁਸਤਕਾਂ ਦਾ ਸੰਪਾਦਨ ਵੀ ਕਰ ਚੁੱਕਾ ਹੈ। ਕਲਾ ਅਤੇ ਸਾਹਿਤ ਜਗਤ ਵਿਚ ਉਹ ਇਕ ਚਮਕਦਾ ਸਿਤਾਰਾ ਬਣ ਰਿਹਾ ਹੈ। ਅੱਜ-ਕੱਲ ਮਲਟੀ ਮੀਡੀਆ ਦੇ ਖੇਤਰ ਵਿੱਚ ਖੋਜ ਕਾਰਜ ਕਰਨ ਵਿੱਚ ਜੁਟਿਆ ਹੋਇਆ ਹੈ। ਡਾ. ਬਲਵੀਰ ਕੌਰ ਰੀਹਲ



ਨੇ ਆਪਣੇ ਇਸ ਵਿਦਿਆਰਥੀ ਤੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਉਸ ਨੂੰ ਇਸ ਵਿਦਿਆਰਥੀ ਤੋਂ ਬਹੁਤ ਉਮੀਦਾਂ ਹਨ। ਸੁਖਮਨ ਸਿੰਘ ਨੇ ਆਪਣੀ ਸਿਰਜਣ ਪ੍ਰਕਿਰਿਆ ਬਾਰੇ ਬੋਲਦਿਆਂ ਕਿਹਾ ਕਿ ਉਹ ਅੱਜ ਜੋ ਕੁਝ ਵੀ ਹੈ ਆਪਣੀ ਮਾਤਾ ਜੀ ਦੀ ਪ੍ਰੇਰਨਾ ਸਦਕਾ ਹੈ। ਸਾਹਿਤਕ ਖੇਤਰ ਵਿੱਚ ਸਫਲਤਾ ਦੀ ਰਾਹ ਦਿਖਾਉਣ ਵਾਸਤੇ ਉਹ ਮਾਨ ਪਰਿਵਾਰ ਦਾ ਵਿਸ਼ੇਸ਼ ਰਿਣੀ ਹੈ। ਇਸ ਮੌਕੇ ਉਸ ਦੇ ਪਰਿਵਾਰਕ ਮੈਂਬਰ ਕੁਲਵੀਰ ਸਿੰਘ, ਰਾਜ ਬਹਾਦਰ ਕੋਰ, ਕਰਨਜੀਤ ਸਿੰਘ, ਹਰਜੋਤ ਸਿੰਘ ਅਤੇ ਮਾਤਾ ਰਣਵੀਰ ਕੌਰ ਹਾਜਰ ਸਨ। ਇਸ ਸਮਾਰੋਹ ਵਿਚ ਨਿੱਕਿਆ ਕਰੂੰਬਲਾਂ ਪਾਠਕ ਮੰਚ ਦੇ ਚਰਨਜੀਤ ਕੌਰ, ਹਰਵੀਰ ਮਾਨ, ਹਰਮਨਪ੍ਰੀਤ ਕੌਰ, ਕੈਂਚਲ ਸਿੰਘ ਬੈਂਸ, ਸਨੀ ਹੀਰ ਲੰਗੇਰੀ, ਪਵਨ ਸਕਰੂਲੀ , ਨਿਧੀ ਅਮਨ ਸਹੋਤਾ ਸਮੇਤ ਸਾਹਿਤ ਪ੍ਰੇਮੀ ਸ਼ਾਮਲ ਹੋਏ । ਸਭ ਦਾ ਧੰਨਵਾਦ ਕਰਦਿਆਂ ਕੁਲਦੀਪ ਕੌਰ ਬੈਂਸ ਨੇ ਕਿਹਾ ਕਿ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਦਾ ਉਦੇਸ਼ ਨਵੀਆਂ ਕਲਮਾਂ ਨੂੰ ਉਤਸ਼ਾਹਿਤ ਕਰਨਾ ਅਤੇ ਨੈਤਿਕਤਾ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਹੈ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop





# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR
## and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust